ਐਤਵਾਰ, 10 ਨਵੰਬਰ, 2024

25 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 160

# ਨਵਾਂ ਜ਼ਮਾਨਾ

DAILY NAWAN ZAMANA • SUNDAY, 10 NOVEMBER, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਕੈਨੇਡਾ ਦੇ ਸੁਫਨੇ ਲੈਣ ਵਾਲਿਆਂ 'ਤੇ ਡਿੱਗੀ ਇੱਕ ਹੋਰ ਬਿਜ

## ਵਿਦਿਆਰਥੀਆਂ ਲਈ ਐੱਸ ਡੀ ਐੱਸ ਸਕੀਮ ਬੰਦ

**ਓਟਵਾ :** ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਲਈ ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ ਡੀ ਐੱਸ) ਵੀਜ਼ਾ ਪ੍ਰੋਗਰਾਮ ਫੌਰੀ ਤੌਰ 'ਤੇ ਬੰਦ ਕਰ ਦਿੱਤਾ ਹੈ। ਭਾਰਤ, ਬ੍ਰਾਜ਼ੀਲ, ਚੀਨ, ਕੋਲੰਬੀਆ, ਕੋਸਟਾਰੀਕਾ, ਮੋਰੱਕੋ, ਪਾਕਿਸਤਾਨ, ਪੇਰੂ, ਫਿਲਪੀਨਜ਼ ਤੇ ਵੀਅਤਨਾਮ ਸਮੇਤ 14 ਦੇਸ਼ਾਂ ਦੇ ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਅਰਜ਼ੀਆਂ ਦੇ ਨਬੇੜੇ ਨੂੰ ਤੇਜ਼ ਕਰਨ ਲਈ ਇਮੀਗ੍ਰੇਸ਼ਨ, ਰਫਿਊਜ਼ੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ) ਵੱਲੋਂ 2018 'ਚ ਇਹ ਪ੍ਰੋਗਰਾਮ ਲਾਗੂ ਕੀਤਾ ਗਿਆ ਸੀ। ਕੈਨੇਡਾ ਸਰਕਾਰ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਇਸ ਪਹਿਲਕਦਮੀ ਨੂੰ 'ਪ੍ਰੋਗਰਾਮ ਦੀ ਇਕਸਾਰਤਾ ਨੂੰ ਮਜ਼ਬੂਤ ਕਰਨ, ਵਿਦਿਆਰਥੀਆਂ ਦੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਅਤੇ ਸਾਰੇ ਵਿਦਿਆਰਥੀਆਂ ਨੂੰ ਅਰਜ਼ੀ ਪ੍ਰਕਿਰਿਆ ਤੱਕ ਬਰਾਬਰ ਤੇ ਨਿਰਪੱਖ ਪਹੁੰਚ ਪ੍ਰਦਾਨ ਕਰਨ' ਲਈ ਬੰਦ ਕੀਤਾ ਜਾ ਰਿਹਾ ਹੈ। 8 ਨਵੰਬਰ ਨੂੰ ਦੁਪਹਿਰ 2 ਵਜੇ ਤੱਕ ਪ੍ਰਾਪਤ ਹੋਈਆਂ ਅਰਜ਼ੀਆਂ 'ਤੇ ਹੀ ਕਾਰਵਾਈ ਕੀਤੀ ਜਾਵੇਗੀ, ਜਦੋਂ ਕਿ ਉਸ ਤੋਂ ਬਾਅਦ ਦੀਆਂ ਸਾਰੀਆਂ ਅਰਜ਼ੀਆਂ 'ਤੇ ਨਿਯਮਤ ਅਧਿਐਨ ਪਰਮਿਟ ਸਟ੍ਰੀਮ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ। ਐੱਸ ਡੀ ਐੱਸ ਵੀਜ਼ਾ ਅਰਜ਼ੀ ਦਾ ਨਬੇੜਾ ਤਿੰਨ-ਚਾਰ ਹਫਤਿਆਂ ਵਿੱਚ ਹੋ ਜਾਂਦਾ ਹੈ, ਜਦਕਿ ਨਾਰਮਲ ਪ੍ਰੋਸੈੱਸ ਅੱਠ ਤੋਂ ਬਾਰਾਂ ਹਫਤੇ ਲੈ ਲੈਂਦਾ ਹੈ।

ਇਸ ਤੋਂ ਪਹਿਲਾਂ ਮਲਟੀਪਲ ਐਂਟਰੀ ਵੀਜ਼ਿਆਂ ਬਾਰੇ ਆਪਣੀ ਨੀਤੀ 'ਚ ਵੱਡਾ ਬਦਲਾਅ ਕਰਦਿਆਂ ਕੈਨੇਡਾ ਸਰਕਾਰ ਨੇ ਪਿਛਲੇ ਦਿਨੀਂ 10 ਸਾਲਾਂ ਦੇ ਟੂਰਿਸਟ ਵੀਜ਼ੇ ਜਾਰੀ ਕਰਨੇ ਬੰਦ ਕਰ ਦਿੱਤੇ ਸਨ। ਇਸ ਕਾਰਨ ਕੈਨੇਡਾ ਆਉਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ 'ਚ ਇਮੀਗ੍ਰੇਸ਼ਨ ਅਧਿਕਾਰੀ ਆਪਣੇ ਪੱਧਰ 'ਤੇ ਇਹ ਫੈਸਲਾ ਕਰ ਸਕਣਗੇ ਕਿ ਸਿੰਗਲ ਐਂਟਰੀ ਜਾਂ ਮਲਟੀਪਲ ਐਂਟਰੀ ਵੀਜ਼ਾ ਜਾਰੀ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਅਧਿਕਾਰੀ ਇਹ ਵੀ ਤੈਅ ਕਰਨਗੇ ਕਿ ਇਹ ਵੀਜ਼ਾ ਕਿੰਨੇ ਸਮੇਂ ਲਈ ਜਾਰੀ ਕੀਤਾ ਜਾਣਾ ਚਾਹੀਦਾ ਹੈ। ਪਹਿਲਾਂ ਇਸ ਦੀ ਵੱਧ ਤੋਂ ਵੱਧ ਵੈਧਤਾ 10 ਸਾਲ ਜਾਂ ਯਾਤਰਾ ਦਸਤਾਵੇਜ਼ ਜਾਂ ਬਾਇਓਮੈਟ੍ਰਿਕ ਦੀ ਮਿਆਦ ਪੁੱਗਣ ਤੱਕ ਸੀ।

ਨੀਤੀਗਤ ਤਬਦੀਲੀ ਦਾ ਉਦੇਸ਼ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਰਿਹਾਇਸ਼ ਦੀ ਘਾਟ, ਰਹਿਣ-ਸਹਿਣ ਦੀ ਉੱਚ ਕੀਮਤ ਅਤੇ ਮਨਜ਼ੂਰੀ ਰੇਟਿੰਗਾਂ 'ਚ ਗਿਰਾਵਟ ਨੂੰ ਲੈ ਕੇ ਲੋਕਾਂ ਦੇ ਗੁੱਸੇ ਨੂੰ ਘਟਾਉਣਾ ਸਮਝਿਆ ਜਾਂਦਾ ਹੈ। ਟਰੂਡੋ ਨੇ ਇਹ ਵੀ ਐਲਾਨ ਕੀਤਾ ਕਿ ਉਹ ਅਸਥਾਈ ਅਤੇ ਸਥਾਈ ਇਮੀਗ੍ਰੇਸ਼ਨ ਨੂੰ ਘਟਾ ਰਹੇ ਹਨ।

### ਕੈਨੇਡਾ 'ਚ ਖਾਲਿਸਤਾਨ ਸਮਰਥਕ ਮੌਜੂਦ, ਪਰ ਸਿੱਖਾਂ ਦੇ ਨੁਮਾਇੰਦੇ ਨਹੀਂ : ਟਰੂਡੋ

*ਮੋਦੀ ਦੇ ਵੀ ਸਮਰਥਕ ਹਨ, ਪਰ ਹਿੰਦੂਆਂ ਦੇ ਨੁਮਾਇੰਦੇ ਨਹੀਂ*



**ਓਟਵਾ :** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਲਕ ਦੀ ਰਾਜਧਾਨੀ ਓਟਵਾ ਸਥਿਤ ਪਾਰਲੀਮੈਂਟ ਹਿੱਲ ਵਿਖੇ ਦੀਵਾਲੀ ਦੇ ਜਸ਼ਨ ਦੌਰਾਨ ਕਿਹਾ ਕਿ ਕੈਨੇਡਾ ਵਿਚ ਖਾਲਿਸਤਾਨ ਸਮਰਥਕ ਹਨ, ਪਰ ਇਹ ਸਿੱਖ ਕੌਮ ਦੀ ਪ੍ਰਤੀਨਿਧਤਾ ਨਹੀਂ ਕਰਦੇ। ਟਰੂਡੋ ਨੇ ਕਿਹਾ ਕਿ ਕੈਨੇਡਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਸਾਰੇ ਹਿੰਦੂ ਸਮਰਥਕ ਹਨ, ਪਰ ਫਿਰ ਵੀ ਉਹ ਇੱਥੇ ਸਮੁੱਚੇ ਹਿੰਦੂ ਭਾਈਚਾਰੇ ਦੀ ਪ੍ਰਤੀਨਿਧਤਾ ਨਹੀਂ ਕਰਦੇ।

ਤਿੰਨ ਨਵੰਬਰ ਨੂੰ ਕੈਨੇਡਾ ਦੇ ਬਰੈਂਪਟਨ 'ਚ ਹਿੰਦੂ ਸਭਾ ਮੰਦਰ 'ਤੇ ਕੱਟੜਪੰਥੀਆਂ ਨੇ ਹਮਲਾ ਕੀਤਾ ਸੀ। ਉਨ੍ਹਾਂ ਔਰਤਾਂ ਅਤੇ ਬੱਚਿਆਂ ਨੂੰ ਵੀ ਸ਼ਿਕਾਰ ਬਣਾਇਆ ਸੀ। ਇਸ ਹਮਲੇ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਵਿਆਪਕ ਰੋਸ ਫੈਲ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਮਲੇ ਦੀ ਨਿੰਦਾ ਕੀਤੀ। 6 ਨਵੰਬਰ ਨੂੰ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨਜ਼ 'ਚ ਹਿੰਸਾ ਦੀ ਨਿੰਦਾ ਕੀਤੀ। ਉਨ੍ਹਾ ਕਿਹਾ ਕਿ ਇਸ ਲਈ ਹਿੰਦੂ ਅਤੇ ਸਿੱਖ ਭਾਈਚਾਰਿਆਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ। ਹਿੰਸਾ ਕਰਨ ਵਾਲੇ ਲੋਕ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੀ ਨੁਮਾਇੰਦਗੀ ਨਹੀਂ ਕਰਦੇ।

# ਲੋਕਾਂ ਖਿਲਾਫ਼ ਜੰਗ ਨੂੰ ਲੋਕ ਹੀ ਹਰਾ ਸਕਦੇ ਨੇ : ਅਰੁੰਧਤੀ ਰਾਏ

**☛ ਲੋਕਾਂ ਦੀ ਆਵਾਜ਼ ਬਣਨਾ ਹੀ ਮੀਡੀਆ ਦਾ ਫਰਜ਼ ਹੁੰਦੈ : ਪ੍ਰਬੀਰ ☛ ਹਰਦੇਵ ਅਰਸ਼ੀ ਨੇ ਲਹਿਰਾਇਆ ਗ਼ਦਰੀ ਝੰਡਾ ☛ ਝੰਡੇ ਦੇ ਗੀਤ ਨੇ ਗੱਡੇ ਝੰਡੇ**





**ਜਲੰਧਰ (ਕੇਸਰ)**-ਮੇਲਿਆਂ ਦੀ ਧਰਤੀ ਪੰਜਾਬ ਦੇ ਸ਼ਹਿਰ ਜਲੰਧਰ ਲੱਗਿਆ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ ਸ਼ਨੀਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਤੀਜੇ ਤੇ ਆਖ਼ਰੀ ਦਿਨ 'ਚ ਸ਼ਾਮਲ ਹੋਇਆ।

ਹਰਦੇਵ ਅਰਸ਼ੀ ਵੱਲੋਂ ਝੰਡਾ ਲਹਿਰਾਏ ਜਾਣ ਮੌਕੇ ਉਹਨਾ ਨਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਮੇਲੇ 'ਚ ਪੁੱਜੇ ਸਮੂਹ ਕਮੇਟੀ ਮੈਂਬਰ ਸ਼ਾਮਲ ਸਨ। ਇਸ ਮੌਕੇ ਸਾਮਰਾਜਵਾਦ-ਮੁਰਦਾਬਾਦ! ਫ਼ਿਰਕੂ ਫਾਸ਼ੀ ਹੱਲਾ ਮੁਰਦਾਬਾਦ! ਗ਼ਦਰੀ ਬਾਬਿਆਂ ਦਾ ਪੈਗ਼ਾਮ, ਜਾਰੀ ਰੱਖਣਾ ਹੈ ਸੰਗਰਾਮ! ਨਾਅਰੇ ਗੂੰਜਦੇ ਰਹੇ ਤੇ ਗ਼ਦਰੀ ਝੰਡੇ 'ਤੇ ਫੁੱਲਾਂ ਦੀ ਵਰਖਾ ਹੁੰਦੀ ਰਹੀ।

ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੀ ਆਇਆਂ ਨੂੰ ਸ਼ਬਦ ਕਹਿੰਦੇ ਹੋਏ ਕਿਹਾ ਕਿ ਦੇਸ਼ ਭਗਤ ਯਾਦਗਾਰ ਲੋਕਾਂ ਦਾ ਹੈ। ਇਹ ਮੇਲਾ ਵੀ ਲੋਕਾਂ ਦੁਆਰਾ ਲੋਕਾਂ ਲਈ ਹੈ। ਉਹਨਾ ਕਿਹਾ ਕਿ ਮੇਲਾ ਹਰ ਸਾਲ ਨਵੀਆਂ ਪਿਰਤਾਂ ਪਾ ਰਿਹਾ ਹੈ। ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਗ਼ਦਰ ਪਾਰਟੀ ਦੇ ਮੂਲ ਪ੍ਰੋਗਰਾਮ, ਉਦੇਸ਼ਾਂ ਅਤੇ ਅਧੂਰੇ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਹੀ ਅੱਜ ਦਾ ਮੇਲਾ ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲੋਕ ਲਹਿਰਾਂ ਨੂੰ ਸਮਰਪਤ ਕੀਤਾ ਗਿਆ ਹੈ। ਉਹਨਾ ਕਿਹਾ ਕਿ ਸਾਮਰਾਜ ਅਤੇ ਫ਼ਿਰਕਾਪ੍ਰਸਤੀ ਵਿਰੋਧੀ ਸਾਰੀਆਂ ਜਮਹੂਰੀ ਤਾਕਤਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦਾ ਪ੍ਰੋਗਰਾਮ ਅੱਜ ਹੋਰ ਵੀ ਪ੍ਰਸੰਗਕ ਹੈ। ਉਹਨਾ ਕਿਹਾ ਕਿ ਦਿਨੋ-ਦਿਨ ਤੇਜ਼ ਹੋ ਰਿਹਾ ਆਰਥਕ ਅਤੇ ਫ਼ਿਰਕੂ ਫਾਸ਼ੀ ਹੱਲਾ ਸਾਡਾ ਧਿਆਨ ਖਿੱਚਦਾ ਹੈ ਤੇ ਸਾਨੂੰ ਜਾਗਣ ਦੀ ਲੋੜ ਹੈ।

33ਵੇਂ ਮੇਲੇ 'ਤੇ ਅਮੋਲਕ ਸਿੰਘ ਦਾ ਲਿਖਿਆ, ਸੱਤਪਾਲ ਬੰਗਾ (ਪਟਿਆਲਾ) ਦਾ ਨਿਰਦੇਸ਼ਤ ਕੀਤਾ ਝੰਡੇ ਦਾ ਗੀਤ-ਸੰਗੀਤ ਓਪੇਰਾ, 'ਮੇਲਾ ਕੀ ਕਹਿੰਦੈ' ਕੋਈ 100 ਕਲਾਕਾਰਾਂ ਨੇ ਜਦੋਂ ਪੇਸ਼ ਕੀਤਾ ਤਾਂ ਇੱਕ ਵਾਰ ਤਾਂ ਸਮਾਂ ਬੰਨ੍ਹ ਦਿੱਤਾ। ਪੌਣਾ ਘੰਟਾ ਲੋਕ ਟਿਕਟਿਕੀ ਲਗਾ ਕੇ ਦੇਖਦੇ ਅਤੇ ਵਾਰ-ਵਾਰ ਤਾੜੀਆਂ ਗੂੰਜਾਉਂਦੇ ਰਹੇ। ਇਸ ਸੈਸ਼ਨ ਦੇ ਮੰਚ ਸੰਚਾਲਕ ਅਤੇ ਝੰਡੇ ਦੇ ਗੀਤ ਦੇ ਲੇਖਕ ਅਮੋਲਕ ਸਿੰਘ ਨੇ ਵਰਕਸ਼ਾਪ ਵਿੱਚ ਸ਼ਾਮਲ ਕਲਾਕਾਰ ਮੁੰਡੇ-ਕੁੜੀਆਂ ਦੀ ਮਿਹਨਤ ਅਤੇ ਪਰਵਾਰਾਂ ਦੇ ਸਾਥ ਦੀ ਤਾਰੀਫ਼ ਕਰਦਿਆਂ ਉਹਨਾਂ ਦੀ ਤੇ ਉਹਨਾਂ ਦੇ ਪਰਵਾਰਾਂ ਦੀ ਭੂਮਿਕਾ ਦਾ ਸਨਮਾਨ ਕੀਤਾ।

ਵਿਸ਼ਵ ਪ੍ਰਸਿੱਧ ਵਿਦਵਾਨ ਅਰੁੰਧਤੀ ਰਾਏ ਨੇ ਆਪਣੀ ਤਕਰੀਰ ਦੀ ਸ਼ੁਰੂਆਤ ਪੰਜਾਬ ਦੀ ਸੰਘਰਸ਼ਸ਼ੀਲ ਧਰਤੀ ਨੂੰ ਸਲਾਮ ਕਰਦਿਆਂ ਕੀਤੀ। ਉਨ੍ਹਾ ਕਿਹਾ ਕਿ ਦਿੱਲੀ ਕਿਸਾਨ ਅੰਦੋਲਨ ਹੋਵੇ, ਚਾਹੇ ਮੇਰੇ ਉਪਰ ਯੂ ਏ ਪੀ ਏ ਲਗਾ ਕੇ ਜੇਲ੍ਹ ਸੁੱਟਣ ਦੇ ਯਤਨ ਨੂੰ ਨਾਕਾਮ ਕਰਨ ਲਈ ਵੀ ਪੰਜਾਬ ਦੀ ਆਵਾਜ਼ ਨੇ ਲਾ-ਮਿਸਾਲ ਭੂਮਿਕਾ ਨਿਭਾਈ। ਉਹਨਾ ਕਿਹਾ ਕਿ ਅੱਜ ਪੇਸ਼ ਹੋਇਆ ਗੀਤ ਨਾਟ ਓਪੇਰਾ 'ਝੰਡੇ ਦੇ ਗੀਤ' ਨੇ ਮੈਨੂੰ ਐਨਾ ਪ੍ਰਭਾਵਿਤ ਕੀਤਾ ਕਿ ਮੈਂ ਸਾਰਾ ਸਮਾਂ ਰੋਂਦੀ ਅਤੇ ਸੋਚਦੀ ਰਹੀ ਕਿ ਫ਼ਲਸਤੀਨ ਬਾਰੇ ਹਰੇਕ ਕੋਈ ਆਵਾਜ਼ ਨਹੀਂ ਉਠਾਉਂਦਾ, ਜਿਵੇਂ ਗੀਤ ਵਿੱਚ ਬੁਲੰਦ ਆਵਾਜ਼ ਉਠਾਈ ਗਈ। ਅਰੁੰਧਤੀ ਨੇ ਕਿਹਾ ਕਿ ਸਾਡੇ ਮੁਲਕ ਦੇ ਇਕੋ ਵੇਲੇ ਦੋ ਤਾਲ਼ੇ ਖੋਲ੍ਹੇ ਗਏ, ਇੱਕ ਬਾਬਰੀ ਮਸਜਦ ਦਾ ਅਤੇ ਦੂਜਾ ਸਾਮਰਾਜੀ ਬਹੁ-ਕੌਮੀ ਕੰਪਨੀਆਂ ਲਈ ਆਰਥਕ ਲੁੱਟ ਕਰਨ ਦੀਆਂ ਖੁੱਲ੍ਹਾਂ ਦਾ। ਉਹਨਾ ਜ਼ੋਰ ਦੇ ਕੇ ਕਿਹਾ ਕਿ ਫ਼ਿਰਕੂ ਫਾਸ਼ੀ ਹੱਲਾ ਫੇਰ ਹੀ ਕਾਮਯਾਬ ਹੁੰਦਾ ਹੈ, ਜਦੋਂ ਲੋਕ-ਦੋਖੀ ਤਾਕਤਾਂ ਲੋਕਾਂ ਨੂੰ ਗੁੰਮਰਾਹ ਕਰਕੇ ਮੂਲਵਾਦੀ ਤਾਕਤਾਂ ਉਸ ਜੰਗ ਵਿੱਚ ਹਿੱਸੇਦਾਰ ਬਣਾਉਣ ਲੱਗ ਜਾਂਦੀਆਂ ਹਨ।

ਮੇਲੇ ਦੇ ਦੂਸਰੇ ਮੁੱਖ ਵਕਤਾ ਡਾ. ਪ੍ਰਬੀਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਡੇ ਮੀਡੀਆ 'ਨਿਊਜ਼ ਕਲਿੱਕ' ਦੀ ਆਵਾਜ਼ ਬੰਦ ਕਰਨ ਦੀ ਇਸ ਕਰਕੇ ਕੋਸ਼ਿਸ਼ ਕੀਤੀ ਗਈ, ਕਿਉਂਕਿ ਉਹ ਲੋਕਾਂ ਦੀ ਆਵਾਜ਼ ਬਣਨ ਲਈ ਹਮੇਸ਼ਾ ਹੀ ਸੁਹਿਰਦ ਰਿਹਾ ਹੈ। ਸਥਾਪਤੀ ਨੂੰ ਅਕਸਰ ਹੀ ਇਹ ਭੁਲੇਖਾ ਹੁੰਦਾ ਹੈ ਕਿ ਮੀਡੀਆ ਉਹੀ ਕਹੇ, ਜੋ ਉਨ੍ਹਾਂ ਨੂੰ ਪ੍ਰਵਾਨ ਹੁੰਦਾ ਹੈ, ਪਰ ਇੰਜ ਨਹੀਂ ਹੁੰਦਾ ਹੈ। ਮੈਂ ਪਹਿਲਾਂ ਐਮਰਜੈਂਸੀ ਦੇ ਦੌਰ ਵਿੱਚ ਵੀ ਹਕੂਮਤੀ ਹੱਲੇ ਦਾ ਸ਼ਿਕਾਰ ਹੋਇਆ ਤੇ ਹੁਣ ਵਾਲੀ ਹਕੂਮਤ ਨੇ ਵੀ ਮੇਰੀ ਕਲਮ ਨੂੰ ਨਿਸ਼ਾਨਾ ਬਣਾਇਆ। ਇਹ ਵਰਤਾਰਾ ਦਰਸਾਉਂਦਾ ਹੈ ਕਿ ਮੋਦੀ ਹਕੂਮਤ ਦਾ ਬਦਲ ਕੋਈ ਵੀ ਹਾਕਮ ਜਮਾਤੀ ਗਠਜੋੜ ਨਹੀਂ, ਸਿਰਫ਼ ਲੋਕ ਹੀ ਇਸ ਦਾ ਬਦਲ ਹੋ ਸਕਦੇ ਹਨ।

ਇਸ ਸੈਸ਼ਨ 'ਚ ਖਾਲਸਾ ਸਕੂਲ ਗੜ੍ਹਦੀਵਾਲਾ ਦੇ ਗੁਰਪਿੰਦਰ ਸਿੰਘ ਅਤੇ ਸਾਥੀਆਂ ਤੋਂ ਇਲਾਵਾ ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਨੇ ਗੀਤਾਂ ਦਾ ਰੰਗ ਭਰਿਆ।

ਸ਼ਾਮ 4 ਵਜੇ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ ਖੇਤੀ, ਪਾਣੀ ਅਤੇ ਵਾਤਾਵਰਣ ਸੰਕਟ ਉਪਰ ਕਮੇਟੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਿਚਾਰ-ਚਰਚਾ ਦੀ ਸ਼ੁਰੂਆਤ ਕੁਲਦੀਪ ਵਾਲੀਆ ਦੀ ਕਵਿਤਾ ਨਾਲ ਹੋਈ। ਵਿਚਾਰ-ਚਰਚਾ ਵਿੱਚ ਕਮੇਟੀ ਮੈਂਬਰ ਜਗਰੂਪ, ਕੁਲਵੰਤ ਸਿੰਘ ਸੰਧੂ, ਸੀਤਲ ਸਿੰਘ ਸੰਘਾ, ਰਮਿੰਦਰ ਪਟਿਆਲਾ, ਵਿਜੈ ਬੰਬੇਲੀ ਅਤੇ ਡਾ. ਪਰਮਿੰਦਰ ਸ਼ਾਮਲ ਸਨ। ਇਨ੍ਹਾਂ ਚਿੰਤਕਾਂ ਨੇ ਪੰਜਾਬ ਦੇ ਡੂੰਘੇ ਹੁੰਦੇ ਜਾ ਰਹੇ ਕਿਸਾਨੀ ਦੇ ਸੰਕਟ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਚੜ੍ਹੀ ਸਰਕਾਰ ਦੇ ਨਾਂਹ-ਪੱਖੀ ਰਵੱਈਏ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਇਸ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਲੋੜ ਤੋਂ ਜ਼ਿਆਦਾ ਹੋ ਰਹੀ ਖਪਤ ਲਈ ਸਰਕਾਰ ਦੇ ਨਹਿਰੀ ਪਾਣੀ ਨਾ ਮੁਹੱਈਆ ਕਰਾਉਣ ਨੂੰ ਕਿਸਾਨੀ ਨੂੰ ਬਦਨਾਮ ਕਰਨ ਵਾਲੀ ਸਾਜ਼ਿਸ਼ ਦਾ ਹਿੱਸਾ ਦੱਸਿਆ। ਜ਼ਹਿਰੀਲੀ ਹੁੰਦੀ ਜਾ ਰਹੀ ਮਿੱਟੀ ਤੋਂ ਇਨਸਾਨੀ ਸਿਹਤ 'ਤੇ ਪੈਂਦੇ ਅਤਿਅੰਤ ਬੁਰੇ ਪ੍ਰਭਾਵ ਨੂੰ ਉਭਾਰਦਿਆਂ ਉਨ੍ਹਾਂ ਵਾਤਾਵਰਨ ਦੀ ਸੰਭਾਲ ਲਈ ਜ਼ਿੰਮੇਵਾਰ ਸੰਸਥਾਵਾਂ ਨੂੰ ਵਧੇਰੇ ਸੰਵੇਦਨਸ਼ੀਲ ਹੋਣ ● ਬਾਕੀ ਸਫ਼ਾ 2 'ਤੇ

### ਮੋਦੀ ਨੇ ਚੋਣ ਰੈਲੀ 'ਚ ਰਾਮ ਮੰਦਰ ਚੇਤੇ ਕਰਾਇਆ

**ਅਕੋਲਾ (ਮਹਾਰਾਸ਼ਟਰ) :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਕਿਹਾ ਕਿ ਜਿੱਥੇ ਵੀ ਕਾਂਗਰਸ ਦੀ ਸਰਕਾਰ ਬਣਦੀ ਹੈ, ਉਹ ਰਾਜ ਪਾਰਟੀ ਦੇ 'ਸ਼ਾਹੀ ਪਰਵਾਰ' ਦਾ ਏ ਟੀ ਐੱਮ ਬਣ ਜਾਂਦਾ ਹੈ। ਇਥੇ ਭਾਜਪਾ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ—ਅਸੀਂ ਮਹਾਰਾਸ਼ਟਰ ਨੂੰ ਕਾਂਗਰਸ ਦਾ ਏ ਟੀ ਐੱਮ ਨਹੀਂ ਬਣਨ ਦੇਵਾਂਗੇ। ਉਨ੍ਹਾ ਦਾਅਵਾ ਕੀਤਾ ਕਿ ਮਹਾਰਾਸ਼ਟਰ ਚੋਣਾਂ ਲਈ ਕਰਨਾਟਕ 'ਚ ਸ਼ਰਾਬ ਦੇ ਕਾਰੋਬਾਰ ਤੋਂ 700 ਕਰੋੜ ਰੁਪਏ ਦੀ ਉਗਰਾਹੀ ਕੀਤੀ ਗਈ ਹੈ। ਇਸੇ ਤਰ੍ਹਾਂ ਤਿਲੰਗਾਨਾ ਅਤੇ ਹਿਮਾਚਲ ਵੀ ਸ਼ਾਹੀ ਪਰਵਾਰ ਦੇ ਏ ਟੀ ਐੱਮ ਬਣ ਚੁੱਕੇ ਹਨ। ਉਨ੍ਹਾ ਕਿਹਾ—2019 'ਚ ਅੱਜ ਦੇ ਦਿਨ, ਦੇਸ਼ ਦੀ ਸੁਪਰੀਮ ਕੋਰਟ ਨੇ ਰਾਮ ਮੰਦਰ ਬਾਰੇ ਆਪਣਾ ਫੈਸਲਾ ਦਿੱਤਾ। 9 ਨਵੰਬਰ ਦੀ ਇਹ ਤਰੀਕ ਇਸ ਲਈ ਵੀ ਯਾਦ ਰੱਖੀ ਜਾਵੇਗੀ, ਕਿਉਂਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਹਰ ਧਰਮ ਦੇ ਲੋਕਾਂ ਨੇ ਬਹੁਤ ਸੰਵੇਦਨਸ਼ੀਲਤਾ ਦਿਖਾਈ ਸੀ।

### 120 ਲੱਖ ਟਨ ਤੋਂ ਵੱਧ ਝੋਨੇ ਦੀ ਖਰੀਦ

**ਨਵੀਂ ਦਿੱਲੀ :** ਐੱਫ ਸੀ ਆਈ ਅਤੇ ਸੂਬਾ ਏਜੰਸੀਆਂ ਨੇ ਪੰਜਾਬ 'ਚ 8 ਨਵੰਬਰ ਤੱਕ 27,995 ਕਰੋੜ ਰੁਪਏ ਦੇ 120.67 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਹੈ। ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 8 ਨਵੰਬਰ ਤੱਕ 126.67 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋਈ ਸੀ। ਇਸ ਵਾਰ 4,839 ਮਿੱਲ ਮਾਲਕਾਂ ਨੇ ਝੋਨੇ ਦੀ ਸ਼ੈਲਿੰਗ ਲਈ ਅਰਜ਼ੀਆਂ ਦਿੱਤੀਆਂ ਹਨ ਅਤੇ ਪੰਜਾਬ ਰਾਜ ਸਰਕਾਰ ਵੱਲੋਂ 4,743 ਮਿੱਲਰਾਂ ਨੂੰ ਪਹਿਲਾਂ ਹੀ ਕੰਮ ਅਲਾਟ ਕੀਤਾ ਜਾ ਚੁੱਕਾ ਹੈ।

### ਲੜਾਈ 'ਚ 3 ਮਰੇ

**ਗੜ੍ਹਸ਼ੰਕਰ :** ਮੋਰਾਂਵਾਲੀ ਪਿੰਡ 'ਚ ਦੋ ਧਿਰਾਂ ਵਿਚਾਲੇ ਝੜਪ 'ਚ 3 ਲੋਕਾਂ ਦੀ ਮੌਤ ਹੋ ਗਈ ਤੇ ਕਈ ਜ਼ਖਮੀ ਹੋ ਗਏ। ਪੁਰਾਣੀ ਰੰਜਿਸ਼ ਕਾਰਨ ਇਹ ਝਗੜਾ ਹੋਇਆ ਦੱਸਿਆ ਗਿਆ ਹੈ। ਮਰਨ ਵਾਲੇ 2 ਨੌਜਵਾਨ ਮੋਰਾਂਵਾਲੀ ਤੇ ਇਕ ਬੰਗਾ ਦਾ ਵਸਨੀਕ ਦੱਸਿਆ ਜਾ ਰਿਹਾ ਹੈ।

### ਤਿੰਨ ਡੱਬੇ ਪਟੜੀਓਂ ਉਤਰੇ

**ਹਾਵੜਾ :** ਸਿਕੰਦਰਾਬਾਦ-ਸ਼ਾਲੀਮਾਰ ਐੱਕਸਪ੍ਰੈੱਸ ਦੇ ਤਿੰਨ ਡੱਬੇ ਨਲਪੁਰ ਸਟੇਸ਼ਨ ਨੇੜੇ ਪਟੜੀ ਤੋਂ ਉਤਰ ਗਏ। ਅਧਿਕਾਰੀਆਂ ਨੇ ਕਿਹਾ ਕਿ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ, ਸੁਰੱਖਿਆ ਕਰਮੀ ਅਤੇ ਹੋਰ ਅਧਿਕਾਰੀ ਮੌਕੇ 'ਤੇ ਪੁੱਜ ਗਏ ਹਨ।

# ਚੱਬੇਵਾਲ ਦਾ ਨਕਸ਼ਾ ਬਦਲ ਦੇਵਾਂਗੇ : ਕੇਜਰੀਵਾਲ, ਮਾਨ



**ਚੰਡੀਗੜ੍ਹ, ਹੁਸ਼ਿਆਰਪੁਰ (ਗੁਰਜੀਤ ਬਿੱਲਾ, ਓ ਪੀ ਰਾਣਾ)**-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੱਬੇਵਾਲ ਵਿੱਚ 'ਆਪ' ਉਮੀਦਵਾਰ ਇਸ਼ਾਂਕ ਚੱਬੇਵਾਲ ਲਈ ਚੋਣ ਪ੍ਰਚਾਰ ਕੀਤਾ। ਦੋਵੇਂ ਆਗੂਆਂ ਨੇ ਜੀਆਂ ਵਿੱਚ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।ਕੇਜਰੀਵਾਲ ਨੇ ਕਿਹਾ ਕਿ ਦੇਸ਼ ਦੇ ਕਰੀਬ 20 ਰਾਜਾਂ ਵਿੱਚ ਭਾਜਪਾ ਦੀ ਸਰਕਾਰ ਹੈ ਅਤੇ ਬਾਕੀ ਰਾਜਾਂ ਵਿੱਚ ਹੋਰ ਪਾਰਟੀਆਂ ਦੀ ਸਰਕਾਰ ਹੈ। ਆਮ ਆਦਮੀ ਪਾਰਟੀ ਦੀ ਦੋ ਥਾਵੇਂ ਪੰਜਾਬ ਅਤੇ ਦਿੱਲੀ ਵਿੱਚ ਸਰਕਾਰ ਹੈ ਅਤੇ ਦੋਵੇਂ ਥਾਵਾਂ 'ਤੇ ਲੋਕਾਂ ਦੇ ਜ਼ੀਰੋ ਬਿਜਲੀ ਦੇ ਬਿੱਲ ਆਉਂਦੇ ਹਨ ਅਤੇ 24 ਘੰਟੇ ਬਿਜਲੀ ਮਿਲਦੀ ਹੈ, ਜਦੋਂ ਕਿ ਦੂਜੇ ਰਾਜਾਂ ਵਿੱਚ ਬਿਜਲੀ ਬਹੁਤ ਮਹਿੰਗੀ ਹੈ, ਮੁਫ਼ਤ ਬਿਜਲੀ ਹੋਣਾ ਇੱਕ ਚਮਤਕਾਰ ਵਰਗਾ ਹੈ।

ਕੇਜਰੀਵਾਲ ਨੇ ਲੋਕਾਂ ਨੂੰ ਕਿਹਾ ਕਿ ਜੇਕਰ ਡਾਕਟਰ ਇਸ਼ਾਂਕ ਇਤਿਹਾਸਕ ਬਹੁਮਤ ਨਾਲ ਜਿਤ ਗਏ ਤਾਂ ਤੁਹਾਡੇ ਸਾਰੇ ਕੰਮ ਪੂਰੇ ਹੋ ਜਾਣਗੇ। ਉਹਨਾ ਵਾਅਦਾ ਕੀਤਾ ਕਿ ਇਲਾਕੇ ਵਿੱਚ ਇੱਕ ਆਈ ਟੀ ਆਈ-ਪੋਲੀਟੈਕਨਿਕ ਕਾਲਜ ਬਣਾਇਆ ਜਾਵੇਗਾ। ਇੱਥੋਂ ਦੇ ਲੋਕਾਂ ਨੂੰ ਬਿਸਤ ਦੁਆਬ ਨਹਿਰ ਦਾ ਕੋਈ ਲਾਭ ਨਹੀਂ ਮਿਲਦਾ, ਅਸੀਂ ਇੱਥੋਂ ਦੇ ਕਿਸਾਨਾਂ ਨੂੰ ਵੀ ਉਸ ਨਹਿਰ ਤੋਂ ਪਾਣੀ ਦੇਣ ਦਾ ਪ੍ਰਬੰਧ ਕਰਾਂਗੇ। ਖੇਤੀ ਆਧਾਰਤ ਅਤੇ ਔਰਤਾਂ ਆਧਾਰਿਤ 'ਲਘੂ ਉਦਯੋਗਾਂ' ਲਈ ਨਵੀਂ ਨੀਤੀ ਬਣਾਈ ਜਾਵੇਗੀ, ਤਾਂ ਜੋ ਇੱਥੇ ਵੱਧ ਤੋਂ ਵੱਧ ਉਦਯੋਗ ਆਉਣ ਅਤੇ ਸਾਡੇ ਬੱਚਿਆਂ ਨੂੰ ਵੱਧ ਤੋਂ ਵੱਧ ਨੌਕਰੀਆਂ ਮਿਲ ਸਕਣ। ਖੇਡਾਂ ਲਈ ਲੋੜੀਂਦੇ ਸਾਰੇ ਸਟੇਡੀਅਮ ਇੱਥੇ ਬਣਾਏ ਜਾਣਗੇ। ਇਸ ਨਾਲ ਨੌਜਵਾਨਾਂ ਨੂੰ ਨਸ਼ਾ ਛੱਡਣ ਵਿੱਚ ਵੀ ਮਦਦ ਮਿਲੇਗੀ। ਆਦਮਪੁਰ ਤੋਂ ਗੜ੍ਹਸ਼ੰਕਰ ਜਾਣ ਵਾਲੀ ਸੜਕ ਦਾ ਨਾਂਅ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਅ 'ਤੇ ਰੱਖਿਆ ਜਾਵੇਗਾ ਅਤੇ ਗੁਰੂ ਘਰਾਂ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਨੂੰ 18 ਫੁੱਟ ਚੌੜਾ ਕੀਤਾ ਜਾਵੇਗਾ, ਤਾਂ ਜੋ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਦਿੱਕਤ ਨਾ ਆਵੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਵਿੱਤ ਮੰਤਰੀ ਪੰਜ ਸਾਲ ਇਹੀ ਕਹਿੰਦੇ ਰਹੇ ਕਿ ਖ਼ਜ਼ਾਨਾ ਖ਼ਾਲੀ ਹੈ। ਉਨ੍ਹਾ ਸਵਾਲ ਕੀਤਾ ਕਿ ਇਨ੍ਹਾਂ ਨਾ ਤਾਂ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ, ਨਾ ਸੜਕਾਂ ਬਣਾਈਆਂ, ਨਾ ਹੀ ਚੰਗੇ ਹਸਪਤਾਲ, ਸਕੂਲ-ਕਾਲਜ ਬਣਾਏ, ਫਿਰ ਖ਼ਜ਼ਾਨਾ ਖ਼ਾਲੀ ਕਿਵੇਂ ਹੋ ਗਿਆ? ਅਸਲ ਵਿੱਚ ਉਨ੍ਹਾਂ ਦੇ ਇਰਾਦੇ ਖ਼ਾਲੀ ਸਨ। ਉਹ ਕੰਮ ਕਰਨਾ ਹੀ ਨਹੀਂ ਚਾਹੁੰਦੇ ਸਨ।ਪ੍ਰਤਾਪ ਸਿੰਘ ਬਾਜਵਾ 'ਤੇ ਹਮਲਾ ਕਰਦਿਆਂ ਮਾਨ ਨੇ ਕਿਹਾ ਕਿ ਉਨ੍ਹਾ ਲੋਕ ਨਿਰਮਾਣ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਪੰਜਾਬ 'ਚ ਸਭ ਤੋਂ ਵੱਧ ਟੋਲ ਪਲਾਜ਼ੇ ਲਗਾਏ ਹਨ। ਅਸੀਂ 16 ਟੋਲ ਬੰਦ ਕੀਤੇ ਹਨ, ਜਿਸ ਕਾਰਨ ਲੋਕਾਂ ਨੂੰ ਹਰ ਰੋਜ਼ 62 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ। ਉਨ੍ਹਾ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਹਮਲਾ ਬੋਲਦਿਆਂ ਕਿਹਾ ਕਿ ਉਹ ਅਤੇ ਉਨ੍ਹਾ ਦਾ ਪਰਵਾਰ ਕਦੇ ਵੀ ਲੋਕਾਂ ਦੇ ਨਾਲ ਨਹੀਂ ਖੜ੍ਹਾ। ਉਹ ਮੁਗ਼ਲ ਸਾਮਰਾਜ ਦੌਰਾਨ ਮੁਗ਼ਲਾਂ ਦੇ ਨਾਲ ਸਨ, ਅੰਗਰੇਜ਼ਾਂ ਦੇ ਰਾਜ ਦੌਰਾਨ ਅੰਗਰੇਜ਼ਾਂ ਦੇ ਨਾਲ ਸਨ।ਅਕਾਲੀ ਰਾਜ ਵੇਲੇ ਅਕਾਲੀ ਦਲ ਦੇ ਨਾਲ ਸਨ, ਕਾਂਗਰਸ ਦੀ ਸਰਕਾਰ ਵੇਲੇ ਉਸ ਦੇ ਨਾਲ ਅਤੇ ਹੁਣ ਭਾਜਪਾ ਨਾਲ ਹਨ। ਉਨ੍ਹਾ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੀ ਨਿਸ਼ਾਨਾ ਸਾਧਿਆ।

# ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪੱਕੇ ਮੁਲਾਜ਼ਮਾਂ ਦੇ ਬਰਾਬਰ ਮੰਨਣ ਦਾ ਹੁਕਮ

**■ ਲੱਖਾਂ ਵਰਕਰਾਂ ਦੀ ਵੱਡੀ ਕਾਨੂੰਨੀ ਜਿੱਤ**

**ਅਹਿਮਦਾਬਾਦ :** ਦੇਸ਼ ਭਰ ਦੀਆਂ ਲੱਖਾਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਫਾਇਦਾ ਪਹੁੰਚਾਉਣ ਵਾਲੇ ਇਕ ਅਹਿਮ ਫੈਸਲੇ 'ਚ ਗੁਜਰਾਤ ਹਾਈ ਕੋਰਟ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਇਨ੍ਹਾਂ ਆਂਗਨਵਾੜੀ ਵਰਕਰਾਂ ਨਾਲ ਸਿਵਲ ਅਹੁਦਿਆਂ 'ਤੇ ਨਿਯਮਤ ਤੌਰ 'ਤੇ ਚੁਣੇ ਗਏ ਪੱਕੇ ਮੁਲਾਜ਼ਮਾਂ ਵਰਗਾ ਸਲੂਕ ਕੀਤਾ ਜਾਵੇ। ਜਸਟਿਸ ਨਿਖਿਲ ਐੱਸ ਕਰੀਲ ਨੇ ਕਿਹਾ ਕਿ ਸਰਕਾਰੀ ਕਰਮਚਾਰੀਆਂ ਦੇ ਮਾਮਲੇ 'ਚ ਆਂਗਨਵਾੜੀ ਵਰਕਰਾਂ ਤੇ ਆਂਗਨਵਾੜੀ ਹੈਲਪਰਾਂ ਨਾਲ ਵਿਤਕਰਾ 'ਜ਼ਾਹਰ ਹੀ ਹੈ' ਅਤੇ ਉਨ੍ਹਾ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਅਸਾਮੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਜਜ਼ਬ ਕਰਨ ਲਈ ਸਾਂਝੇ ਤੌਰ 'ਤੇ ਇੱਕ ਨੀਤੀ ਬਣਾਉਣ ਅਤੇ ਉਨ੍ਹਾਂ ਨੂੰ ਪੱਕੇ ਮੁਲਾਜ਼ਮਾਂ ਵਾਲੇ ਲਾਭ ਦਿੱਤੇ ਜਾਣ।

ਅਦਾਲਤ ਨੇ ਇਹ ਫੈਸਲਾ 1983 ਤੋਂ 2010 ਦੌਰਾਨ ਕੇਂਦਰ ਦੀਆਂ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਸਕੀਮ ਦੇ ਤਹਿਤ ਨਿਯੁਕਤ ਕੀਤੀਆਂ ਗਈਆਂ ਵਰਕਰਾਂ ਵੱਲੋਂ ਦਾਇਰ ਵੱਡੀ ਗਿਣਤੀ 'ਚ ਪਟੀਸ਼ਨਾਂ 'ਤੇ ਸੁਣਾਇਆ। ਸਕੀਮ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਨਾਲ ਹੀ ਗਰਭਵਤੀ ਔਰਤਾਂ ਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਲਈ ਅਤੇ ਬੱਚਿਆਂ ਲਈ 'ਆਂਗਨਵਾੜੀ ਕੇਂਦਰ' ਚਲਾਏ ਜਾਣ ਲਈ ਲਿਆਂਦੀ ਗਈ ਸੀ।

ਇਸ ਸੰਬੰਧੀ ਪਟੀਸ਼ਨਾਂ ● ਬਾਕੀ ਸਫ਼ਾ 2 'ਤੇ

# ਕੋਇਟਾ ਸਟੇਸ਼ਨ 'ਤੇ ਧਮਾਕਾ, ਮਰਨ ਵਾਲਿਆਂ 26 ਲੋਕਾਂ 'ਚ 14 ਫੌਜੀ



**ਪੇਸ਼ਾਵਰ :** ਪਾਕਿਸਤਾਨ 'ਚ ਬਲੋਚਿਸਤਾਨ 'ਚ ਕੋਇਟਾ ਰੇਲਵੇ ਸਟੇਸ਼ਨ 'ਤੇ ਸ਼ਨੀਵਾਰ ਹੋਏ ਬੰਬ ਧਮਾਕੇ 'ਚ ਘੱਟੋ-ਘੱਟ 26 ਲੋਕਾਂ ਦੀ ਮੌਤ ਹੋ ਗਈ ਅਤੇ 62 ਹੋਰ ਜ਼ਖਮੀ ਹੋ ਗਏ। ਇਕ ਹਫਤਾ ਪਹਿਲਾਂ ਬਲੋਚਿਸਤਾਨ ਦੇ ਮਸਤੁੰਗ ਜ਼ਿਲ੍ਹੇ 'ਚ ਕੁੜੀਆਂ ਦੇ ਸਕੂਲ ਤੇ ਹਸਪਤਾਲ ਨੇੜੇ ਧਮਾਕੇ 'ਚ ਪੰਜ ਬੱਚਿਆਂ ਸਣੇ ਅੱਠ ਲੋਕ ਮਾਰੇ ਗਏ ਸਨ। ਇਕ ਸਾਲ ਤੋਂ ਪਾਕਿਸਤਾਨ, ਖਾਸਕਰ ਬਲੋਚਿਸਤਾਨ ਤੇ ਖੈਬਰ ਪਖਤੂਨਖਵਾ ਸੂਬਿਆਂ 'ਚ ਦਹਿਸ਼ਤਗਰਦਾਂ ਦੇ ਹਮਲਿਆਂ 'ਚ ਵਾਧਾ ਹੋਇਆ ਹੈ।

ਕੋਇਟਾ ਦੇ ਡਵੀਜ਼ਨਲ ਕਮਿਸ਼ਨਰ ਹਮਜ਼ਾ ਸ਼ਫਕਤ ਨੇ ਕਿਹਾ ਕਿ ਇਹ ਆਤਮਘਾਤੀ ਹਮਲਾ ਸੀ, ਜਿਹੜਾ ਇਨਫੈਂਟਰੀ ਸਕੂਲ ਦੇ ਫੌਜੀ ਜਵਾਨਾਂ ਵੱਲ ਸੇਧਤ ਸੀ। ਆਮ ਲੋਕ ਵੀ ਇਸ ਦਾ ਸ਼ਿਕਾਰ ਹੋ ਗਏ। ਹਮਲੇ 'ਚ 14 ਜਵਾਨ ਮਾਰੇ ਗਏ ਤੇ 46 ਜ਼ਖਮੀ ਹੋਏ ਹਨ।

ਹਮਲੇ ਦੀ ਜ਼ਿੰਮੇਵਾਰੀ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ ਐੱਲ ਏ) ਨੇ ਲਈ ਹੈ। ਪਾਕਿਸਤਾਨ ਨੇ ਡੇਢ ਮਹੀਨੇ ਮੁਅੱਤਲ ਰਹੀ ਕੋਇਟਾ-ਪੇਸ਼ਾਵਰ ਰੇਲ ਸੇਵਾ 14 ਅਕਤੂਬਰ ਨੂੰ ਬਹਾਲ ਕੀਤੀ ਸੀ। ਬੀ ਐੱਲ ਏ ਵੱਲੋਂ ਕੋਲਪੁਰ ਤੇ ਮਚ ਵਿਚਾਲੇ ਪੁਲ ਉਡਾ ਦੇਣ ਕਾਰਨ 26 ਅਗਸਤ ਤੋਂ ਇਸ ਅਹਿਮ ਰੂਟ 'ਤੇ ਰੇਲ ਸੇਵਾ ਬੰਦ ਸੀ।

ਧਮਾਕਾ ਰੇਲਵੇ ਸਟੇਸ਼ਨ ਦੇ ਬੁਕਿੰਗ ਦਫਤਰ 'ਚ ਉਦੋਂ ਹੋਇਆ, ਜਦੋਂ ਜਫਰ ਐੱਕਸਪ੍ਰੈੱਸ ਸਵੇਰੇ 9 ਵਜੇ ਪੇਸ਼ਾਵਰ ਲਈ ਰਵਾਨਾ ਹੋਣ ਵਾਲੀ ਸੀ। ਉਸ ਦੇ ਪਲੇਟਫਾਰਮ 'ਤੇ ਪੁੱਜਣ ਤੋਂ ਪਹਿਲਾਂ ਧਮਾਕਾ ਹੋਇਆ। ਉਦੋਂ ਕਾਫੀ ਭੀੜ ਸੀ।

## ਅੱਜ-ਨਾਮਾ

ਵਰਤੀ ਬਿੱਟੂ ਨੇ ਬਾਹਲੀ ਹੈ ਗਲਤ ਭਾਸ਼ਾ,
ਸੁਣ ਕੇ ਗਏ ਹਨ ਭੜਕ ਕਿਰਸਾਨ ਬੇਲੀ।
ਮੋੜਵੇਂ ਵਾਰ ਲਈ ਰਤਾ ਨਹੀਂ ਦੇਰ ਹੋਈ,
ਚਲਾਇਆ ਕਰੇ ਕੁਝ ਸੋਚ ਜ਼ਬਾਨ ਬੇਲੀ।
ਗਿੱਦੜਬਾਹੇ ਗਿਆ ਚੋਣ ਪ੍ਰਚਾਰ ਦੇ ਲਈ,
ਕੀਤਾ ਮਿੱਤਰ ਦਾ ਉਲਟ ਨੁਕਸਾਨ ਬੇਲੀ।
ਭੜਕੇ ਉਹਦੇ ਤੋਂ ਬਹੁਤ ਕਿਸਾਨ ਫਿਰਦੇ,
ਚੋਣਾਂ ਦਾ ਵੋਟਰ ਹੈ ਵੱਡਾ ਭਗਵਾਨ ਬੇਲੀ।
ਏਦਾਂ ਹੀ ਮਾਰ ਗਿਆ ਬਿੱਟੂ ਦੋ ਚਾਰ ਗੇੜੇ,
ਦੇਊ ਯਾਰ ਇਹ ਲੱਗਣ ਨਹੀਂ ਪਾਰ ਬੇਲੀ।
ਦੁਸ਼ਮਣ ਨਾਲੋਂ ਬੇਅਕਲ ਆ ਯਾਰ ਮਾੜਾ,
ਕਿਸ਼ਤੀ ਡੋਬ ਦੇਊ ਅੱਧ ਵਿਚਕਾਰ ਬੇਲੀ।

-ਤੀਸ ਮਾਰ ਖਾਂ

# ਦੀਦਾਰ ਸਿੰਘ ਪੱਟੀ ਸੂਬਾ ਪ੍ਰਧਾਨ ਤੇ ਗੁਰਜੰਟ ਸਿੰਘ ਕੋਕਰੀ ਜਨਰਲ ਸਕੱਤਰ ਚੁਣੇ

### ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦਾ 39ਵਾਂ ਦੋ ਰੋਜ਼ਾ ਸੂਬਾਈ ਡੈਲੀਗੇਟ ਅਜਲਾਸ ਸਫਲਤਾਪੂਰਵਕ ਨੇਪਰੇ ਚੜ੍ਹਿਆ



ਤਰਨ ਤਾਰਨ—ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦਾ ਦੋ ਰੋਜ਼ਾ 39ਵਾਂ ਸੂਬਾਈ ਡੈਲੀਗੇਟ ਅਜਲਾਸ ਸਥਾਨਕ ਢਿੱਲੋਂ ਪੈਲੇਸ ਵਿੱਚ ਜਥੇਬੰਦੀ ਦੇ ਸੂਬਾਈ ਆਗੂ ਗੁਰਦੀਪ ਸਿੰਘ ਮੋਤੀ ਦੀ ਅਗਵਾਈ ਹੇਠ ਕੀਤਾ ਗਿਆ। ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ ਨੇ ਪਿਛਲੇ ਸਮੇਂ ਦੌਰਾਨ ਜਥੇਬੰਦੀ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਦੀ ਜਥੇਬੰਦਕ ਰਿਪੋਰਟ ਅਤੇ ਸੁਰਿੰਦਰ ਸਿੰਘ ਕੈਸ਼ੀਅਰ ਵੱਲੋਂ ਵਿੱਤੀ ਲੇਖੇ-ਜੋਖੇ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ। ਇਹਨਾਂ ਦੋਵਾਂ ਰਿਪੋਰਟਾਂ 'ਤੇ ਹੋਈ ਬਹਿਸ ਵਿੱਚ ਸੂਬਾ ਭਰ ਦੇ 18 ਡਿਪੂਆਂ ਤੋਂ ਪਹੁੰਚੇ ਡੈਲੀਗੇਟਾਂ ਨੇ ਭਖਵੀਂ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਜਥੇਬੰਦਕ ਅਤੇ ਖਰਚਾ ਰਿਪੋਰਟਾਂ ਨੂੰ ਕੁਝ ਵਾਧਿਆਂ ਨਾਲ ਆਪਣੇ ਵੱਲੋਂ ਕੁਝ ਸੁਝਾਅ ਵੀ ਸੂਬਾਈ ਲੀਡਰਸ਼ਿਪ ਨੂੰ ਨੋਟ ਕਰਵਾਏ। ਇਸ ਉਪਰੰਤ ਇਹਨਾਂ ਰਿਪੋਰਟਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸ ਉਪਰੰਤ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ ਵੱਲੋਂ ਪਿਛਲੀ ਕਾਰਜਕਾਰਨੀ ਨੂੰ ਭੰਗ ਕਰਨ ਉਪਰੰਤ ਸਾਰੇ ਡੈਲੀਗੇਟਾਂ ਨੇ ਹੱਥ ਖੜੇ ਕਰਕੇ ਨਵੀਂ ਸੂਬਾ ਕਮੇਟੀ ਦੀ ਚੋਣ ਕਰਨ ਲਈ ਪੈਨਲ ਪੇਸ਼ ਕਰਨ ਵਾਸਤੇ ਮੁਲਾਜ਼ਮ ਆਗੂ ਸੁੱਚਾ ਸਿੰਘ ਨੂੰ ਅਧਿਕਾਰਤ ਕੀਤਾ। ਪੇਸ਼ ਕੀਤੇ ਗਏ ਪੈਨਲ ਵਿੱਚ ਗੁਰਦੀਪ ਸਿੰਘ ਮੋਤੀ ਸਰਪ੍ਰਸਤ, ਜਗਦੀਸ਼ ਸਿੰਘ ਚਾਹਲ ਚੇਅਰਮੈਨ, ਦੀਦਾਰ ਸਿੰਘ ਪੱਟੀ ਸੂਬਾ ਪ੍ਰਧਾਨ, ਗੁਰਜੰਟ ਸਿੰਘ ਕੋਕਰੀ ਸੂਬਾ ਜਨਰਲ ਸਕੱਤਰ, ਗੁਰਜੀਤ ਸਿੰਘ ਜਲੰਧਰ ਸੀਨੀਅਰ ਮੀਤ ਪ੍ਰਧਾਨ ਅਤੇ ਸੁਰਿੰਦਰ ਸਿੰਘ ਕੈਸ਼ੀਅਰ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ ਨੂੰ ਸਮੁੱਚੇ ਹਾਊਸ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਆਗੂ ਟੀਮ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਮੀਟਿੰਗ ਕਰਕੇ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਡਿਪਟੀ ਜਨਰਲ ਸਕੱਤਰ, ਵਿੱਤ ਸਕੱਤਰ, ਪ੍ਰੈੱਸ ਸਕੱਤਰ ,ਜਥੇਬੰਦਕ ਸਕੱਤਰ ਆਦਿ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਅਜਲਾਸ ਦੌਰਾਨ ਪੰਜਾਬ ਏਟਕ ਦੇ ਸੂਬਾ ਪ੍ਰਧਾਨ ਬੰਤ ਸਿੰਘ ਬਰਾੜ, ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸੂਬਾ ਸਲਾਹਕਾਰ ਕਾਮਰੇਡ ਜਗਰੂਪ, ਪੀ ਐੱਸ ਈ ਬੀ ਇੰਪਲਾਇਜ਼ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22-ਬੀ ਚੰਡੀਗੜ੍ਹ ਇਕਾਈ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਕਾਰਜ ਸਿੰਘ ਕੈਰੋਂ ਵੱਲੋਂ ਭਰਾਤਰੀ ਸੰਦੇਸ਼ ਦਿੱਤੇ ਗਏ ਅਤੇ ਟਰਾਂਸਪੋਰਟ ਕਾਮਿਆਂ ਦੇ ਹਰ ਸੰਘਰਸ਼ ਵਿੱਚ ਪੂਰਨ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ । ਅਜਲਾਸ ਦੌਰਾਨ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤਿਆਂ ਵਿੱਚ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੇ ਫਲੀਟ ਵਿੱਚ ਵਾਧਾ ਨਾ ਕਰਨ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਲੋਕ ਹਿੱਤ ਦੀ ਇਸ ਮੰਗ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕਰਨ ਦਾ ਪ੍ਰਣ ਲਿਆ ਗਿਆ। ਦੂਜੇ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਕੈਬਨਿਟ ਰੈਂਕ ਦਾ ਦਰਜਾ ਪ੍ਰਾਪਤ ਲਗਾਏ ਗਏ ਨਵੇਂ ਵਿੱਤੀ ਸਲਾਹਕਾਰ ਅਰਵਿੰਦ ਮੋਦੀ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਲੋਕ, ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਕਾਰਵਾਈਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਹੋਰਨਾਂ ਤੋਂ ਇਲਾਵਾ ਅੰਗਰੇਜ਼ ਸਿੰਘ ਸ੍ਰੀ ਮੁਕਤਸਰ ਸਾਹਿਬ, ਸੁੱਚਾ ਸਿੰਘ ਧੌਲ, ਬਚਿੱਤਰ ਸਿੰਘ ਧੋਥੜ, ਅਜੈ ਕੁਮਾਰ ਸਨੋਤਰਾ, ਬਲਰਾਜ ਸਿੰਘ ਭੰਗੂ, ਬਿਕਰਮਜੀਤ ਸਿੰਘ, ਗੁਰਜੀਤ ਸਿੰਘ ਜਲੰਧਰ, ਗੁਰਦੀਪ ਸਿੰਘ ਮੋਗਾ, ਗੁਰਲਾਲ ਸਿੰਘ ਪ੍ਰਧਾਨ ਪੱਟੀ, ਲਖਵਿੰਦਰ ਸਿੰਘ, ਵਰਿਆਮ ਸਿੰਘ, ਸੰਜੀਵ ਕੁਮਾਰ, ਸ਼ਮਸ਼ੇਰ ਸਿੰਘ, ਸਤਨਾਮ ਸਿੰਘ ਪ੍ਰਧਾਨ, ਸੈਕਟਰੀ ਕੁਲਵਿੰਦਰ ਸਿੰਘ, ਕੈਸ਼ੀਅਰ ਨਵਦੀਪ ਸਿੰਘ, ਚੇਅਰਮੈਨ ਗੁਰਭੇਜ ਸਿੰਘ, ਮੀਤ ਪ੍ਰਧਾਨ ਸੁਰਜੀਤ ਸਿੰਘ, ਸੁਖਵੰਤ ਸਿੰਘ, ਬਾਬਾ ਅਮਰਜੀਤ ਸਿੰਘ, ਸਵਰਨ ਸਿੰਘ ਕੁਹਾੜਕਾ, ਦਿਲਬਾਗ ਸਿੰਘ ਵਰਪਾਲ, ਗੁਰਭੇਜ ਸਿੰਘ ਪੱਟੀ, ਜਰਨੈਲ ਸਿੰਘ ਪੱਟੀ, ਪਧਾਨ ਕੁਲਵਿੰਦਰ ਸਿੰਘ ਅੰਮ੍ਰਿਤਸਰ, ਸੈਕਟਰੀ ਬਲਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

# ਜ਼ਿਮਨੀ ਚੋਣ ਨੂੰ ਲੈ ਕੇ ਕੇਜਰੀਵਾਲ ਤੇ ਮੁੱਖ ਮੰਤਰੀ ਮਾਨ ਵੱਲੋਂ ਡੇਰਾ ਬਾਬਾ ਨਾਨਕ 'ਚ ਚੋਣ ਰੈਲੀ

## ਤੁਸੀਂ ਰੰਧਾਵਾ ਨੂੰ ਜਿਤਾਉ ਅਸੀਂ ਹਲਕੇ ਦਾ ਦੁੱਗਣਾ ਵਿਕਾਸ ਕਰਵਾਵਾਂਗੇ : ਮਾਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਹਲਕਾ ਡੇਰਾ ਬਾਬਾ ਨਾਨਕ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਅੱਜ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਪਿੰਡ ਅਗਵਾਨ ਵਿਖੇ ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕੀਤਾ ਗਿਆ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੂਰੇ ਦੇਸ਼ ਅੰਦਰ ਦੋ ਸੂਬਿਆਂ 'ਚ ਸਾਡੀ ਸਰਕਾਰ ਹੈ, ਦੋਵੇਂ ਸੂਬਿਆਂ ਦਾ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ।ਪਿੰਡਾਂ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ, ਸਾਰੀਆਂ ਦਵਾਈਆਂ ਫ੍ਰੀ ਅਤੇ ਟੈਸਟ ਫ੍ਰੀ ਹੋ ਰਹੇ ਹਨ।ਆਪ ਦੀ ਸਰਕਾਰ ਨੇ ਗੈਰ ਕਾਨੂੰਨੀ ਟੋਲ ਪਲਾਜ਼ੇ ਬੰਦ ਕਰਵਾਏ।ਸਾਡੀ ਸਰਕਾਰ ਨੇ ਬਿਨਾਂ ਕਿਸੇ ਸਿਫਾਰਸ਼ ਬਿਨਾਂ ਰਿਸ਼ਵਤ ਲਏ 45 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ।ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਕੀਤਾ, ਕੋਈ ਵੀ ਮੁਲਾਜ਼ਮ ਹੁਣ ਟੈਂਕੀਆਂ ਤੇ ਨਹੀਂ ਚੜ੍ਹ ਰਹੇ।ਉਨ੍ਹਾਂ ਆਖਿਆ ਕਿ ਹਲਕਾ ਡੇਰਾ ਬਾਬਾ ਨਾਨਕ ਵਿੱਚ ਵੱਡੇ ਰੰਧਾਵਿਆਂ ਦਰਮਿਆਨ ਚੋਣ ਮੁਕਾਬਲਾ ਹੋ ਰਿਹਾ ਹੈ। ਇੱਕ ਪਾਸੇ ਰੰਧਾਵਾ ਬੇਈਮਾਨ ਤੇ ਦੂਜੇ ਪਾਸੇ ਗੁਰਦੀਪ ਸਿੰਘ ਰੰਧਾਵਾ ਇਮਾਨਦਾਰ, ਇੱਕ ਰੰਧਾਵਾ ਆਪਣੇ ਪਰਿਵਾਰਵਾਦ ਨੂੰ ਬੜਾਵਾ ਦੇ ਰਿਹਾ ਹੈ।ਦੂਜਾ ਗੁਰਦੀਪ ਰੰਧਾਵਾ ਤਿੰਨ ਲੱਖ ਲੋਕਾਂ ਦੀ ਨੁਮਾਇੰਦਗੀ ਕਰੇਗਾ।ਉਨ੍ਹਾਂ ਕਿਹਾ ਕਿ ਇਹ ਤੁਹਾਡਾ ਬੇਟਾ ਹੈ।ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਹਲਕਾ ਡੇਰਾ ਬਾਬਾ ਨਾਨਕ ਵਿੱਚ ਇੱਕ ਬਹੁਤ ਵੱਡਾ ਇੰਡਸਟਰੀਅਲ ਪਲਾਂਟ ਲਾਇਆ ਜਾਵੇਗਾ ਤਾਂ ਜੋ ਸਰਹੱਦੀ ਇਲਾਕੇ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ।ਇਸਦੇ ਨਾਲ ਕੇਜਰੀਵਾਲ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਨੂੰ ਸੈਰ ਸਪਾਟੇ ਲਈ ਵਿਕਸਿਤ ਕੀਤਾ ਜਾਵੇਗਾ ਅਤੇ ਖੇਡ ਸਟੇਡੀਅਮ, ਆਈਟੀ ਆਈ ਤੇ ਪੋਲਟੈਕਨੀਕਲ ਕਾਲਜ ਖੋਲ੍ਹੇ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਕੇਜਰੀਵਾਲ ਨੇ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 20 ਨਵੰਬਰ ਨੂੰ ਚੋਣਾਂ ਵਾਲੇ ਦਿਨ ਇੱਕ ਨੰਬਰ ਝਾੜੂ ਵਾਲਾ ਬਟਨ ਦਬਾ ਕੇ ਗੁਰਦੀਪ ਸਿੰਘ ਰੰਧਾਵਾ ਨੂੰ ਕਾਮਯਾਬ ਕਰਨ।ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਲਕਾ ਡੇਰਾ ਬਾਬਾ ਨਾਨਕ ਰੈਲੀ ਦੇ ਵੱਡੇ ਇਕੱਠ ਨੂੰ ਦੇਖ ਕੇ ਖੁਸ਼ ਹੋਏ ਤੇ ਕਿਹਾ ਕਿ ਪਿਛਲੀ ਵਾਰ ਨਾਲੋਂ ਇਸ ਵਾਰ ਤੁਸੀਂ ਆਪਣਾ ਰਿਕਾਰਡ ਆਪ ਹੀ ਤੋੜ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਰਾਜਨੀਤੀ ਦੀ ਦਿਸ਼ਾ ਤੇ ਦਸ਼ਾ ਬਦਲਣ ਦੀ ਲੋੜ ਹੈ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਵੱਡੇ ਦਾ ਬਾਬਾ ਨਾਨਕ ਵਾਸੀਆਂ ਨੂੰ ਕਿਹਾ ਕਿ ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਜ਼ਿਮਨੀ ਚੋਣ ਜਿਤਾਓ, ਮੈਂ ਢਾਈਆਂ ਸਾਲਾਂ ਵਿੱਚ ਹਲਕੇ ਦਾ ਦੁੱਗਣਾ ਵਿਕਾਸ ਕਰਵਾ ਕੇ ਤੁਹਾਨੂੰ ਵਿਆਜ ਸਮੇਤ ਮੋੜ ਦਿਆਂਗਾ।ਇਸ ਮੌਕੇ ਮੁੱਖ ਮੰਤਰੀ ਮਾਨ ਨੇ ਸੁਖਜਿੰਦਰ ਰੰਧਾਵਾ ਨੂੰ ਮੋੜਵਾਂ ਜਵਾਬ ਦਿੰਦੇ ਹੋਏ ਕਿਹਾ ਕਿ ਗੈਂਗਸਟਰ ਅਤੇ ਨਸ਼ੇ ਦੇ ਸੌਦਾਗਰ ਤੁਹਾਡੀਆਂ ਸਰਕਾਰਾਂ ਨੇ ਹੀ ਪੈਦਾ ਕੀਤੇ ਹਨ, ਸਾਡੀ ਸਰਕਾਰ ਦਾ ਇਨ੍ਹਾਂ ਨਾਲ ਕੋਈ ਨਾਤਾ ਨਹੀਂ ਹੈ।ਇਸ ਮੌਕੇ ਮੁੱਖ ਮੰਤਰੀ ਮਾਨ ਨੇ ਹਲਕਾ ਡੇਰਾ ਬਾਬਾ ਨਾਨਕ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਤਕੜੇ ਹੋ ਕੇ ਵੋਟਾਂ ਪਾਉਣ ਤਾਂ ਜੋ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦਾ ਵਿਕਾਸ ਹੋ ਸਕੇ।ਇਸ ਮੌਕੇ ਹਲਕਾ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਅਤੇ 'ਆਪ' ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਵੱਲੋਂ ਰੈਲੀ 'ਚ ਪਹੁੰਚੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੇ ਆਮ ਲੋਕਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ, ਲਾਲਜੀਤ ਸਿੰਘ ਭੁੱਲਰ, ਤਰੁਨਪ੍ਰੀਤ ਸਿੰਘ ਸੌਂਦ, ਲਾਲਚੰਦ ਕਟਾਰੂਚੱਕ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਜਸਬੀਰ ਸਿੰਘ ਸੰਧੂ, ਤਲਬੀਰ ਸਿੰਘ ਗਿੱਲ, ਹਲਕਾ ਇੰਚਾਰਜ ਸ਼ਮਸ਼ੇਰ ਸਿੰਘ, ਜਗਰੂਪ ਸਿੰਘ ਸੇਖਵਾਂ, ਜੀਵਨਜੋਤ ਕੌਰ ਵਿਧਾਇਕ, ਸਵਰਨ ਸਲਾਰੀਆ, ਮੁਖਵਿੰਦਰ ਸਿੰਘ ਆਲੋਵਾਲ, ਵਿਧਾਇਕ ਮਦਨਲਾਲ ਬੱਗਾ, ਚੇਅਰਮੈਨ ਬਲਬੀਰ ਸਿੰਘ ਪੰਨੂ, ਚੇਅਰਮੈਨ ਰਾਜੀਵ ਸ਼ਰਮਾ, ਚੇਅਰਮੈਨ ਰਮਨ ਬਹਿਲ, ਹਲਕਾ ਇੰਚਾਰਜ ਵਿਭੂਤੀ ਸ਼ਰਮਾ, ਹਲਕਾ ਇੰਚਾਰਜ ਜੱਗਾ ਮਜੀਠੀਆ, ਚੇਅਰਮੈਨ ਰਣਜੇਤ ਸਿੰਘ ਬਾਠ, ਪਰਮਿੰਦਰ ਸਿੰਘ, ਮਨਰੂਪ ਸਿੰਘ ਰੰਧਾਵਾ, ਮਨਜੋਤ ਸਿੰਘ ਰੰਧਾਵਾ, ਪੀਏ ਲਵਪ੍ਰੀਤ ਸਿੰਘ, ਮਨਿੰਦਰ ਸਿੰਘ, ਗੁਰਦੇਵ ਸਿੰਘ ਲਾਖਣਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ।

## ਨੌਜਵਾਨਾਂ ਵੱਲੋਂ ਵਿਅਕਤੀ 'ਤੇ ਕਾਤਲਾਨਾ ਹਮਲਾ



**ਬਠਿੰਡਾ (ਰੀਤਵਾਲ)**-ਬਠਿੰਡਾ 'ਚ ਮਾਰਕੁੱਟ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ, ਜਿਸ ਨੂੰ ਲੈ ਕੇ ਸ਼ਹਿਰ ਵਾਸੀਆਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਅਜਿਹਾ ਹੀ ਇੱਕ ਹੋਰ ਮਾਮਲਾ ਬਠਿੰਡਾ 'ਚ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਸ਼ੁੱਕਰਵਾਰ ਬਾਅਦ ਦੁਪਹਿਰ ਔਂਚ ਡੀ ਐੱਸ ਸੀ ਬੈਂਕ ਨਜ਼ਦੀਕ ਕੁਝ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਇੱਕ 55 ਸਾਲਾ ਵਿਅਕਤੀ 'ਤੇ ਹਮਲਾ ਕਰ ਕੇ ਉਸ ਨੂੰ ਲਹੂ-ਲੁਹਾਨ ਕਰ ਦਿੱਤਾ, ਜਿਸ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਬੁਢਲਾਡਾ ਵਿਖੇ ਦਾਖ਼ਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਪਟਿਆਲਾ ਵਿਖੇ ਰੈਫ਼ਰ ਕਰ ਦਿੱਤਾ ਗਿਆ।ਪੀੜਤ ਵਿਅਕਤੀ ਦਾ ਨਾਮ ਗੁਰਨਾਮ ਸਿੰਘ ਦੱਸਿਆ ਜਾ ਰਿਹਾ ਹੈ, ਜੋ ਬਠਿੰਡਾ ਦਾ ਵਸਨੀਕ ਹੈ।ਗੁਰਨਾਮ ਸਿੰਘ ਬਠਿੰਡਾ ਦੇ ਇੱਕ ਧਾਰਮਿਕ ਸਥਾਨ ਵਿੱਚ ਸੇਵਾ ਕਰਨ ਲਈ ਜਾਂਦਾ ਹੁੰਦਾ ਸੀ ਤੇ ਉੱਥੇ ਦੇ ਇੱਕ ਪ੍ਰਬੰਧਕ ਦੇ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰਬਾਜ਼ੀ ਹੋ ਗਈ ਤੇ ਗੁੱਸੇ 'ਚ ਆ ਕੇ ਪ੍ਰਬੰਧਕ ਨੇ ਗੁਰਨਾਮ ਸਿੰਘ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

## ਪ੍ਰਭਜੋਤ ਸਿੰਘ ਨੇ ਸੂਬਾ ਪੱਧਰੀ ਖੇਡਾਂ 'ਚ ਦੋ ਗੋਲਡ ਮੈਡਲ ਜਿੱਤੇ



**ਲਹਿਰਾਗਾਗਾ (ਪਵਨ ਸ਼ਰਮਾ)**-ਖੇਡਾਂ ਵਤਨ ਪੰਜਾਬ ਦੀਆਂ ਤਹਿਤ ਲੁਧਿਆਣਾ ਵਿਖੇ ਅਯੋਜਤ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਲਹਿਰਾ ਹਲਕਾ ਦੇ ਪਿੰਡ ਅੜਕਵਾਸ ਦੇ ਨੌਜਵਾਨ ਪ੍ਰਭਜੋਤ ਸਿੰਘ ਪੁੱਤਰ ਜੋਰਾ ਸਿੰਘ ਨੇ ਐਥਲੈਟਿਕਸ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਦੋ ਗੋਲਡ ਮੈਡਲ ਜਿੱਤ ਕੇ ਹਲਕੇ ਤੇ ਪਿੰਡ ਦਾ ਨਾਮ ਰੋਸ਼ਨ ਕੀਤਾ ਹੈ। ਐੱਸ ਡੀ ਸੀਨੀਅਰ ਸੈਕੰਡਰੀ ਸਕੂਲ ਵਿੱਚੋਂ 2021 ਵਿੱਚ ਸੀਨੀਅਰ ਸੈਕੰਡਰੀ ਕਰਨ ਤੋਂ ਬਾਅਦ ਫੌਜ ਜਾਂ ਪੁਲਸ ਵਿੱਚ ਭਰਤੀ ਹੋਣ ਲਈ ਤਿਆਰੀ ਕਰ ਰਹੇ ਪਿੰਡ ਅੜਕਵਾਸ ਦੇ ਨੌਜਵਾਨ ਪ੍ਰਭਜੋਤ ਸਿੰਘ ਨੇ ਲੁਧਿਆਣਾ ਵਿਖੇ ਸੂਬਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ 10 ਕਿਲੋਮੀਟਰ ਦੌੜ ਤੇ 1500 ਮੀਟਰ ਦੌੜ ਵਿੱਚ ਦੋ ਗੋਲਡ ਮੈਡਲ ਜਿੱਤ ਕੇ ਪਿੰਡ ਦਾ ਨਾਮ ਰੋਸ਼ਨ ਕੀਤਾ ਹੈ। ਵਿਸ਼ੇਸ਼ ਗੱਲਬਾਤ ਕਰਦਿਆਂ ਪ੍ਰਭਜੋਤ ਸਿੰਘ ਨੇ ਕਿਹਾ ਕਿ ਉਹ ਨੈਸ਼ਨਲ ਜਾਂ ਇੰਟਰਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਚਾਹੁੰਦੇ, ਪਰ ਸਹੀ ਤਰੀਕੇ ਨਾਲ ਕੋਚਿੰਗ ਜਾਂ ਹੋਰ ਸਹੂਲਤਾਂ ਨਾ ਮਿਲਣ ਦੇ ਚਲਦੇ ਸਫਨਾ ਅਧੂਰਾ ਰਹਿੰਦਾ ਜਾਪ ਰਿਹੈ, ਉਸ ਨੇ ਮੰਗ ਕੀਤੀ ਕਿ ਸਰਕਾਰ ਕੋਚਿੰਗ ਤੇ ਹੋਰ ਸਹੂਲਤਾਂ ਦੇਵੇ ਤਾਂ ਜੋ ਉਹ ਇੰਟਰਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਪੰਜਾਬ ਦਾ ਨਾਮ ਰੋਸ਼ਨ ਕਰ ਸਕੇ। ਦੂਜੇ ਪਾਸੇ ਪਿੰਡ ਦੇ ਸਮਾਜ ਸੇਵੀ ਮਨਜੀਤ ਸਿੰਘ ਸਟੂਡੀਓ ਨੇ ਪ੍ਰਭਜੋਤ ਸਿੰਘ ਦੀ ਪ੍ਰਾਪਤੀ 'ਤੇ ਫਖਰ ਮਹਿਸੂਸ ਕਰਦਿਆਂ ਮੰਗ ਕੀਤੀ ਕਿ ਸਰਕਾਰ ਅਜਿਹੇ ਹੋਣਹਾਰ ਖਿਡਾਰੀਆਂ ਵੱਲ ਵਿਸ਼ੇਸ਼ ਧਿਆਨ ਦੇ ਕੇ ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਦੀ ਤਿਆਰੀ ਕਰਵਾ ਕੇ ਮੁਕਾਬਲਿਆਂ ਵਿੱਚ ਭੇਜੇ, ਤਾਂ ਜੋ ਪਿੰਡਾਂ ਦੇ ਨੌਜਵਾਨ ਵੀ ਹਰ ਖੇਤਰ ਵਿੱਚ ਅੱਗੇ ਵਧ ਸਕਣ।

## ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਸਕੂਲਾਂ 'ਚ ਪੰਜਾਬੀ ਦੇ ਕੈਦੇ ਵੰਡੇ

**ਮਾਨਸਾ (ਆਤਮਾ ਸਿੰਘ ਪਮਾਰ)** : ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪਸਾਰ ਨੂੰ ਲੈ ਕੇ ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਮਾਨਸਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਮਾਨਸਾ ਖੁਰਦ, ਮਿਡਲ ਸਕੂਲ ਮਾਨਸਾ ਖੁਰਦ ਵਿਖੇ ਪੰਜਾਬੀ ਦੇ ਕੈਦੇ ਤੇ ਕਿਤਾਬਾਂ ਵੰਡੀਆਂ ਗਈਆਂ।ਉਨ੍ਹਾਂ ਕਿਹਾ ਕਿ ਪੰਜਾਬੀ ਮਿੱਠੀ ਤੇ ਮਧੁਰ ਭਾਸ਼ਾ ਹੈ, ਜਿਸ ਕਰਕੇ ਸਭਨਾਂ ਨੂੰ ਆਪਣੀ ਬੋਲੀ ਦੀ ਪ੍ਰਫੁੱਲਤਾ ਲਈ ਯਤਨ ਕਰਨਾ ਚਾਹੀਦਾ ਹੈ।ਬਹਿਣੀਵਾਲ ਨੇ ਦੱਸਿਆ ਕਿ ਨਵੰਬਰ ਮਹੀਨੇ ਨੂੰ ਉਹ ਪੰਜਾਬੀ ਬੋਲੀ ਦੇ ਮਹੀਨੇ ਵਜੋਂ ਮਨਾਉਂਦੇ ਹੋਏ ਪੰਜਾਬੀ ਭਾਸ਼ਾ, ਅੱਖਰ, ਗਿਆਨ, ਵੰਨਗੀਆਂ, ਸਾਹਿਤ, ਬੱਚਿਆਂ ਦੀ ਪੜ੍ਹਨ ਸਮੱਗਰੀ ਨੂੰ ਲੈ ਕੇ ਵੱਖ-ਵੱਖ ਸਕੂਲਾਂ 'ਚ ਸ਼ਖ਼ਸੀਅਤਾਂ ਕੋਲ ਜਾਣਗੇ।ਉਹ ਇਸ ਤੋਂ ਪਹਿਲਾਂ ਵਿਲਜ ਜਗਤ, ਖੇਡ ਜਗਤ, ਸਮਾਜ ਸੇਵੀ ਤੇ ਰਾਜਨੀਤਕ ਸ਼ਖ਼ਸੀਅਤਾਂ ਨੂੰ ਪੰਜਾਬੀ 41 ਅੱਖਰੀ ਫੱਟੀ ਭੇਟ ਕਰਕੇ ਪੰਜਾਬੀ ਬੋਲੀ ਨਾਲ ਜੁੜਨ ਲਈ ਪ੍ਰੇਰਿਤ ਕਰ ਚੁੱਕੇ ਹਨ। ਸ਼ਿਸ਼ਟਾਚਾਰ ਚੇਤਨਾ ਮੰਚ ਮਾਨਸਾ ਦੇ ਪ੍ਰਧਾਨ ਹਰਿੰਦਰ ਮਾਨਸ਼ਾਹੀਆ, ਸਿੱਖਿਆ ਵਿਕਾਸ ਮੰਚ ਮਾਨਸਾ ਦੇ ਪ੍ਰਧਾਨ ਹਰਦੀਪ ਸਿੱਧੂ, ਞਥਾਇਕ ਅਤੇ ਮਾਨਸਾ ਦੇ ਬੁਲਾਰੇ ਨਰਿੰਦਰ ਸ਼ਰਮਾ ਨੇ ਕਿਹਾ ਕਿ ਹਰ ਇੱਕ ਨੂੰ ਆਪਣੀ ਮਾਂ ਬੋਲੀ ਪਿਆਰੀ ਹੁੰਦੀ ਹੈ।ਸਾਡੀ ਪੰਜਾਬੀ ਮਾਂ ਬੋਲੀ ਸਾਡੇ ਜੀਵਨ ਜਾਚ, ਜੀਵਨ ਜਿਉਣ ਦਾ ਸਲੀਕਾ, ਸਾਡੀ ਵੱਖਰੀ ਪਹਿਚਾਣ ਨੂੰ ਦਰਸਾਉਂਦੀ ਹੈ।ਸਕੂਲ ਮੁਖੀ ਕਮਲਜੀਤ ਕੌਰ ਨੇ ਬੱਚਿਆਂ ਨੂੰ ਪੰਜਾਬੀ ਕੈਦੇ ਵੰਡਣ ਲਈ ਸਮਾਜ ਸੇਵੀ ਹਰਪ੍ਰੀਤ ਬਹਿਣੀਵਾਲ ਤੇ ਸ਼ਿਸ਼ਟਾਚਾਰ ਤੇ ਸਿੱਖਿਆ ਸੰਸਥਾਵਾਂ ਦਾ ਧੰਨਵਾਦ ਕੀਤਾ।ਇਸ ਮੌਕੇ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਵੰਡੀ ਗਈ।

## ਐੱਸ ਡੀ ਐੱਮ ਦੀ ਅਗਵਾਈ ਹੇਠ ਲਹਿਰਾ ਤੇ ਮੂਣਕ 'ਚ ਜਾਗਰੂਕਤਾ ਮੁਹਿੰਮ



**ਮੂਣਕ (ਰਾਜਪਾਲ ਸਿੰਗਲਾ)**-ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਲਹਿਰਾਗਾਗਾ ਤੇ ਮੂਣਕ ਦੇ ਐੱਸ ਡੀ ਐੱਮ ਸੂਬਾ ਸਿੰਘ ਨੇ ਦੋਵੇਂ ਹੀ ਸਬ ਡਵੀਜ਼ਨਾਂ ਦੇ ਵੱਡੀ ਗਿਣਤੀ ਪਿੰਡਾਂ ਵਿੱਚ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ।ਸੂਬਾ ਸਿੰਘ ਨੇ ਦੱਸਿਆ ਕਿ ਇਹ ਮੁਹਿੰਮ ਪਿਛਲੇ ਕਈ ਹਫਤਿਆਂ ਤੋਂ ਜਾਰੀ ਹੈ ਤੇ ਪਿਛਲੇ ਸਾਲਾਂ ਨਾਲੋਂ ਇਸ ਵਾਰ ਕਿਸਾਨ ਪਰਾਲੀ ਸਾੜਨ ਦੇ ਰੁਝਾਨ ਨੂੰ ਘਟਾਉਣ ਵਿੱਚ ਮਦਦਗਾਰ ਸਾਬਿਤ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਤੇ ਪੁਲਸ ਉੱਚ ਅਧਾਰਤ ਵੱਖ-ਵੱਖ ਚੌਕਸੀ ਟੀਮਾਂ ਸਾਰਾ ਦਿਨ ਹੀ ਹਰ ਖੇਤ ਵਿੱਚ ਪਹੁੰਚ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰ ਰਹੀਆਂ ਹਨ ਤਾਂ ਜੋ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ। ਐੱਸ ਡੀ ਐੱਮ ਸੂਬਾ ਸਿੰਘ ਨੇ ਸਬ ਡਵੀਜ਼ਨ ਮੂਣਕ ਵਿੱਚ ਡੀ ਐੱਸ ਪੀ ਪਰਮਿੰਦਰ ਸਿੰਘ ਸਮੇਤ ਪਿੰਡ ਸਲੇਮਗੜ੍ਹ, ਹਮੀਰਗੜ੍ਹ, ਮਕਰੋੜ ਸਾਹਿਬ, ਮੰਡਵੀ, ਬੰਗਾ, ਬਸ਼ਹਿਰਾ ਆਦਿ ਕਈ ਪਿੰਡਾਂ ਦਾ ਦੌਰਾ ਕੀਤਾ ਤੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।ਇਸੇ ਤਰ੍ਹਾਂ ਉਨ੍ਹਾਂ ਸਬ ਡਵੀਜ਼ਨ ਲਹਿਰਾ ਵਿਖੇ ਡੀ ਐੱਸ ਪੀ ਦੀਪਇੰਦਰ ਪਾਲ ਸਿੰਘ ਜੇਜੀ ਦੇ ਸਹਿਯੋਗ ਨਾਲ ਪਿੰਡ ਜਵਾਹਰਵਾਲਾ, ਰਾਮਗੜ੍ਹ ਸੰਧੂਆਂ, ਸੇਖੂਵਾਸ, ਗਾਗਾ, ਹਰਿਆਊ, ਡਸਕਾ, ਫਤਿਹਗੜ੍ਹ, ਕਾਲ ਬੰਜਾਰਾ ਆਦਿ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਤਹਿਤ ਦੌਰਾ ਕੀਤਾ ਤੇ ਕਿਸਾਨਾਂ ਨੂੰ ਰਾਬਤਾ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਉਪਲਬਧ ਕਰਵਾਈਆਂ ਮਸ਼ੀਨਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

## ਖਾਦਾਂ ਦੀ ਕਾਲਾਬਾਜ਼ਾਰੀ ਤੇ ਬੇਲੋੜੀ ਟੈਗਿੰਗ ਬਰਦਾਸ਼ਤ ਨਹੀਂ : ਡਿਪਟੀ ਕਮਿਸ਼ਨਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਰੋਸ਼ਨੀ ਵਿੱਚ ਜ਼ਿਲ੍ਹੇ ਦੀ ਮੰਡੇਨਜ਼ਰ ਕਿਸਾਨਾਂ ਨੂੰ ਡੀ.ਏ.ਪੀ. ਅਤੇ ਹੋਰ ਖਾਦਾਂ ਢੁੱਕਵੇਂ ਅਤੇ ਵਾਜਬ ਭਾਅ 'ਤੇ ਮੁਹੱਈਆ ਕਰਵਾਉਣ ਲਈ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਖਾਦਾਂ ਦੀ ਕਾਲਾਬਾਜ਼ਾਰੀ, ਵੱਧ ਕੀਮਤ ਵਸੂਲੀ ਅਤੇ ਬੇਲੋੜੀ ਟੈਗਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਅਧਿਕਾਰੀਆਂ ਨੂੰ ਹੁਕਮ ਕੀਤੇ ਹਨ ਕਿ ਉਹ ਖਾਦ ਵਿਕਰੀ ਪੁਆਇੰਟਾਂ ਦੀ ਨਿਯਮਤ ਤੌਰ 'ਤੇ ਜਾਂਚ ਕਰਨ ਤਾਂ ਜੋ ਕਿਸਾਨਾਂ ਨੂੰ ਬਿਜਾਈ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਖਾਦ ਵਿਕਰੇਤਾ ਵੱਲੋਂ ਖਾਦ ਵੇਚਣ ਵਾਲੇ ਨੂੰ ਡੀ.ਏ.ਪੀ. ਜਾਂ ਯੂਰੀਆ ਨਾਲ ਬੇਲੋੜੀ ਸਮੱਗਰੀ ਟੈਗ ਕਰਨ ਦੀ ਮਨਾਹੀ ਹੈ। ਜੇਕਰ ਕੋਈ ਵਿਕਰੇਤਾ ਅਜਿਹੀਆਂ ਗਤੀਵਿਧੀਆਂ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।ਇਸੇ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਡਾ. ਧਰਮਿੰਦਰਜੀਤ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਸਥਿਤ ਖਾਦ ਵਿਕਰੇਤਾਵਾਂ ਦੇ ਕੇਂਦਰਾਂ ਦਾ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਮੁਤਾਬਕ ਸਾਰੇ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਸਟਾਕ ਰਜਿਸਟਰ, ਬਿੱਲ ਬੁੱਕ ਅਤੇ ਪੁਆਇੰਟ ਆਫ਼ ਸੇਲ ਮਸ਼ੀਨਾਂ ਨੂੰ ਗੋਦਾਮ ਵਿੱਚ ਮੌਜੂਦ ਡੀ.ਏ.ਪੀ. ਸਟਾਕ ਨਾਲ ਮੇਲ ਕੇ ਰੱਖਣ।ਇਸ ਤੋਂ ਇਲਾਵਾ ਹੀ ਦੁਕਾਨਾਂ 'ਤੇ ਖਾਦ ਦੇ ਰੇਟ ਅਤੇ ਉਪਲਬਧਤਾ ਦੀ ਜਾਣਕਾਰੀ ਦਰਸਾਉਣ ਵਾਲੇ ਬੋਰਡ ਵੀ ਲਗਾਏ ਜਾਵੇ। ਹਰ ਬਿੱਲ 'ਤੇ ਕਿਸਾਨ ਦਾ ਮੋਬਾਈਲ ਨੰਬਰ ਅਤੇ ਦਸਤਖ਼ਤ ਹੋਣਾ ਚਾਹੀਦਾ ਹੈ।ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਡੀ.ਏ.ਪੀ. ਖਾਦ ਦੀ ਵਰਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਰਨ ਦੀ ਅਪੀਲ ਕੀਤੀ ਹੈ।ਉਨ੍ਹਾਂ ਨੇ ਟ੍ਰਿਪਲ/ਸਿੰਗਲ ਸੁਪਰ ਫਾਸਫੇਟ ਅਤੇ ਹੋਰ ਐਨ.ਪੀ.ਕੇ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਵੀ ਸਲਾਹ ਦਿੱਤੀ ਤਾਂ ਜੋ ਕਿਸਾਨ ਨੂੰ ਘੱਟ ਲਾਗਤ 'ਤੇ ਚੰਗਾ ਝਾੜ ਮਿਲ ਸਕੇ।

## ਹਾਕੀ ਖਿਡਾਰੀ ਡਾ. ਗੁਰਚਰਨ ਸਿੰਘ ਦਾ ਦੇਹਾਂਤ, ਸਸਕਾਰ ਅੱਜ

**ਜਲੰਧਰ (ਸ਼ੈਲੀ ਐਲਬਰਟ )**: ਇੰਡੀਅਨ ਏਅਰਲਾਈਨਸ ਤੇ ਏਅਰ ਇੰਡੀਆ ਦੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਅਤੇ ਸੁਰਜੀਤ ਹਾਕੀ ਸੁਸਾਇਟੀ, ਜਲੰਧਰ ਦੇ ਫਾਊਂਡਰ ਮੈਂਬਰ ਗੁਰਚਰਨ ਸਿੰਘ, ਜਿਹਨਾਂ ਨੂੰ ਹਾਕੀ ਦੇ ਖੇਤਰ ਵਿਚ 'ਗੁਰੂ' ਅਤੇ 'ਡਾਕਟਰ' ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਦਾ ਅੱਜ ਸਵੇਰੇ ਜਲੰਧਰ ਵਿਚ ਦੇਹਾਂਤ ਹੋ ਗਿਆ ਹੈ ।ਇਹਨਾਂ ਦਾ ਅੰਤਿਮ ਸੰਸਕਾਰ ਐਤਵਾਰ ਮਿਤੀ 10 ਨਵੰਬਰ ਨੂੰ ਬਾਅਦ ਦੁਪਹਿਰ 3.00 ਵਜੇ ਸ਼ਮਸ਼ਾਨ ਘਾਟ, ਮਾਡਲ ਟਾਊਨ, ਜਲੰਧਰ ਵਿਖੇ ਹੋਵੇਗਾ ।ਇਸ ਦੁੱਖ ਦੀ ਘੜੀ ਵਿਚ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਗੁਪਤਾ, ਵਰਕਿੰਗ ਪ੍ਰਧਾਨ ਲਖਵਿੰਦਰ ਪਾਲ ਸਿੰਘ ਖਹਿਰਾ ਤੇ ਲੇਖ ਰਾਜ ਨਈਅਰ, ਸੀਨੀਅਰ ਮੀਤ ਪ੍ਰਧਾਨ ਰਾਮ ਪ੍ਰਤਾਪ ਤੇ ਅਮਰੀਕ ਸਿੰਘ ਪੁਆਰ, ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ, ਸੀ.ਈ.ਓ.ਇਕਬਾਲ ਸਿੰਘ ਸੰਧੂ, ਸਕੱਤਰ ਰਣਬੀਰ ਸਿੰਘ ਟੁੱਟ, ਨਰਿੰਦਰ ਸਿੰਘ ਜੱਜ, ਇਕਬਾਲ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਲਾਲੀ, ਤਰਲੋਕ ਸਿੰਘ ਭੁੱਲਰ, ਗੁਰਵਿੰਦਰ ਸਿੰਘ ਗੁੱਲੂ, ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ, ਓਲੰਪੀਅਨ ਅਜੀਤ ਪਾਲ ਸਿੰਘ, ਓਲੰਪੀਅਨ ਅਸ਼ੋਂ ਧਿਆਨ ਚੰਦ, ਓਲੰਪੀਅਨ ਹਰਚਰਨ ਸਿੰਘ ਨੇ ਮ੍ਰਿਤਕ ਗੁਰਚਰਨ ਸਿੰਘ ਦੇ ਪਰਿਵਾਰ ਨਾਲ ਉਹਨਾਂ ਦੀ ਬੇ- ਬੇਵਕਤੀ ਮੌਤ ਉਪਰ ਉਹਨਾਂ ਦੀ ਧਰਮਪਤਨੀ ਜਗਤੇਸ਼ਵਰ ਕੌਰ ਅਤੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ।

## ਟ੍ਰੈਫਿਕ ਪੁਲਸ ਨੇ ਸਕੂਲੀ ਬੱਸਾਂ, ਬੁਲਟ ਮੋਟਰਸਾਈਕਲਾਂ ਦੇ ਚਲਾਨ ਕੱਟੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਟ੍ਰੈਫਿਕ ਪੁਲਸ ਇੰਚਾਰਜ ਸਹਾਇਕ ਥਾਣੇਦਾਰ ਸੇਵਕ ਸਿੰਘ ਦੀ ਅਗਵਾਈ ਹੇਠ ਟ੍ਰੈਫਿਕ ਪੁਲਸ ਨੇ ਸਕੂਲੀ ਬੱਸਾਂ, ਬਿਨਾਂ ਨੰਬਰੀ ਮੋਟਰਸਾਈਕਲਾਂ ਤੇ ਪਟਾਕੇ ਪਾਉਣ ਵਾਲੇ ਬੁਲਟ ਮੋਟਰਸਾਈਕਲਾਂ ਦੇ ਚਲਾਨ ਕੱਟੇ।ਇਸ ਸਬੰਧੀ ਸਹਾਇਕ ਥਾਣੇਦਾਰ ਸੇਵਕ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲੀ ਬੱਸਾਂ, ਜਿਨ੍ਹਾਂ ਨੇ ਕਾਲੀ ਫਿਲਮ ਲਗਾਈ, ਜਿਨ੍ਹਾਂ ਦੇ ਡਰਾਈਵਰਾਂ ਨੇ ਵਰਦੀ ਨਹੀਂ ਪਾਈ ਜਾਂ ਜਿਨ੍ਹਾਂ ਸਕੂਲੀ ਬੱਸਾਂ ਦੇ ਨਾਲ ਕੰਡਕਟਰ ਨਹੀਂ ਸਨ, ਉਨ੍ਹਾਂ ਬੱਸਾਂ ਦੇ ਚਲਾਨ ਕੱਟੇ ਅਤੇ ਕੁਝ ਸਕੂਲੀ ਵੈਨਾਂ ਜਿਨ੍ਹਾਂ ਦਾ ਰੰਗ ਸਕੂਲੀ ਵਾਹਨਾਂ ਵਾਲਾ ਨਹੀਂ ਸੀ, ਉਨ੍ਹਾਂ ਦੇ ਵੀ ਚਲਾਨ ਕੱਟੇ ਗਏ ਹਨ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਹੀਕਲਾਂ 'ਤੇ ਤਿੰਨ-ਤਿੰਨ ਸਵਾਰੀਆਂ ਬੈਠੀਆਂ ਹੋਈਆਂ ਸਨ, ਜਿਨ੍ਹਾਂ ਵਹੀਕਲਾਂ ਦੇ ਹਾਈ ਸਕਿਉਰਿਟੀ ਨੰਬਰ ਪਲੇਟਾਂ ਨਹੀਂ ਸਨ ਤੇ ਪਟਾਕੇ ਵਜਾਉਣ ਵਾਲੇ ਬੁਲਟ ਮੋਟਰਸਾਈਕਲਾਂ ਦੇ ਵੀ ਚਲਾਨ ਕੱਟੇ।ਇਸ ਮੌਕੇ ਟ੍ਰੈਫਿਕ ਇੰਚਾਰਜ ਸਹਾਇਕ ਥਾਣੇਦਾਰ ਸੇਵਕ ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਹਨ ਚਲਾਉਣ ਸਮੇਂ ਆਪਣੇ ਪੂਰੇ ਦਸਤਾਵੇਜ਼ ਵਹੀਕਲ ਦੇ ਨਾਲ ਰੱਖਣ ਤੇ ਦੋ-ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਜ਼ਰੂਰ ਪਾਉਣ ਤਾਂ ਜੋ ਕਿਸੇ ਦਿੱਕਤ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸ੍ਰੀ ਸੰਜੀਵ ਗਰਗ ਐਂਟੀ-ਡਰਗਸ ਐਂਡ ਸੋਸ਼ਲ ਵੈੱਲਫੇਅਰ ਆਰਗਨਾਈਜ਼ੇਸ਼ਨ ਪੰਜਾਬ ਨੇ ਟ੍ਰੈਫਿਕ ਪੁਲਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਬੜੇ ਸੁਚਾਰੂ ਤੇ ਸੁਚੱਜੇ ਢੰਗ ਨਾਲ ਲੋਕ ਸੇਵਾ ਕਰ ਰਹੇ ਹਨ।ਲੋਕਾਂ ਨੂੰ ਟ੍ਰੈਫਿਕ ਪੁਲਸ ਵੱਲੋਂ ਦਿੱਤੇ ਜਾ ਰਹੇ ਸੰਦੇਸ਼ ਦੀ ਪਾਲਣਾ ਕਰਕੇ ਆਪਣੇ ਵਹੀਕਲਾਂ ਵਿੱਚ ਪੂਰੇ ਦਸਤਾਵੇਜ਼ ਰੱਖਣ ਤੇ ਦੋ-ਪਹੀਆ ਵਾਹਨ ਚਲਾਉਣ ਵਾਲੇ ਹੈਲਮਟ ਜ਼ਰੂਰ ਪਾਉਣ ਤਾਂ ਜੋ ਕਿਸੇ ਅਣਸੁਖਾਵੀਂ ਦੁਰਘਟਨਾ ਤੋਂ ਬਚਿਆ ਜਾ ਸਕੇ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਦਸਤਾਰ ਮੁਕਾਬਲੇ ਕਰਵਾਏ



**ਦੋਰਾਹਾ (ਹਰਮਿੰਦਰ ਸੇਠ)** : ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਦਸਤਾਰ ਮੁਕਾਬਲਾ ਕਰਾਇਆ ਗਿਆ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਵਿਦਿਆਰਥੀਆਂ ਵਿੱਚ ਗੁਰਬਾਣੀ ਤੇ ਗੁਰਸਿੱਖੀ ਸਰੂਪ ਪ੍ਰਤੀ ਲਗਨ ਪੈਦਾ ਕਰਨ ਹਿੱਤ ਵਿਦਿਆਰਥੀਆਂ ਦਰਮਿਆਨ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਤਕਰੀਬਨ 25 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਕ੍ਰਮਵਾਰ ਸ਼ੀਨੂਪ੍ਰੀਤ ਸਿੰਘ ਬੀ ਏ ਭਾਗ ਦੂਜਾ ਦੇ ਵਿਦਿਆਰਥੀ ਨੇ ਪਹਿਲਾ, ਕਰਨਦੀਪ ਸਿੰਘ ਤੇ ਅਰਸ਼ਦੀਪ ਸਿੰਘ ਬੀ ਏ ਭਾਗ ਪਹਿਲਾ ਦੇ ਵਿਦਿਆਰਥੀਆਂ ਨੇ ਸਮੂਹਕ ਰੂਪ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਅਨਮੋਲਦੀਪ ਸਿੰਘ ਬੀ ਕਾਮ ਭਾਗ ਤੀਜਾ ਦੇ ਵਿਦਿਆਰਥੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪ੍ਰੋ. ਰਣਜੀਤ ਕੌਰ, ਪ੍ਰੋ. ਜਗਰੂਪ ਸਿੰਘ, ਪ੍ਰੋ. ਗੁਰਜਿੰਦਰ ਕੌਰ, ਪ੍ਰੋ. ਸੰਦੀਪ ਸਿੰਘ ਹੁੰਦਲ, ਡਾ. ਕਰਮਜੀਤ ਸਿੰਘ, ਸ੍ਰ. ਕੁਲਵੰਤ ਸਿੰਘ ਗਿੱਲ, ਸ੍ਰ. ਜਰਨੈਲ ਸਿੰਘ ਤੇ ਸ੍ਰ. ਪਰਮਜੀਤ ਸਿੰਘ ਹਾਜ਼ਰ ਸਨ।ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਮੁਬਾਰਕਬਾਦ ਦਿੱਤੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਤੇ ਦਸਮ ਪਿਤਾ ਦਾ ਜੋਤੀ ਜੋਤ ਦਿਹਾੜਾ ਮਨਾਇਆ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਕਥਾਵਾਚਕ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਦੇ ਅਸਥਾਨ ਗੁਰਮਤਿ ਵਿਦਿਆਲਾ ਜੱਥਾ ਰੰਧਾਵਾ ਨੇੜੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਗੱਦੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਵਸ ਸ਼ਰਧਾ ਪੂਰਵਕ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ।ਇਸ ਮੌਕੇ ਰਾਗੀ ਢਾਡੀ ਤੇ ਕਥਾਵਾਚਕਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਚਾਨਣਾ ਪਾਇਆ।ਇਸ ਮੌਕੇ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਬੈਰਾਗਮਈ ਅਵਸਥਾ 'ਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਦਾ ਵਿਖਿਆਨ ਕੀਤਾ।ਇਸ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਗਏ ਸਨ ਤੇ ਸਿੱਖ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਲਈ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।ਇਸ ਗੁਰਮਤਿ ਸਮਾਗਮ ਦੌਰਾਨ ਸੰਤ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲੇ, ਰਾੜਾ ਸਾਹਿਬ ਸੰਪਰਦਾ ਦੇ ਮੁੱਖੀ ਸੰਤ ਬਾਬਾ ਬਰਜਿੰਦਰ ਸਿੰਘ, ਸੰਤ ਬਾਬਾ ਕਸ਼ਮੀਰਾ ਸਿੰਘ ਅਲਹੌਰਾਂ ਸਾਹਿਬ ਵਾਲੇ, ਮਹਿੰਦਰ ਸਿੰਘ ਭੜੀ ਵਾਲੇ, ਗਿਆਨੀ ਅਜਮੇਰ ਸਿੰਘ ਹੈਡ ਗ੍ਰੰਥੀ ਫਤਿਹਗੜ੍ਹ ਸਾਹਿਬ, ਢਾਡੀ ਨਵਰੰਗ ਸਿੰਘ ਝੱਲੀ, ਬਾਬਾ ਪ੍ਰੇਮ ਸਿੰਘ ਅਤੇ ਹੋਰ ਵਿਦਵਾਨਾਂ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕੀਤੀਆਂ। ਭਾਈ ਗੁਰਪ੍ਰੀਤ ਸਿੰਘ ਰੰਧਾਵਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਗੁਰਮਤਿ ਸਮਾਗਮ ਚ ਪਹੁੰਚੀਆਂ ਸਮੂਹ ਸੰਗਤਾਂ ਅਤੇ ਸੰਤਾਂ ਮਹਾਂਪੁਰਖਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਗਵੰਤ ਸਿੰਘ ਮੈਨੇਜਰ ਦਰਬਾਰ ਸਾਹਿਬ, ਸਰਬੰਸ ਸਿੰਘ ਮਾਣਕੀ ਮੈਂਬਰ ਸ਼੍ਰੋਮਣੀ ਕਮੇਟੀ, ਨਰਿੰਦਰਜੀਤ ਸਿੰਘ ਮੈਨੇਜਰ, ਲਖਵੀਰ ਸਿੰਘ ਰਾਏ ਵਿਧਾਇਕ ਫਤਿਹਗੜ੍ਹ ਸਾਹਿਬ, ਜਗਦੀਪ ਸਿੰਘ ਚੀਮਾ ਅਕਾਲੀ ਆਗੂ , ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

## ਕਿਸਾਨ ਖਾਦ ਵਿਕਰੇਤਾ ਤੋਂ ਪੱਕਾ ਬਿੱਲ ਜ਼ਰੂਰ ਲੈਣ : ਡੀ ਸੀ

**ਬਠਿੰਡਾ (ਪਰਵਿੰਦਰ ਜੀਤ ਸਿੰਘ, ਰਾਜੀਵ ਗੋਇਲ)**-ਜ਼ਿਲ੍ਹੇ ਅੰਦਰ ਵਿਕਰੇਤਾ ਕਿਸਾਨਾਂ ਨੂੰ ਲੋੜ ਅਨੁਸਾਰ ਸਹੀ ਖਾਦਾਂ ਦੀ ਵਿਕਰੀ ਕਰਨ 'ਤੇ ਪੱਕਾ ਬਿੱਲ ਜ਼ਰੂਰ ਦੇਣ, ਬਿੱਲ ਨਾ ਦੇਣ ਵਾਲੇ ਵਿਕਰੇਤਾ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਜ਼ਿਲ੍ਹੇ ਅੰਦਰ ਪੈਸਟੀਸਾਈਡ ਦੀਆਂ ਦੁਕਾਨਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਵੱਲੋਂ ਗਠਿਤ ਕੀਤੀਆਂ ਗਈਆਂ ਟੀਮਾਂ ਵੱਲੋਂ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਕਿਹਾ ਕਿ ਖਾਦਾਂ ਸਬੰਧੀ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕਿਸਾਨ ਡੀਏਪੀ ਖਾਦ ਦੀ ਥਾਂ ਹੋਰ ਖਾਦਾਂ ਦੀ ਵੀ ਵਰਤੋਂ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਕ੍ਰੇਤਾ ਨੇ ਕਿਸਾਨਾਂ ਨੂੰ ਖਾਦਾਂ ਨਾਲ ਬੇਲੋੜਾ ਸਾਮਾਨ ਦੇਣ ਦੀ ਕੋਸ਼ਿਸ਼ ਕੀਤੀ ਜਾਂ ਵੱਧ ਕੀਮਤ ਲਗਾਈ ਜਾਂ ਕਾਲਾਬਜ਼ਾਰੀ ਕੀਤੀ ਤਾਂ ਅਜਿਹੇ ਲੋਕਾਂ ਖਿਲਾਫ ਵਿਭਾਗ ਵੱਲੋਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸਪਰਿੰਗ ਫੀਲਡ ਸਕੂਲ ਦੇ ਬੱਚਿਆਂ ਦੀ ਪੰਜਾਬ ਐਥਲੈਟਿਕਸ ਮੀਟ ਲਈ ਚੋਣ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਜਿੱਥੇ ਪੜ੍ਹਾਈ ਵਿੱਚ ਹਮੇਸ਼ਾ ਵਧੀਆ ਪੁਜ਼ੀਸ਼ਨਾਂ ਲੈ ਕੇ ਪਾਸ ਹੁੰਦੇ ਹਨ, ਉੱਥੇ ਖੇਡਾਂ ਵਿੱਚ ਵੀ ਮੱਲ੍ਹਾਂ ਮਾਰੀਆਂ।ਸਕੂਲ ਦੇ ਬੱਚਿਆਂ ਨੇ ਜ਼ਿਲ੍ਹਾ ਲੈਵਲ ਦੀਆਂ ਖੇਡਾਂ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰ ਕੇ ਸਕੂਲ ਦਾ ਮਾਣ ਵਧਾਇਆ, ਹੁਣ ਜ਼ਿਲ੍ਹਾ ਖੇਡ ਕਮੇਟੀ ਮੋਗਾ ਵੱਲੋਂ ਪੰਜਾਬ ਲੈਵਲ 'ਤੇ 10 ਨਵੰਬਰ ਤੋਂ 14 ਨਵੰਬਰ ਤੱਕ ਹੋ ਰਹੀਆਂ ਖੇਡਾਂ ਦੀ ਐਥਲੈਟਿਕਸ ਮੀਟ ਲਈ ਬੱਚਿਆਂ ਦੀ ਚੋਣ ਕੀਤੀ ਗਈ, ਜਿਨ੍ਹਾਂ ਬੱਚਿਆਂ ਨੇ ਜ਼ਿਲ੍ਹਾ ਲੈਵਲ 'ਤੇ ਪਹਿਲੀ ਜਾਂ ਦੂਸਰੀ ਪੁਜ਼ੀਸ਼ਨ ਹਾਸਲ ਕੀਤੀ ਸੀ, ਉਨ੍ਹਾਂ ਵਿੱਚ ਜੈਸਮੀਨ ਕੌਰ ਪੋਲਵਾਲਟ, ਹਰਲੀਨ ਕੌਰ ਰੀਲੇਅ, ਕਰਮਜੋਤ ਕੌਰ 200 ਮੀਟਰ ਰੇਸ, ਟਰਿਪਲ ਜੰਪ ਤੇ ਰੀਲੇਅ, ਏਕਮਜੋਤ ਕੌਰ ਰੀਲੇਅ, ਨਿਹਾਰੀਕਾ ਕਰਾਸ ਕੰਟਰੀ, ਸੁਮਿਤ ਨਰੂਲਾ ਰੀਲੇਅ, ਤਨਵੀਰ ਕੌਰ ਸ਼ਾਟਪੁੱਟ ਸ਼ਾਮਲ ਹਨ, ਜੋ ਜ਼ਿਲ੍ਹਾ ਮੋਗਾ ਵੱਲੋਂ ਪੰਜਾਬ ਐਥਲੈਟਿਕਸ ਮੀਟ ਵਿੱਚ ਹਿੱਸਾ ਲੈਣਗੇ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਨਾਲ ਸਕੂਲ ਤੇ ਬੱਚਿਆਂ ਦੇ ਮਾਤਾ-ਪਿਤਾ ਦਾ ਮਾਣ ਸਤਿਕਾਰ ਵੀ ਵਧੇਗਾ।ਉਨ੍ਹਾਂ ਦੱਸਿਆ ਕਿ ਸਕੂਲ ਵੱਲੋਂ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦਾ ਖੇਡਾਂ ਵਿੱਚ ਉਤਸ਼ਾਹ ਵਧਾਉਣ ਲਈ ਵੀ ਉਪਰਾਲੇ ਕੀਤੇ ਜਾਂਦੇ ਹਨ ਤੇ ਸਕੂਲ ਡੀ. ਪੀ. ਹਰਜਿੰਦਰ ਸਿੰਘ ਤੇ ਡੀ. ਪੀ. ਹਰਦੀਪ ਕੌਰ ਦੀ ਅਣਥੱਕ ਮਿਹਨਤ ਨਾਲ ਬੱਚੇ ਇਸ ਮੁਕਾਮ 'ਤੇ ਪਹੁੰਚੇ ਹਨ ਅਤੇ ਪ੍ਰਿੰਸੀਪਲ ਬਾਇਜੂ ਵਿਜੇ ਤੇ ਕੋਆਰਡੀਨੇਟਰ ਮਮਤਾ ਮੈਡਮ ਨੇ ਵੀ ਬੱਚਿਆਂ ਨੂੰ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣ 'ਤੇ ਵਧਾਈ ਦਿੱਤੀ ਅਤੇ ਜਿੱਤ ਲਈ ਸ਼ੁੱਭ-ਕਾਮਨਾਵਾਂ ਕੀਤੀਆਂ।

## ਰੇਲਵੇ ਸਟੇਸ਼ਨ 'ਤੇ ਬੀ ਕੇ ਯੂ ਕਾਦੀਆਂ ਦੇ ਪ੍ਰਧਾਨ ਵੱਲੋਂ ਮੁਰਦਾਬਾਦ ਦੀ ਨਾਅਰੇਬਾਜ਼ੀ ਕਰਨੀ ਅਤੀ ਨਿੰਦਣਯੋਗ : ਐੱਸ ਕੇ ਐੱਮ ਮੋਗਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਐੱਸ ਕੇ ਐੱਮ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਕੁੱਲ ਹਿੰਦ ਕਿਸਾਨ ਸਭਾ ਦੇ ਸ੍ਰ. ਹਰਦਿਆਲ ਸਿੰਘ ਘਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੋਗਾ ਰੇਲਵੇ ਸਟੇਸ਼ਨ 'ਤੇ ਹੋਏ ਘਟਨਾਕ੍ਰਮ ਦੀ ਨਿੰਦਾ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਮੋਗਾ ਰੇਲਵੇ ਸਟੇਸ਼ਨ 'ਤੇ ਡੀਏਪੀ ਖਾਦ ਦਾ ਰੈਕ ਲੱਗਿਆ ਸੀ, ਜਿਸ ਦੀ ਵੰਡ ਪ੍ਰਸ਼ਾਸਨ ਤੇ ਸਮੂਹ ਐੱਸ ਕੇ ਐੱਮ ਜਥੇਬੰਦੀ ਵੱਲੋਂ ਬੈਠ ਕੇ ਕਰ ਲਈ ਗਈ ਸੀ, ਪਰ ਪ੍ਰਸ਼ਾਸਨ ਦੀ ਉਸ ਵੰਡ ਨੂੰ ਦੂਜੇ ਜ਼ਿਲ੍ਹੇ ਤੋਂ ਆ ਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਰਨਾਲਾ ਦੇ ਪ੍ਰਧਾਨ ਨੇ ਐੱਸਕੇਐੱਮ ਦੀਆਂ ਭਰਾਤਰੀ ਜਥੇਬੰਦੀਆਂ ਲਈ ਮੁਰਦਾਬਾਦ ਦੇ ਨਾਅਰੇ ਲਾਏ। ਇਸ ਨਾਅਰੇਬਾਜ਼ੀ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਮੋਗਾ ਦੇ ਆਗੂਆਂ ਨੇ ਮੀਟਿੰਗ ਕੀਤੀ ਤੇ ਬੀਕੇਯੂ ਕਾਦੀਆਂ ਬਰਨਾਲਾ ਦੇ ਪ੍ਰਧਾਨ ਤੇ ਸਮੁੱਚੀ ਟੀਮ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਤੇ ਹੋਰ ਸਿਆਸੀ ਪਾਰਟੀਆਂ ਐੱਸ ਕੇ ਐੱਮ ਵਿੱਚ ਫੁੱਟ ਪਾਉਣ ਦਾ ਕੰਮ ਕਰ ਰਹੀਆਂ ਹਨ, ਇਸ ਲਈ ਸਾਡੀਆਂ ਜਥੇਬੰਦੀਆਂ ਨੂੰ ਰਾਜਨੀਤੀ ਤੇ ਚਾਲਬਾਜ਼ੀ ਤੋਂ ਸੁਚੇਤ ਹੋਣਾ ਪਵੇਗਾ। ਇਸ ਸਮੇਂ ਹਰਦਿਆਲ ਸਿੰਘ ਘਾਲੀ ਕੁੱਲ ਹਿੰਦ ਕਿਸਾਨ ਸਭਾ, ਭੁਪਿੰਦਰ ਸਿੰਘ ਦੌਲਤਪੁਰਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਸੂਬਾ ਆਗੂ ਗੁਲਜਾਰ ਸਿੰਘ ਘਲ ਕਲਾਂ, ਗੁਰਮੇਲ ਸਿੰਘ ਡਰੋਲੀ ਭਾਈ ਲੱਖੋਵਾਲ, ਮੋਦਨ ਸਿੰਘ ਨਿਧਾ ਵਾਲਾ ਲੱਖੋਵਾਲ, ਗੁਰਬਚਨ ਸਿੰਘ ਬੀਕੇਯੂ ਕਾਦੀਆਂ, ਮੁਕੰਦ ਕਮਲ ਬੀਕੇਯੂ ਕਾਦੀਆਂ, ਹਰਦੀਪ ਸਿੰਘ ਘਲ ਕਲਾਂ ਆਦਿ ਹਾਜ਼ਰ ਸਨ।

## ਯਾਦਵਿੰਦਰਾ ਡਿਪਾਰਟਮੈਂਟ ਆਫ ਇੰਜੀਨੀਅਰਿੰਗ ਵਿਖੇ ਵਿਦਾਇਗੀ ਪਾਰਟੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਦੇ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਦੇ ਬੀ. ਟੈੱਕ, ਐੱਮ.ਸੀ.ਏ., ਡਿਪਲੋਮਾ ਤੇ ਬੀ.ਸੀ.ਏ. ਦੇ ਵਿਦਿਆਰਥੀਆਂ ਨੇ ਅਖੀਰਲੇ ਸਮੈਸਟਰ ਦੇ ਬੀ. ਟੈੱਕ, ਐੱਮ.ਸੀ.ਏ., ਡਿਪਲੋਮਾ ਤੇ ਬੀ.ਸੀ.ਏ. ਦੇ ਵਿਦਿਆਰਥੀਆਂ ਲਈ 'ਫਾਈਨਲ-ਏ-ਫਿਏਸਤਾ' ਸਿਰਲੇਖ ਹੇਠ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪਾਰਟੀ ਦੇ ਕੋਆਰਡੀਨੇਟਰ ਡਾ: ਗਗਨਦੀਪ ਕੌਸ਼ਲ ਦੇ ਸੁਆਗਤੀ ਭਾਸ਼ਣ 'ਇੱਕ ਨਵੀਂ ਸ਼ੁਰੂਆਤ ਦਾ ਮਿੱਠਾ ਅੰਤ' ਵਿਸ਼ੇ ਨਾਲ ਕੀਤੀ।ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ, ਫੈਸ਼ਨ ਸ਼ੋਅ, ਗੀਤਾਂ ਤੇ ਡਾਂਸ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਡਾ. (ਪ੍ਰੋ) ਸਿੰਪਲ ਜਿੰਦਲ, ਵਿਭਾਗ ਦੇ ਮੁਖੀ ਨੇ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਸ਼ਬਦਾਂ ਨਾਲ ਸੰਬੋਧਨ ਕੀਤਾ ਅਤੇ ਭਵਿੱਖ ਵਿੱਚ ਹੋਰ ਯਤਨਾਂ ਤੇ ਉਚਾਈਆਂ ਹਾਸਲ ਕਰਨ ਲਈ ਅਸ਼ੀਰਵਾਦ ਦਿੱਤਾ। ਉਨ੍ਹਾਂ ਨੇ ਸਾਰੇ ਅਖੀਰਲੇ ਸਾਲ ਵਾਲੇ ਵਿਦਿਆਰਥੀਆਂ ਨੂੰ ਸਨੇਹ ਚਿੰਨ੍ਹ ਨਾਲ ਸਨਮਾਨਤ ਕੀਤਾ।ਮਿਸਟਰ ਕਪਿਲ ਮਹਾਰ ਬੀ. ਟੈੱਕ ਈਸੀਐੱਮ ਫਾਈਨਲ ਸਾਲ ਨੂੰ ਮਿਸਟਰ ਫੇਅਰਵੈੱਲ ਚੁਣਿਆ ਗਿਆ ਤੇ ਐੱਮਸੀਏ ਫਾਈਨਲ ਈਅਰ ਦੀ ਵਿਦਿਆਰਥਣ ਮਿਸ ਅੰਜਲੀ ਨੂੰ ਮਿਸ ਫੇਅਰਵੈੱਲ ਦਾ ਤਾਜ ਪਹਿਨਾਇਆ ਗਿਆ। ਬੀ.ਟੈੱਕ. ਸੀ.ਐੱਸ.ਈ. ਅਖੀਰਲੇ ਸਾਲ ਦੇ ਮਿਸਟਰ ਸ਼ਿਵਮ ਸ਼ਰਮਾ ਨੂੰ ਮਿਸਟਰ ਪਰਫੈਕਟ ਤੇ ਮਿਸ ਰੀਆ ਸ਼ਰਮਾ ਨੂੰ ਮਿਸ ਚਾਰਮਿੰਗ ਆਫ ਈਵੈਂਟ ਚੁਣਿਆ ਗਿਆ।ਇਸ ਮੌਕੇ ਕੈਂਪਸ ਡਾਇਰੈਕਟਰ ਵੱਲੋਂ ਪਾਸ ਆਊਟ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਤਹਿ ਦਿਲੋਂ ਧੰਨਵਾਦ ਕੀਤਾ।ਇਸ ਪਾਰਟੀ ਦੇ ਪ੍ਰਬੰਧਕਾਂ ਡਾ. ਗਗਨਦੀਪ ਕੌਸ਼ਲ, ਡਾ. ਸੁਨੀਤਾ ਰਾਣੀ ਤੇ ਸ੍ਰੀ ਰਾਮ ਸਿੰਘ ਦੀ ਦੇਖ-ਰੇਖ ਵਿੱਚ ਇਹ ਪਾਰਟੀ ਸੁਚੱਜੇ ਢੰਗ ਨਾਲ ਸੰਪੂਰਨ ਹੋਈ।ਇਸ ਪ੍ਰੋਗਰਾਮ ਦੌਰਾਨ ਵਿਭਾਗ ਦੇ ਸਮੂਹ ਸਟਾਫ਼ (ਅਧਿਆਪਨ ਤੇ ਗੈਰ-ਅਧਿਆਪਨ) ਹਾਜ਼ਰ ਸਨ।

## ਰੰਗੋਹਰ ਸਕੂਲ ਦੇ ਸਟਾਫ ਨੇ ਪੰਚਾਇਤ ਅੱਗੇ ਰੱਖੀਆਂ ਸਕੂਲ ਦੀਆਂ ਮੰਗਾਂ

### ਸਮਾਜ ਸੇਵੀ ਮਾ: ਜਗਰਾਜ ਭੱਠਲ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਗੰਗੋਹਰ (ਬਰਨਾਲਾ) ਵਿਖੇ ਪ੍ਰਬੰਧਕ ਕਮੇਟੀ, ਮੁੱਖ ਅਧਿਆਪਕ ਤੇ ਸਮੂਹ ਸਟਾਫ਼ ਵੱਲੋਂ ਨਵੀਂ ਚੁਣੀ ਪੰਚਾਇਤ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਨੇ ਸਕੂਲ ਦੀਆਂ ਮੰਗਾਂ ਪੰਚਾਇਤ ਅੱਗੇ ਰੱਖੀਆਂ।ਸਰਪੰਚ ਮਨਜੀਤ ਕੌਰ ਤੇ ਸਮੂਹ ਪੰਚਾਇਤ ਨੇ ਭਰੋਸਾ ਦਿੱਤਾ ਕਿ ਕਾਰਜਭਾਰ ਸੰਭਾਲਣ ਉਪਰੰਤ ਸਕੂਲ ਦੀਆਂ ਮੰਗਾਂ ਨੂੰ ਪੂਰਾ ਕਰਨਾ ਉਨ੍ਹਾਂ ਦਾ ਮੁੱਖ ਟੀਚਾ ਹੋਵੇਗਾ।ਇਸ ਮੌਕੇ ਸਕੂਲ ਦੀ ਦਿੱਖ ਸੁਧਾਰਨ ਲਈ ਇੱਕ ਲੱਖ ਰੁਪਇਆ ਦਾਨ ਦੇਣ ਬਦਲੇ ਜਗਰਾਜ ਸਿੰਘ ਭੱਠਲ ਈ ਟੀ ਟੀ ਅਧਿਆਪਕ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਅਵਤਾਰ ਸਿੰਘ ਪੰਡੋਰੀ ਈ.ਟੀ.ਟੀ. ਅਧਿਆਪਕ ਨੂੰ ਖੇਡਾਂ ਵਿੱਚ ਵਿਸ਼ੇਸ਼ ਉਪਲੱਬਧੀਆਂ, ਮੈਡਮ ਮਨੀਸ਼ਾ ਰਿਖੀ ਨੂੰ ਦੋ ਸਾਲ ਤੋਂ ਮੁਫ਼ਤ ਸੇਵਾਵਾਂ ਨਿਭਾਉਣ ਬਦਲੇ ਤੇ ਹੈੱਡ ਟੀਚਰ ਵਰਿੰਦਰ ਕੁਮਾਰ ਨੂੰ ਵਧੀਆ ਟੀਮ ਵਰਕ ਅਤੇ ਸਕੂਲ ਪ੍ਰਬੰਧ ਲਈ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਪੱਧਰੀ ਖੇਡਾਂ 'ਚ ਮੱਲ੍ਹਾਂ ਮਾਰਨ ਵਾਲੀ ਹੈਂਡਬਾਲ ਮੁੰਡੇ ਦੀ ਟੀਮ ਤੇ ਪੰਜਾਬ ਪੱਧਰੀ ਸ਼ਾਟ-ਪੁੱਟ ਮੁਕਾਬਲੇ ਵਿੱਚ ਭਾਗ ਲੈਣ ਜਾ ਰਹੀ ਬੱਚੀ ਨੂੰ ਮੈਡਲ ਤੇ ਟਰਾਫ਼ੀਆਂ ਭੇਟ ਕਰ ਕੇ ਹੌਸਲਾ ਅਫਜ਼ਾਈ ਕੀਤੀ ਗਈ।

## ਮਿੱਡ ਡੇ ਮੀਲ ਤੇ ਆਸ਼ਾ ਵਰਕਰਾਂ ਜ਼ਿਮਨੀ ਚੋਣ ਹਲਕਿਆਂ 'ਚ ਅੱਜ ਕਰਨਗੀਆਂ ਝੰਡਾ ਮਾਰਚ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਮਾਣ ਭੱਤਾ ਵਰਕਰਜ਼ ਸਾਂਝਾ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਮਨੀ ਚੋਣ ਉਮੀਦਵਾਰਾਂ ਵਿਰੁੱਧ ਵਿਰੁੱਧ ਵਿਸ਼ਾਲ ਝੰਡਾ ਮਾਰਚ ਕੀਤਾ ਜਾਵੇਗਾ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਮਿੱਡ ਡੇ ਮੀਲ ਵਰਕਰ ਯੂਨੀਅਨ ਪੰਜਾਬ ਦੀ ਪ੍ਰਧਾਨ ਲਖਵਿੰਦਰ ਕੌਰ, ਜਰਨਲ ਸਕੱਤਰ ਮਮਤਾ ਸ਼ਰਮਾ, ਡੈਮੋਕ੍ਰੇਟਿਕ ਆਸ਼ਾ ਵਰਕਰ ਤੇ ਫੈਸੀਲੀਟੇਟਰ ਯੂਨੀਅਨ ਪੰਜਾਬ ਦੀ ਪ੍ਰਧਾਨ ਮਨਦੀਪ ਕੌਰ ਬਿਲਗਾ, ਜਰਨਲ ਸਕੱਤਰ ਸ਼ਕੁੰਤਲਾ ਸਰੋਏ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਸ਼ਾ ਤੇ ਮਿੱਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ, ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਵਾਅਦਾ ਖਿਲਾਫੀ ਕਰਨ, ਘੱਟੋ ਘੱਟ ਮਿਨੀਮਮ ਵੇਜ ਐਕਟ ਲਾਗੂ ਨਾ ਕਰਨ, ਮਾਣ ਭੱਤਾ ਦੁੱਗਣਾ ਕਰਨ, ਈ ਐੱਸ ਆਈ, ਈ ਪੀ ਐੱਫ ਸਮੇਤ 10 ਲੱਖ ਦਾ ਮੁਫ਼ਤ ਮੈਡੀਕਲ ਬੀਮਾ ਲਾਗੂ ਕਰਨ, ਮਾਣ ਭੱਤਾ ਵਰਕਰਾਂ ਦੀ ਸੇਵਾ ਮੁਕਤੀ ਦੀ ਉਮਰ ਹੱਦ 65 ਸਾਲ ਕਰਨ ਆਦਿ ਮੰਗਾਂ ਲਈ 10 ਨਵੰਬਰ ਨੂੰ ਗਿੱਦੜਵਾਹਾ, ਚੱਬੇਵਾਲ, ਡੇਰਾ ਬਾਬਾ ਨਾਨਕ ਤੇ ਬਰਨਾਲਾ ਜ਼ਿਮਨੀ ਚੋਣ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਝੰਡਾ ਮਾਰਚ ਕੀਤੇ ਜਾਣਗੇ ਅਤੇ ਹਲਕੇ ਦੇ ਚੋਣ ਲੜ ਰਹੇ ਸੱਤਾਧਾਰੀ ਉਮੀਦਵਾਰਾਂ ਦੇ ਦਫਤਰਾਂ ਤੇ ਰਿਹਾਇਸ਼ ਦੇ ਘਿਰਾਓ ਵੀ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਝੰਡਾ ਮਾਰਚਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਤੇ ਸਮੂਹ ਜ਼ਿਲ੍ਹਾ ਆਗੂਆਂ ਨੂੰ ਸਾਰੇ ਰੂਟ ਦੱਸ ਦਿੱਤੇ ਗਏ ਹਨ।ਸਾਰੇ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਭੈਣਾਂ ਸ਼ਮੂਲੀਅਤ ਕਰਨਗੀਆਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਸਬੰਧੀ ਗੰਭੀਰਤਾ ਨਾ ਦਿਖਾਈ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਨੌਜਵਾਨਾਂ ਨੂੰ ਕਰੇਗਾ ਨਸ਼ਿਆਂ ਵਿਰੁੱਧ ਜਾਗਰੂਕ : ਐੱਸ ਆਈ ਪ੍ਰਦੀਪ ਕੁਮਾਰ



**ਪਟਿਆਲਾ ( ਰਾਜਿੰਦਰ ਸਿੰਘ ਥਿੰਦ)**- ਸਾਂਝ ਕੇਂਦਰ ਸਿਟੀ 1 ਪਟਿਆਲਾ ਵਲੋਂ ਏ ਡੀ ਜੀ ਪੀ ਕਮਿਊਨਿਟੀ ਅਫੇਅਰ ਗੁਰਪ੍ਰੀਤ ਕੌਰ ਦਿਉ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾ. ਨਾਨਕ ਸਿੰਘ, ਐਸ ਪੀ ਹੈਡਕੁਆਰਟਰ ਅਤੇ ਨੋਡਲ ਅਫ਼ਸਰ ਕਮਿਊਨਿਟੀ ਅਫੇਅਰ ਹਰਵੰਤ ਕੌਰ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਂਝ ਕੇਂਦਰ ਸਿਟੀ 1 ਦੇ ਇੰਚਾਰਜ ਐਸ ਆਈ ਪ੍ਰਦੀਪ ਕੁਮਾਰ ਵਲੋਂ ਨਸ਼ਿਆਂ ਵਿਰੁੱਧ ਪ੍ਰੋਗਰਾਮ ਕਰਨ ਕਮੇਟੀ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਜਗਜੀਤ ਸਿੰਘ ਸੱਗੂ ਮੈਂਬਰ ਸਾਂਝ ਕੇਂਦਰ ਸਿਟੀ 1, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ ਸਿਟੀ 1, ਹਰਭਗਵਾਨ ਸਿੰਘ ਬਾਠ, ਇੰਦਰਜੀਤ ਸਿੰਘ ਖਰੋੜ, ਸਰਵਦਮਨ ਭਰਤ, ਰਵਿੰਦਰ ਰਵੀ ਸਾਰੇ ਮੈਂਬਰ ਸਾਂਝ ਕੇਂਦਰ ਸਿਟੀ 1, ਸਤਪਾਲ ਪਰਾਸ਼ਰ ਤੋਂ ਇਲਾਵਾ ਏ ਐਸ ਆਈ ਸੁਭਾਸ਼ ਕੁਮਾਰ, ਸੀਨੀਅਰ ਸਿਪਾਹੀ ਵਰਿੰਦਰ ਸਿੰਘ, ਸੀਨੀਅਰ ਸਿਪਾਹੀ ਸਵਰਨ ਸਿੰਘ, ਕਾਂਸਟੇਬਲ ਬੀਰਬਲ ਖਾਨ, ਮਹਿਲਾ ਸਿਪਾਹੀ ਗੁਰਪ੍ਰੀਤ ਕੌਰ, ਮਹਿਲਾ ਸਿਪਾਹੀ ਪ੍ਰਭਜੀਤ ਕੌਰ ਵੀ ਹਾਜ਼ਰ ਸਨ। ਇਸ ਮੌਕੇ ਸਾਂਝ ਕੇਂਦਰ ਸਿਟੀ 1 ਪਟਿਆਲਾ ਦੇ ਇੰਚਾਰਜ ਐਸ ਆਈ ਪ੍ਰਦੀਪ ਕੁਮਾਰ ਨੇ ਕਿਹਾ ਕਿ ਸੀਨੀਅਰ ਅਫ਼ਸਰ ਸਾਹਿਬਾਨ ਦੇ ਹੁਕਮਾਂ ਅਨੁਸਾਰ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਲੜੀਵਾਰ ਪ੍ਰੋਗਰਾਮ ਆਯੋਜਿਤ ਕਰਨ ਲਈ ਕਮੇਟੀ ਮੈਂਬਰਾਂ ਨਾਲ ਅਹਿਮ ਮੀਟਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਂਝ ਕੇਂਦਰ ਸਿਟੀ 1 ਸਕੂਲਾਂ ਕਾਲਜਾਂ, ਸਲੱਮ ਏਰੀਏ ਅਤੇ ਹੋਰ ਵੱਖ ਵੱਖ ਥਾਵਾਂ 'ਤੇ ਜਾ ਕੇ ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਸੀਨੀਅਰ ਅਫ਼ਸਰ ਸਾਹਿਬਾਨ ਵਲੋਂ ਸਖਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਸੀਲ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਅੱਗੇ ਆਉਣਾ ਪਵੇਗਾ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸਾ ਮੁਕਤ ਸਮਾਜ ਦੇ ਸਕਾਂਗੇ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਸੂਚਨਾ ਪੁਲਸ ਨੂੰ ਦਿੱਤੀ ਜਾਵੇ।

## ਰੈੱਡ ਰਿਬਨ ਕਲੱਬ ਵੱਲੋਂ ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲੇ



**ਮਾਨਸਾ (ਆਤਮਾ ਸਿੰਘ ਪਮਾਰ)** : ਯੁਵਕ ਸੇਵਾਵਾਂ ਵਿਭਾਗ ਮਾਨਸਾ ਦੇ ਸਹਾਇਕ ਡਾਇਰੈਕਟਰ ਰਘਬੀਰ ਸਿੰਘ ਮਾਨ ਤੇ ਸੰਸਥਾ ਦੇ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਦੀ ਅਗਵਾਈ ਹੇਠ ਰੈੱਡ ਰਿਬਨ ਕਲੱਬ ਸਰਕਾਰੀ ਆਈ.ਟੀ.ਆਈ. ਮਾਨਸਾ ਵੱਲੋਂ ਸਰਕਾਰੀ ਆਈ.ਟੀ.ਆਈ. ਮਾਨਸਾ ਵਿਖੇ ਭਾਸ਼ਣ, ਕਵਿਤਾ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ ਆਈ.ਟੀ.ਆਈ. ਦੀਆਂ ਸਾਰੀਆਂ ਟਰੇਡਾਂ ਦੇ ਸਿਖਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੈਮੀਨਾਰ ਦੌਰਾਨ ਮੁੱਖ ਮਹਿਮਾਨ ਸ੍ਰੀ ਰਘਵੀਰ ਸਿੰਘ ਮਾਨ ਨੇ ਵਲੰਟੀਅਰਜ਼ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤੇ ਐੱਚ.ਆਈ.ਵੀ. (ਏਡਜ਼) ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਰੈੱਡ ਰਿਬਨ ਕਲੱਬ ਦੇ ਕੋਆਰਡੀਨੇਟਰ ਜਸਪਾਲ ਸਿੰਘ ਨੇ ਦੱਸਿਆ ਕਿ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਰਿੰਕੂ ਕੌਰ ਸਿਵਿੰਗ ਟੈਕਨਾਲੋਜੀ ਨੇ ਪਹਿਲਾ ਸਥਾਨ, ਰਮਨਦੀਪ ਕੌਰ ਟਰੇਡ ਸੀਵਿੰਗ ਟੈਕਨਾਲੋਜੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਭਾਸ਼ਨ ਮੁਕਾਬਲਿਆਂ ਵਿੱਚ ਜਸਪ੍ਰੀਤ ਕੌਰ ਟਰੇਡ ਕਢਾਈ ਨੇ ਪਹਿਲਾ ਸਥਾਨ, ਹਰਜਿੰਦਰ ਸਿੰਘ ਟਰੇਡ ਕੋਪਾ ਨੇ ਦੂਜਾ ਸਥਾਨ, ਕਵਿਤਾ ਮੁਕਾਬਲਿਆਂ ਵਿੱਚ ਬਲਜੀਤ ਸਿੰਘ ਟਰੇਡ ਇਲੈਕਟ੍ਰੀਸ਼ੀਅਨ ਨੇ ਪਹਿਲਾ ਸਥਾਨ, ਸਿਮਰਜੀਤ ਕੌਰ ਟਰੇਡ ਕਢਾਈ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰੋਫੈਸਰ ਗੁਰਸੇਵਕ ਸਿੰਘ, ਪ੍ਰੋਫੈਸਰ ਮਨਦੀਪ ਕੌਰ, ਪ੍ਰੋਫੈਸਰ ਸਿੰਮੀ ਬਾਂਸਲ, ਮਨਜੀਤ ਸਿੰਘ ਵੈਲਡਰ ਇੰਸਟ੍ਰਕਟਰ, ਧਰਮਿੰਦਰ ਸਿੰਘ ਪਲੰਬਰ, ਨਰਦੀਪ ਸਿੰਘ, ਸ਼੍ਰੀਮਤੀ ਕੁਲਵਿੰਦਰ ਕੌਰ, ਰਮਨਪ੍ਰੀਤ ਕੌਰ (ਇੰਸਟਰਕਟਰ) ਹਰਜਿੰਦਰ ਸਿੰਘ, ਹਰਪ੍ਰੀਤ ਸਿੰਘ ਸਮੇਤ ਸਿੱਖਿਆਰਥੀ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਆਂਗਨਵਾੜੀ ਵਰਕਰਾਂ...

'ਚ ਕਿਹਾ ਗਿਆ ਹੈ ਕਿ 10 ਸਾਲਾਂ ਤੋਂ ਵੱਧ ਸਮੇਂ ਤੱਕ ਅਤੇ ਦਿਨ 'ਚ ਛੇ ਘੰਟੇ ਤੋਂ ਵੱਧ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਰਾਜ ਸਰਕਾਰ ਦੇ ਕਰਮਚਾਰੀ ਹੋਣ ਦੇ ਨਾਤੇ ਕੋਈ ਵੀ ਲਾਭ ਦੇਣ ਦੀ ਥਾਂ ਮਹਿਜ਼ ਮਾਣ-ਭੱਤੇ ਵਜੋਂ ਮਾਮੂਲੀ ਰਕਮ ਦਿੱਤੀ ਜਾਂਦੀ ਹੈ। ਉਨ੍ਹਾਂ ਅਦਾਲਤ ਨੂੰ ਉਨ੍ਹਾਂ ਦੇ 'ਬਣਦੇ ਹੱਕ' ਦੇਣ ਲਈ ਸਰਕਾਰ ਨੂੰ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ ਸੀ।

ਪਟੀਸ਼ਨਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਾਵੇਂ ਨਿਯਮਤ ਪ੍ਰਕਿਰਿਆ ਰਾਹੀਂ ਭਰਤੀ ਕੀਤਾ ਗਿਆ, ਪਰ ਇਸ ਦੇ ਬਾਵਜੂਦ ਉਨ੍ਹਾਂ ਨਾਲ ਸਰਕਾਰੀ ਕਰਮਚਾਰੀਆਂ ਦੀ ਥਾਂ ਇੱਕ ਸਕੀਮ ਅਧੀਨ ਕੰਮ ਕਰਨ ਵਾਲਿਆਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ। ਅਦਾਲਤ ਨੇ ਬੀਤੀ 30 ਅਕਤੂਬਰ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੇ ਆਪਣੇ ਫੈਸਲੇ 'ਚ ਕਿਹਾ—ਜਿੱਥੋਂ ਤੱਕ ਵਿਤਕਰੇ ਦਾ ਸਵਾਲ ਹੈ, ਤਾਂ ਕੰਮਾਂ, ਫਰਜ਼ਾਂ ਅਤੇ ਜ਼ਿੰਮੇਵਾਰੀਆਂ ਦੇ ਮੁਕਾਬਲੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਨਿਗੂਣੀਆਂ ਤਨਖਾਹਾਂ ਤੋਂ ਇਸ ਅਦਾਲਤ ਨੂੰ ਸਾਫ ਦਿਖਾਈ ਦੇ ਰਿਹਾ ਹੈ।

### ਲੋਕਾਂ ਖਿਲਾਫ਼...

ਲਈ ਤਕੀਦ ਕੀਤੀ। ਸਮਾਗਮ ਦੇ ਅੰਤ ਵਿੱਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਭ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਅਦਾ ਕੀਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜੰਡਿਆਲਾ ਹਲਕੇ ਤੋਂ ਵੱਡੀ ਗਿਣਤੀ 'ਚ ਸਰਪੰਚਾਂ-ਪੰਚਾਂ ਨੇ ਲੁਧਿਆਣਾ ਵਿਖੇ ਚੁੱਕੀ ਸਹੁੰ

## ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਵਿਕਾਸ ਕੰਮਾਂ ਨੂੰ ਦਿੱਤੀ ਜਾਵੇ ਤਰਜੀਹ : ਈ ਟੀ ਓ



**ਜੰਡਿਆਲਾ ਗੁਰੂ, ਅੰਮ੍ਰਿਤਸਰ (ਹਰਿੰਦਰਪਾਲ ਸਿੰਘ, ਨਰਿੰਦਰਜੀਤ ਸਿੰਘ)**

ਜੰਡਿਆਲਾ ਹਲਕੇ ਤੋਂ ਵੱਡੀ ਗਿਣਤੀ ਵਿੱਚ ਸਰਪੰਚ ਅਤੇ ਪੰਚ ਲੁਧਿਆਣਾ ਵਿਖੇ ਹੋਏ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਿਲ ਹੋਏ।ਇਨ ਾਂ ਸਰਪੰਚਾਂ ਨੂੰ ਸੰਬੋਧਨ ਕਰਦੇ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਲੋਕਾਂ ਵੱਲੋਂ ਬਹੁਤ ਵੱਡਾ ਫਤਵਾ ਦਿੱਤਾ ਹੈ ਜਿਨ ਾਂ ਨੇ ਇਮਾਨਦਾਰ ਲੋਕਾਂ ਨੂੰ ਚੁਣ ਪਿੰਡਾਂ ਦੇ ਮੋਹਰੀ ਬਣਾਇਆ ਹੈ।ਉਨ ਾਂ ਕਿਹਾ ਕਿ ਸੂਬੇ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਲੋਕਾਂ ਨੇ ਸਰਬਸੰਮਤੀ ਨਾਲ ਸਰਪੰਚਾਂ ਦੀ ਚੋਣ ਕੀਤੀ ਹੈ।ਉਨ ਾਂ ਕਿਹਾ ਲੋਕਾਂ ਨੇ ਆਪ ਵੱਡਾ ਫਤਵਾ ਦੇ ਕੇ ਇਨ ਾਂ ਪੰਚਾਂ/ਸਰਪੰਚਾਂ ਨੂੰ ਨਿਵਾਜਿਆ ਹੈ।ਉਨ ਾਂ ਪਿਛਲੀਆਂ ਸਰਕਾਰਾਂ ਦੀ ਫੁੱਟ ਪਾਓ ਅਤੇ ਰਾਜ ਕਰੋ ਦੀ ਨੀਤੀ ਨਾਲ ਪਿੰਡ ਵਿਕਾਸ ਪਿਛੋਂ ਕਾਫੀ ਪੱਛੜ ਗਏ ਸਨ ਜਿਸ ਕਰਕੇ ਸੜਕਾਂ, ਸਕੂਲੀ ਇਮਾਰਤਾਂ, ਹਸਪਤਾਲਾਂ ਦੀ ਹਾਲਤ ਕਾਫੀ ਤਰਸਯੋਗ ਹੋ ਗਈ ਸੀ।ਉਨ ਾਂ ਕਿਹਾ ਕਿ ਪਿੰਡ ਦਾ ਸਰਪੰਚ ਕਿਸੇ ਪਾਰਟੀ ਦਾ ਨਹੀਂ ਹੁੰਦਾ ਸਗੋਂ ਸਮੁੱਚੇ ਪਿੰਡ ਦਾ ਹੁੰਦਾ ਹੈ ਅਤੇ ਉਸ ਨੂੰ ਚਾਹੀਦਾ ਹੈ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਆਪਣੇ ਪਿੰਡ ਦਾ ਵਿਕਾਸ ਕਰੇ।ਉਨ ਾਂ ਕਿਹਾ ਕਿ ਪਿੰਡਾਂ ਦੇ ਸਰਪੰਚਾਂ ਪੰਚਾਂ ਵਿੱਚ ਕੰਮ ਕਰਨ ਦਾ ਕਾਫੀ ਉਤਸ਼ਾਹ ਹੈ ਅਤੇ ਸਰਕਾਰ ਵੀ ਉਨਾਂ ਦੇ ਨਾਲ ਮੋਢੇ ਦਾ ਮੋਢਾ ਜੋੜ ਕੇ ਖੜੀ ਹੈ। ਉਨ ਾਂ ਕਿਹਾ ਕਿ ਪੰਚਾਂ ਸਰਪੰਚਾਂ ਦਾ ਰਾਜ ਧਰਮ ਦਾ ਪਾਲਣ ਕਰਨਾ ਹੀ ਸਭ ਤੋ ਵੱਡੀ ਜ਼ਿੰਮੇਵਾਰੀ ਹੈ, ਚੋਣਾਂ ਵਿੱਚ ਮਿਲੀ ਮਿਸਾਲੀ ਜਿੱਤ ਤੋ ਬਾਅਦ ਹਉਮੈ ਨੂੰ ਤਿਆਗ ਕੇ ਸੇਵਾ ਦੀ ਭਾਵਨਾ ਨਾਲ ਕੰਮ ਕਰਨਾ ਹੀ ਪੰਚਾਂ/ਸਰਪੰਚਾਂ ਦਾ ਫਰਜ਼ ਹੈ। ਇਸ ਲਈ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਹੋਵੇਗਾ।ਇਸ ਦੇ ਲਈ ਅਗਲੇ ਕੁਝ ਦਿਨਾਂ ਵਿਚ ਮੁੜ ਆਪ ਦੀ ਸਰਕਾਰ, ਆਪ ਦੇ ਦੁਆਰ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ ਤੇ 'ਸਾਡਾ ਐੱਮਐੱਲਏ ਸਾਡੇ ਵਿਚ' ਮੁਹਿੰਮ ਤਹਿਤ ਪਿੰਡਾਂ ਦੀਆਂ ਸਾਂਝੀਆਂ ਸੱਥਾਂ ਵਿਚ ਬੈਠ ਕੇ ਵਿਕਾਸ ਦੀ ਵਿਉਂਤਬੰਦੀ ਕਰਨ ਦੇ ਨਾਲ-ਨਾਲ ਧੰਨਵਾਦੀ ਦੌਰੇ ਕੀਤੇ ਜਾਣਗੇ।

# ਰਾਜ ਪੱਧਰੀ ਅਥਲੈਟਿਕਸ ਖੇਡਾਂ ਲਈ ਵਿਦਿਆਰਥੀਆਂ ਦੀ ਚੋਣ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਪਿਛਲੇ ਦਿਨੀਂ 68ਵੀਆਂ ਜ਼ਿਲ ਾ ਪੱਧਰੀ ਅਥਲੈਟਿਕਸ ਖੇਡਾਂ ਗੁਰੂ ਅਰਜਨ ਦੇਵ ਸਟੇਡੀਅਮ, ਤਰਨ ਤਾਰਨ ਵਿਖੇ ਕਰਵਾਈਆਂ ਗਈਆਂ ਜਿਸ ਵਿੱਚ ਤਰਨ ਤਾਰਨ ਜ਼ਿਲ੍ਹੇ ਦੇ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਨ ਾਂ ਖੇਡ ਮੁਕਾਬਲਿਆਂ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਬਣਾਉਣਾ ਸੀ।ਇਨ ਾਂ ਅਥਲੈਟਿਕਸ ਖੇਡਾਂ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੀ ਮਿਹਨਤ ਅਤੇ ਆਪਣੇ ਕੋਚ ਸੁਖਵਿੰਦਰ ਸਿੰਘ ਅਤੇ ਰਾਜਬੀਰ ਕੌਰ ਦੀ ਯੋਗ ਅਗਵਾਈ ਸਦਕਾ ਜੈਵਲਿਨ ਥ੍ਰੋ (ਅੰਡਰ-17) ਅਤੇ 5000 ਮੀਟਰ ਵਾਲਕ ਰੇਸ (ਅੰਡਰ-17) ਵਿੱਚੋਂ ਪਹਿਲਾ ਸਥਾਨ, ਡਿਸਕਸ ਥ੍ਰੋ (ਅੰਡਰ-17), 5000 ਮੀਟਰ ਵਾਲਕ ਰੇਸ (ਅੰਡਰ-17), ਰਿਲੇਅ ਰੇਸ, ਅੰਡਰ 14 ਵਿੱਚ ਦੂਜਾ ਸਥਾਨ ਅਤੇ ਹਰਡਲ ਰੇਸ 80 ਮੀਟਰ (ਅੰਡਰ-14), ਰਿਲੇਅ ਰੇਸ 400 ਮੀਟਰ (ਅੰਡਰ-17), ਸ਼ਾੱਟ-ਪੁੱਟ (ਅੰਡਰ-17) ਤੇ ਰਿਲੇਅ ਰੇਸ 400 ਮੀਟਰ (ਅੰਡਰ-17) ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਪੂਰੇ ਜ਼ਿਲ੍ਹੇ ਵਿੱਚ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਦੱਸਿਆ ਕਿ ਇਹ ਜੇਤੂ ਵਿਦਿਆਰਥੀ ਰਾਜ ਪੱਧਰੀ ਖੇਡਾਂ ਵਿੱਚ ਭਾਗ ਲੈਣਗੇ।




# ਨਾਜਾਇਜ਼ ਪੁਲਸ ਕੇਸਾਂ ਖਿਲਾਫ ਜਨਤਕ ਜਥੇਬੰਦੀਆ ਡੀ ਐੱਸ ਪੀ ਅਜਨਾਲਾ ਨੂੰ ਮਿਲੀਆਂ

## ਭਲਕ ਨੂੰ ਪੁਲਸ ਪ੍ਰਸ਼ਾਸਨ ਵਿਰੁੱਧ ਦਿੱਤਾ ਜਾਣ ਵਾਲਾ ਵਿਸ਼ਾਲ ਧਰਨਾ ਪੰਦਰਾਂ ਦਿਨਾਂ ਲਈ ਮੁਲਤਵੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਭਾਰਤ-ਪਾਕ ਸਰਹੱਦੀ ਪਿੰਡਾਂ ਵਿੱਚ ਕੁੱਝ ਸਮਾਜ ਵਿਰੋਧੀ ਅਨਸਰ ਆਪਣੇ ਮੁਫਾਦ ਅਤੇ ਲੈਣ ਦੇਣ ਲਈ ਲੋਕਾਂ 'ਤੇ ਨਾਜਾਇਜ਼ ਪੁਲਸ ਕੇਸ ਬਣਾਉਂਦੇ ਰਹਿੰਦੇ ਹਨ! ਪਿਛਲੇ ਸਮੇਂ 'ਚ ਥਾਣਾ ਅਜਨਾਲਾ ਦੇ ਇਲਾਕੇ 'ਚ ਅਜਿਹੇ ਬਣਾਏ ਗਏ ਕੇਸ ਪੁਲਸ ਦੇ ਧਿਆਨ ਵਿੱਚ ਲਿਆਂਦੇ ਜਾਦੇ ਰਹੇ ਹਨ ਪ੍ਰੰਤੂ ਪੁਲਸ ਵੱਲੋਂ ਉਚਿਤ ਕਾਰਵਈ ਨਾ ਕਰਨ ਵਿਰੁੱਧ ਜਨਤਕ ਜਥੇਬੰਦੀਆਂ ਵੱਲੋਂ 11 ਨਵੰਬਰ ਨੂੰ ਪੁਲਸ ਪ੍ਰਸ਼ਾਸ਼ਨ ਵਿਰੁੱਧ ਵਿਸ਼ਾਲ ਧਰਨਾ ਤੇ ਮੁਜ਼ਾਹਰਾ ਕਰਨ ਦਾ ਫੈਸਲਾ ਉਲੀਕਿਆ ਗਿਆ ਸੀ ਜਿਸ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਜਿਸ ਦੇ ਮੱਦੇਨਜ਼ਰ ਮੰਗਾਂ ਦੇ ਨਿਪਟਾਰੇ ਲਈ ਡੀਐੱਸਪੀ ਅਜਨਾਲਾ ਗੁਰਵਿੰਦਰ ਸਿੰਘ ਨੇ ਜਥੇਬੰਦੀਆਂ ਦੇ ਆਗੂਆਂ ਨੂੰ ਗੱਲਬਾਤ ਲਈ ਸੱਦਿਆ! ਜਮੂਹਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਦੀ ਅਗਵਾਈ ਚ ਜਥੇਬੰਦੀਆਂ ਦੇ ਆਗੂ ਲਖਬੀਰ ਸਿੰਘ ਤੇੜਾ, ਜੱਗਾ ਸਿੰਘ ਡੱਲਾ, ਗਾਇਕ ਗੁਰਪਾਲ ਗਿੱਲ ਸੈਦਪੁਰ ਅਤੇ ਪੀੜਤ ਬਲਵਿੰਦਰ ਸਿੰਘ ਕੋਟਲਾ ਸੁਰਾਜ ਲੁਹਾਰ, ਬੂਰਾ ਸਿੰਘ ਖਾਨ ਵਾਲ, ਮੁਖਤਾਰ ਸਿੰਘ ਡੱਲਾ ਨੇ ਡੀਐੱਸਪੀ ਅਜਨਾਲਾ ਨਾਲ 12 ਸੂਤਰੀ ਮੰਗਾਂ ਤੇ ਲੰਮਾ ਸਮਾਂ ਵਿਚਾਰ ਵਟਾਂਦਰਾ ਕੀਤਾ! ਡੀਐੱਸਪੀ ਨੇ ਵਫ਼ਦ ਨੂੰ ਪੂਰਾ-ਪੂਰਾ ਯਕੀਨ ਦਵਾਇਆ ਕਿ ਦੋ ਹਫਤਿਆਂ ਦੇ ਵਿੱਚ ਇਨ ਾਂ ਮੰਗਾ ਦਾ ਸਾਰਥਕ ਨਿਪਟਾਰਾ ਕਰ ਦਿੱਤਾ ਜਾਵੇਗਾ, ਦੋਸ਼ੀਆਂ ਨੂੰ ਪਕੜ ਕੇ ਜੇਲ ਭੇਜਿਆ ਜਾਵੇਗਾ, ਨਾਜਾਇਜ਼ ਪਰਚਿਆਂ ਦੀ ਇਸੇ ਸਮੇਂ ਵਿੱਚ ਪੂਰੀ ਪੜਤਾਲ ਕਰਕੇ ਰੱਦ ਕੀਤੇ ਜਾਣਗੇ, ਧੱਕੇ ਨਾਲ ਜ਼ਮੀਨਾਂ ਤੇ ਰਸਤਿਆਂ ਦੇ ਨਾਜਾਇਜ਼ ਕਬਜ਼ੇ ਛੁਡਵਾਏ ਜਾਣਗੇ ਅਤੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾਵੇਗਾ! ਇਸ ਮੀਟਿੰਗ ਵਿੱਚ ਐੱਸਐੱਚਓ ਅਜਨਾਲਾ, ਸਬ-ਇੰਸਪੈਕਟਰ ਰਾਮਦਾਸ ਅਤੇ ਹੋਰ ਮੁਲਾਜ਼ਮ ਵੀ ਹਾਜ਼ਰ ਸਨ! ਇਸ ਮੀਟਿੰਗ ਉਪਰੰਤ ਜਥੇਬੰਦੀਆਂ ਦੇ ਦਫ਼ਤਰ ਅਜਨਾਲਾ ਵਿਖੇ ਜੋ ਪੁਲਸ ਪ੍ਰਸ਼ਾਸਨ ਵੱਲੋਂ ਮੰਗਾਂ ਮੰਨਣ ਦਾ ਯਕੀਨ ਦਿਵਾਇਆ ਗਿਈ ਇਸਨੂੰ ਧਿਆਨ 'ਚ ਰੱਖਦਿਆਂ 11 ਨਵੰਬਰ ਦਾ ਪ੍ਰਸਤਾਵਿਤ ਧਰਨਾ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ। ਇਸ ਸਮੇਂ ਪ੍ਰੈੱਸ ਕਾਨਫਰੰਸ ਵਿੱਚ ਹੋਰਨਾਂ ਤੋਂ ਇਲਾਵਾ ਅਜੀਤ ਕੌਰ ਕੋਟਰਜਾਦਾ ਪ੍ਰਧਾਨ ਔਰਤ ਮੁਕਤੀ ਮੋਰਚਾ, ਸ਼ਮਸੇਰ ਸਿੰਘ ਡੱਲਾ ਰਾਜਪੂਤਾਂ, ਪਲਵਿੰਦਰ ਸਿੰਘ ਤੇ ਰਿਆੜ , ਦਵਿੰਦਰ ਸਿੰਘ ਰਿਆੜ , ਸੂਰਤਾ ਸਿੰਘ ਕੋਟਰਜਾਦਾ, ਜੋਗਿੰਦਰ ਸਿੰਘ ਬੇਦੀ ਛੰਨਾ, ਗੁਰਨਾਮ ਸਿੰਘ ਰਿਆੜ, ਦਲਜੀਤ ਸਿੰਘ, ਸੋਨੂੰ ਸਿੰਘ ਖਾਨਵਾਲ, ਸੁਖਦੇਵ ਸਿੰਘ ਡੱਲਾ, ਬਾਊ ਸਿੰਘ ਖਾਨਵਾਲ, ਰਘਬੀਰ ਸਿੰਘ ਅਤੇ ਚੰਨਾ ਸਿੰਘ ਖਾਨਵਾਲ ਵੀ ਸ਼ਾਮਿਲ ਸਨ !



# ਡਾ. ਹਰਮੀਤ ਸਿੰਘ ਝੰਡ ਦੀ ਨਿਗਰਾਨੀ ਹੇਠ ਕਿਸਾਨਾਂ ਨੂੰ ਡੀ ਏ ਪੀ ਖਾਦ ਵੰਡੀ



**ਰਈਆ (ਡੀ. ਕੇ. ਰੈੱਡੀ)**-ਖੇਤੀਬਾੜੀ ਵਿਭਾਗ ਬਾਬਾ ਬਕਾਲਾ ਦੀ ਨਿਗਰਾਨੀ ਹੇਠ ਡੀ. ਏ. ਪੀ. ਦੀ ਵੰਡ ਮੁੱਖ ਖੇਤਬਾੜੀ ਅਫ਼ਸਰ ਡਾ. ਤਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਬਲਵਿੰਦਰ ਸਿੰਘ ਛੀਨਾ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਵਿਕਾਸ ਅਫਸਰ ਡਾ. ਹਰਮੀਤ ਸਿੰਘ ਝੰਡ ਵੱਲੋਂ ਆਪਣੀ ਨਿਗਰਾਨੀ ਹੇਠ ਡੀ. ਏ. ਪੀ. ਖਾਦ ਦੀ ਵੰਡ ਕੀਤੀ ਗਈ।ਇਸ ਮੌਕੇ ਉਨ ਾਂ ਖਾਦ ਵਿਕਰੇਤਾਵਾਂ ਦੀ ਚੈਕਿੰਗ ਵੀ ਕੀਤੀ ਗਈ ਅਤੇ ਉਨ ਾਂ ਨੂੰ ਇਹ ਹਦਾਇਤ ਕੀਤੀ ਕਿ ਖਾਦ ਦੀ ਵਿਕਰੀ ਨਿਯਮਾਂ ਨੂੰ ਮੱਦੇਨਜ਼ਰ ਕੀਤੀ ਜਾਵੇ।ਉਨ ਾਂ ਵੱਲੋਂ ਹਾਜ਼ਰ ਕਿਸਾਨਾਂ ਨੂੰ ਡੀਏਪੀ ਖਾਦ ਦੇ ਵਿਕਲਪਾਂ ਦੀ ਜਾਣਕਾਰੀ ਦਿੱਤੀ ਗਈ ਅਤੇ ਇਹ ਅਪੀਲ ਵੀ ਕੀਤੀ ਗਈ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਕੀਤੀ ਜਾਵੇ।

# ਕੁੱਟਮਾਰ ਕਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਾਹਨੂੰਵਾਨ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਦੀਪ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ ਸੱਲੋਪੁਰ ਨੇ ਦੱਸਿਆ ਕਿ 5 ਨਵੰਬਰ ਨੂੰ ਮੈਂ ਆਪਣੇ ਪਿੰਡ ਕਰਿਆਨੇ ਦੀ ਦੁਕਾਨ 'ਤੇ ਖੜਾ ਸੀ ਤਾਂ ਰਾਤ 7 ਵਜੇ ਦੇ ਕਰੀਬ ਹਰਜਿੰਦਰ ਸਿੰਘ ਪੁੱਤਰ ਬੂੜ ਸਿੰਘ ਵਾਸੀ ਸੱਲੋਪੁਰ ਮੇਰੇ ਕੋਲ ਦੁਕਾਨ ਵਿੱਚ ਆਇਆ ਤੇ ਕਹਿਣ ਲੱਗਾ ਕਿ ਤੇਰੇ ਨਾਲ ਕੰਮ ਹੈ, ਮੇਰੀ ਗੱਲ ਸੁਣੀਂ। ਉਹ ਮੈਨੂੰ ਸਕੂਲ ਦੇ ਪਿਛਲੇ ਪਾਸੇ ਸੋਸਾਇਟੀ ਦੇ ਗੋਦਾਮ ਪਾਸ ਲੈ ਗਿਆ ਜਿੱਥੇ ਗੁਰਿੰਦਰ ਸਿੰਘ ਪੁੱਤਰ ਬੂੜ ਸਿੰਘ ਕਹੀ ਦਾ ਦਸਤਾ ਲੈ ਕੇ ਖੜ ਾ ਸੀ। ਬਿਕਰਮਜੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਸਲੋਪੁਰ ਮੁਸੱਲਾ ਕੋਲ ਦਾਤਰ ਸਨ ਤੇ ਹਰਜਿੰਦਰ ਸਿੰਘ ਉਕਤ ਨੇ ਲਲਕਾਰਾ ਮਾਰ ਕੇ ਕਿਹਾ ਕਿ ਫੜ ਲਓ ਇਸ ਨੂੰ ਪਿੰਡ ਵਿੱਚ ਸਾਡੇ ਖਿਲਾਫ ਬੋਲਣ ਦਾ ਮਜ਼ਾ ਦੱਸ ਦਈਏ। ਉਕਤ ਵਿਅਕਤੀਆਂ ਨੇ ਮੇਰੀ ਕੁੱਟਮਾਰ ਕਰਕੇ ਜ਼ਖਮੀ ਕੀਤਾ ਦਿੱਤਾ। ਮੇਰੇ ਵਲੋਂ ਰੌਲਾ ਪਾਉਣ 'ਤੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਤਾਂ ਲੜਾਈ ਸਮੇਂ ਹੇਠਾਂ ਡਿੱਗਿਆ ਮੇਰਾ ਮੋਬਾਇਲ ਉਹ ਹਥਿਆਰਾਂ ਸਮੇਤ ਚੁੱਕ ਕੇ ਮੌਕੇ ਤੋਂ ਦੌੜ ਗਏ। ਇਸ ਤੋਂ ਬਾਅਦ ਮੇਰੇ ਪਿਤਾ ਮੁਖਤਾਰ ਸਿੰਘ ਵੀ ਮੌਕੇ ਤੇ ਆ ਗਏ, ਜਿਨ ਾਂ ਨੇ ਸਵਾਰੀ ਦਾ ਪ੍ਰਬੰਧ ਕਰਕੇ ਮੈਨੂੰ ਸਿਵਲ ਹਸਪਤਾਲ ਭੈਣੀ ਮੀਆਂ ਦਾਖਲ ਕਰਵਾਇਆ ਜਿੱਥੇ ਡਾਕਟਰ ਨੇ ਮੇਰੀ ਮੱਲ ਮ ਪੱਟੀ ਕੀਤੀ ਤੇ ਮੇਰੀ ਐੱਮ. ਐੱਲ. ਆਰ. ਕੱਟੀ। ਪੁਲਸ ਨੇ ਉਕਤ ਬਿਆਨਾਂ 'ਤੇ ਕਾਰਵਾਈ ਕਰਦਿਆਂ ਕਥਿਤ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 118 (1), 115(3), 303 (2), 3(5) ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਆਰ. ਡੀ. ਖੋਸਲਾ ਸਕੂਲ ਦੇ ਵਿਦਿਆਰਥੀਆਂ ਦੀ ਰਾਜ ਪੱਧਰੀ ਮੁਕਾਬਲੇ ਲਈ ਚੋਣ



**ਬਟਾਲਾ (ਤਰਲੋਕ ਬੱਗਾ)**

ਦੇਸ ਰਾਜ ਹੈਰੀਟੇਜ ਸਕੂਲ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਭਾਰਤ ਨੂੰ ਜਾਣੋ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸ਼ਹਿਰ ਦੇ 15 ਸਕੂਲਾਂ ਦੇ 60 ਵਿਦਿਆਰਥੀਆਂ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਸੀਨੀਅਰ ਵਰਗ ਦੀ ਟੀਮ ਵਿੱਚ ਨਵਨੀਤ ਕੌਰ ਅਤੇ ਅਨਮੋਲਪ੍ਰੀਤ ਕੌਰ ਅਤੇ ਜੂਨੀਅਰ ਵਰਗ ਦੀ ਟੀਮ ਵਿੱਚ ਪ੍ਰਕ੍ਰਿਤੀ ਸ਼ਰਮਾ ਅਤੇ ਪ੍ਰਿੰਸ ਸਰੀਨ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਇਹ ਵਿਦਿਆਰਥੀ ਲਿਖਤੀ ਪ੍ਰੀਖਿਆ ਅਤੇ ਕੁਇਜ਼ ਦੋਵਾਂ ਵਿੱਚ ਪਹਿਲੇ ਸਥਾਨ 'ਤੇ ਰਹੇ।ਇਨ੍ਹਾਂ ਵਿਦਿਆਰਥੀਆ ਦੀ ਚੋਣ ਰਾਜ ਪੱਧਰ ਤੇ ਹੋਣ ਵਾਲੇ ਮੁਕਾਬਲੇ ਲਈ ਹੋਈ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀਆਂ, ਉਨ ਾਂ ਦੇ ਮਾਤਾ-ਪਿਤਾ ਅਤੇ ਅਧਿਆਪਕ ਅਕਾਂਤੀ ਸਰੀਨ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ ਕਿਉਂਕਿ ਇਨ ਾਂ ਵਿੱਚ ਭਾਗ ਲੈਣ ਨਾਲ ਜਿੱਥੇ ਇੱਕ ਪਾਸੇ ਗਿਆਨ ਵਿੱਚ ਵਾਧਾ ਹੁੰਦਾ ਹੈ, ਉਥੇ ਹੀ ਸ਼ਖ਼ਸੀਅਤ ਦਾ ਵੀ ਵਿਕਾਸ ਹੁੰਦਾ ਹੈ।ਉਨ ਾਂ ਭਾਰਤ ਵਿਕਾਸ ਪ੍ਰੀਸ਼ਦ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਸੰਪਰਕ, ਸਹਿਯੋਗ, ਸੱਭਿਆਚਾਰ, ਸੇਵਾ ਅਤੇ ਸਮਰਪਣ ਦੇ ਆਪਣੇ ਮੂਲ ਮੰਤਰਾਂ ਰਾਹੀਂ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਕੰਮ ਕਰ ਰਹੀ ਹੈ।ਇਸ ਦੇ ਸੱਭਿਆਚਾਰ ਆਧਾਰਿਤ ਸੰਕਲਪ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਮਨਾਂ ਵਿੱਚ ਰਾਸ਼ਟਰੀ ਭਾਵਨਾ ਦਾ ਬੀਜ ਸਮਾਜ ਵਿੱਚ ਬੀਜਣਾ ਅਤੇ ਉਨ੍ਹਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਨਾ ਹੈ।

# ਰਾਜ ਪੱਧਰੀ ਖੇਡਾਂ 'ਚ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੀ ਰਹੀ ਝੰਡੀ



**ਬਟਾਲਾ (ਡਾ. ਮਲਵਿੰਦਰ ਸਿੰਘ)**

ਪੰਜਾਬ ਭਰ ਦੇ ਪੌਲੀਟੈਕਨਿਕ ਕਾਲਜਾਂ ਦੀਆਂ ਹੋਈਆਂ ਰਾਜ ਪੱਧਰੀ ਖੇਡਾਂ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੀ ਬਾਸਕਟਬਾਲ ਟੀਮ ਨੇ ਸੂਬੇ ਭਰ ਵਿੱਚੋਂ ਪਹਿਲਾ, ਫੁੱਟਬਾਲ ਅਤੇ ਕ੍ਰਿਕਟ ਟੀਮ ਨੇ ਦੂਸਰਾ, ਵਾਲੀਬਾਲ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਜਿੱਥੇ ਸੂਬੇ ਭਰ ਵਿੱਚ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ ਉਥੇ ਕਾਲਜਾਂ ਦੇ ਸਟਾਫ ਦੀਆਂ ਹੋਈਆਂ ਗੇਮਾਂ ਵਿੱਚ ਬਟਾਲਾ ਕਾਲਜ ਦੇ ਸਟਾਫ ਨੇ ਰਾਜਦੀਪ ਸਿੰਘ ਬੱਲ ਦੀ ਅਗਵਾਈ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਇਸ ਵਾਰ ਫਿਰ ਆਪਣੀ ਧਾਕ ਜਮਾਈ ਹੈ।ਢੋਲ ਢਮੱਕੇ ਨਾਲ ਜੇਤੂ ਟਰਾਫੀਆਂ ਲੈ ਕੇ ਕਾਲਜ ਪਹੁੰਚੇ ਸਪੋਰਟਸ ਕਮੇਟੀ ਦੇ ਪ੍ਰਧਾਨ ਜਗਦੀਪ ਸਿੰਘ, ਟੀਮਾਂ ਦੇ ਇੰਚਾਰਜ ਸਾਹਿਬ ਸਿੰਘ, ਹੁਨਰਬੀਰ ਸਿੰਘ, ਨਵਜੋਤ ਸਲਾਰੀਆ, ਰਜਿੰਦਰ ਕੁਮਾਰ, ਸਚਿਨ ਅਠਵਾਲ, ਸੁਰਜੀਤ ਰਾਮ, ਰਤਨ ਲਾਲ, ਰੰਜੂ ਓਹਰੀ ਕਿਰਨਦੀਪ ਕੌਰ ਅਤੇ ਖਿਡਾਰੀਆਂ ਦਾ ਕਾਲਜ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਵਿੱਚ ਵਿਭਾਗੀ ਮੁਖੀ ਰਾਜਦੀਪ ਸਿੰਘ ਬੱਲ, ਵਿਜੇ ਮਿਨਹਾਸ, ਹਰਜਿੰਦਰਪਾਲ ਸਿੰਘ, ਹਰਪਾਲ ਸਿੰਘ, ਰੇਖਾ, ਜਸਬੀਰ ਸਿੰਘ, ਅਤੀਸ਼ ਕੁਮਾਰ, ਅੰਗਦਪ੍ਰੀਤ ਸਿੰਘ, ਮੁਖਤਾਰ ਸਿੰਘ, ਤੇਜ ਪ੍ਰਤਾਪ ਸਿੰਘ ਕਾਹਲੋਂ, ਰਮਨਦੀਪ ਸਿੰਘ, ਰਾਮ ਸਿੰਘ, ਅਤੁਲ, ਜਸਪ੍ਰੀਤ ਕੌਰ, ਰਜਨੀਤ ਮੱਲੀ, ਕਮਲਜੀਤ ਕੌਰ, ਸਤਵਿੰਦਰ ਕੌਰ, ਹਰਜਿੰਦਰ ਕੌਰ, ਕੁਲਵਿੰਦਰ ਕੌਰ ਆਦਿ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਕਾਲਜ ਦੇ ਸਮੂਹਿਕ ਸਟਾਫ ਅਤੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਵਿੱਚ ਭੰਗੜਾ ਪਾ ਕੇ ਖ਼ੁਸ਼ੀ ਮਨਾਈ। ਉਪਰੰਤ ਕਾਲਜ ਦੇ ਹਾਲ ਵਿੱਚ ਹੋਏ ਸਮਾਗਮ ਵਿੱਚ ਪ੍ਰਿੰ. ਦਵਿੰਦਰ ਸਿੰਘ ਭੱਟੀ ਨੇ ਟੀਮ ਇੰਚਾਰਜਾਂ ਅਤੇ ਖਿਡਾਰੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਭੇਟ ਕਰਦਿਆਂ ਵਧਾਈ ਦਿੱਤੀ ਅਤੇ ਕਿਹਾ ਕਿ ਲਗਨ, ਸਖਤ ਮਿਹਨਤ, ਵਿਸ਼ਵਾਸ ਅਤੇ ਦ੍ਰਿੜਤਾ ਕਰਕੇ ਹੋਈ ਤੁਹਾਡੀ ਇਤਿਹਾਸਿਕ ਜਿੱਤ ਤੇ ਪੂਰਾ ਕਾਲਜ ਫਖਰ ਮਹਿਸੂਸ ਕਰ ਰਿਹਾ ਹੈ।ਉਨ ਾਂ ਕਾਲਜ ਦੇ ਵਿਦਿਆਰਥੀਆਂ ਨੂੰ ਹੋਰ ਵੀ ਮਿਹਨਤ ਅਤੇ ਲਗਨ ਨਾਲ ਪੜ ਾਈ, ਖੇਡਾਂ ਅਤੇ ਸੁਚਾਰੂ ਗਤੀਵਿਧੀ ਆਂ ਵਿੱਚ ਮੱਲਾਂ ਮਾਰਨ ਲਈ ਪ੍ਰੇਰਤ ਕਰਦੇ ਹੋਏ ਕਿਹਾ ਕਿ ਸਾਡੇ ਲਈ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ ਕਿ ਪਹਿਲੀ ਵਾਰ ਰਾਜ ਪੱਧਰੀ ਅਥਲੈਟਿਕ ਮੀਟ ਵੀ ਬਟਾਲਾ ਕਾਲਜ ਵਿਖੇ ਹੋ ਰਹੀ ਹੈ।

# ਧੰਨ-ਧੰਨ ਸ਼੍ਰੋਮਣੀ ਭਗਤ ਸੈਣ ਜੀ ਦੇ ਸਾਲਾਨਾ ਜੋੜ ਮੇਲੇ ਸਬੰਧੀ ਪ੍ਰਬੰਧਕ ਕਮੇਟੀ ਦੀ ਮੀਟਿੰਗ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਜੀ ਪਿੰਡ ਠੱਠੀ ਸੋਹਲ ਜ਼ਿਲਾ ਤਰਨ ਤਾਰਨ ਵਿਖੇ ਧੰਨ-ਧੰਨ ਸ਼੍ਰੋਮਣੀ ਭਗਤ ਸੈਣ ਜੀ ਦੇ ਜਨਮ ਦਿਹਾੜੇ ਮੌਕੇ ਸਾਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਜਥੇਦਾਰ ਤਰਲੋਚਨ ਸਿੰਘ ਸੋਹਲ ਨੇ ਦੱਸਿਆ ਕਿ ਹਰ ਸਾਲ ਦੀ ਤਰ ਾਂ ਇਸ ਵਾਰ ਵੀ ਧੰਨ ਧੰਨ ਬਾਬਾ ਸੈਣ ਭਗਤ ਜੀ ਜਨਮ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸਾਲਾਨਾ ਜੋੜ ਮੇਲਾ 6 ਦਸੰਬਰ ਨੂੰ ਦੇਸ਼ ਵਿਦੇਸ਼ ਅਤੇ ਨਗਰ ਸੋਹਲ ਦੀਆਂ ਸਮੂਹ ਸਾਧ ਸੰਗਤਾਂ ਦੇ ਵੱਡਮੁਲੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਸੰਬੰਧੀ ਮੇਲੇ ਦੀ ਤਿਆਰੀਆਂ ਨੂੰ ਮੁੱਖ ਰੱਖਦਿਆਂ ਪਿੰਡ ਦੀ ਸਮੂਹ ਸਾਧ ਸੰਗਤ, ਕਮੇਟੀ ਮੈਂਬਰ, ਪਿੰਡ ਦੇ ਪੰਚ ਸਰਪੰਚ ਤੇ ਪ੍ਰਮੁੱਖ ਸਖਸ਼ੀਅਤਾਂ ਨਾਲ ਮੀਟਿੰਗ ਕੀਤੀ ਗਈ। ਉਨ ਾਂ ਦੱਸਿਆ ਕਿ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ ਜਾਵੇਗਾ ਤੇ 6 ਦਸੰਬਰ ਨੂੰ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਾਏ ਜਾਣਗੇ। ਧਾਰਮਿਕ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਸਰਪੰਚ ਗੁਰਦੇਵ ਸਿੰਘ ਫੌਜੀ, ਸਰਪੰਚ ਰਣਜੋਧ ਸਿੰਘ ਜੋਧਾ, ਮੈਂਬਰ ਮਨਜੀਤ ਸਿੰਘ ਬਾਰੀਆਂ, ਸਾਬਕਾ ਸਰਪੰਚ ਸਰਵਨ ਸਿੰਘ, ਸਾਬਕਾ ਸਰਪੰਚ ਸੰਤੋਖ ਸਿੰਘ, ਮੈਂਬਰ ਕਰਮਜੀਤ ਸਿੰਘ, ਜਗਜੀਤ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਗੁਰਸੇਵਕ ਸਿੰਘ, ਹੀਰਾ ਸਿੰਘ, ਮੈਂਬਰ ਗੁਰਸਾਬ ਸਿੰਘ, ਹਰਜੀਤ ਸਿੰਘ, ਕਸ਼ਮੀਰ ਸਿੰਘ, ਅਵਤਾਰ ਸਿੰਘ, ਬੂਟਾ ਸਿੰਘ, ਹਰਜਿੰਦਰ ਸਿੰਘ, ਨਰਿੰਦਰਪਾਲ ਸਿੰਘ, ਪ੍ਰਭਜੀਤ ਸਿੰਘ, ਹਰਜਿੰਦਰ ਸਿੰਘ, ਜਸਵੰਤ ਸਿੰਘ, ਮਖਤੂਲ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ, ਹੁਸਨਦੀਪ ਸਿੰਘ, ਸਤਨਾਮ ਸਿੰਘ, ਚੈਂਚਲ ਸਿੰਘ, ਤੇਜਿੰਦਰ ਸਿੰਘ ਗੋਲਡੀ, ਗੁਰਜੰਟ ਸਿੰਘ ਅਤੇ ਗੁਰਵੇਲ ਸਿੰਘ ਆਦਿ ਹਾਜ਼ਰ ਸਨ।

# ਸਪਰਸ ਦੇ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਲਈ ਵਿਸ਼ੇਸ਼ ਕੈਂਪ ਭਲਕ ਤੋਂ : ਵਿਰਕ

**ਗੁਰਦਾਸਪੁਰ, (ਜਨਕ ਮਹਾਜਨ)**-ਕਮਾਂਡਰ ਬਲਜਿੰਦਰ ਵਿਰਕ (ਰਿਟਾ) ਜ਼ਿਲ ਾ ਰੱਖਿਆ ਸੇਵਾਵਾਂ ਭਲਾਈ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਮੌਜੂਦਾ ਦੌਰ ਵਿੱਚ ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਦੀ ਪੈਨਸ਼ਨਾਂ 'ਸਪਰਸ' ਪ੍ਰਣਾਲੀ ਰਾਹੀਂ ਵੰਡੀ ਜਾਂਦੀ ਹੈ। ਇਨ ਾਂ ਸਮੂਹ ਪੈਨਸ਼ਨਰਾਂ ਨੂੰ ਮਹੀਨਾ ਨਵੰਬਰ ਵਿਚ ਆਪਣੇ ਜੀਵਨ ਪ੍ਰਮਾਣ ਪੱਤਰ ਸਪਰਸ ਉਪਰ ਅਪਲੋਡ ਕਰਵਾਉਣਾ ਜ਼ਰੂਰੀ ਹੈ ਤਾਂ ਜੋ ਉਨ ਾਂ ਦੀ ਪੈਨਸ਼ਨ ਜਾਰੀ ਰਹੇ। ਪੁਰਾਣੇ ਸਾਬਕਾ ਸੈਨਿਕਾਂ ਅਤੇ ਉਨ ਾਂ ਦੀਆਂ ਵਿਧਵਾਵਾਂ, ਬਹੁ-ਤਦਾਦ ਸੰਖਿਆ ਬਜ਼ੁਰਗਾਂ ਦੀ ਹੈ ਜਿਨ ਾਂ ਨੂੰ ਇਸ ਤਕਨਾਲੋਜੀ ਦੀ ਵਰਤੋਂ ਤੋਂ ਅਣਜਾਨ ਹਨ ਜਿਸ ਕਰਕੇ ਉਨ ਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਜੋ ਸਪਰਸ ਪ੍ਰਣਾਲੀ ਹਾਲ ਵਿੱਚ ਪੈਨਸ਼ਨ ਅਪਨਾਈ ਗਈ ਹੈ, ਇਸ ਲਈ ਕਈ ਕਾਰਨਾਂ ਕਰਕੇ ਪੈਨਸ਼ਨ ਉਪਭੋਗਤਾਵਾਂ ਨੂੰ ਇਸ ਸਬੰਧੀ ਪੂਰਨ ਜਾਣਕਾਰੀ ਨਹੀ ਹੈ। ਇਨ ਾਂ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲ ਾ ਰੱਖਿਆ ਸੇਵਾਵਾਂ ਭਲਾਈ ਦਫਤਰ ਗੁਰਦਾਸਪੁਰ ਵਿੱਚ 11 ਤੋਂ 22 ਨਵੰਬਰ ਤੱਕ (ਛੁੱਟੀ ਵਾਲੇ ਦਿਨਾਂ ਨੂੰ ਛੱਡ ਕੇ) ਸਪਰਸ ਦੇ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਲਈ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਦਾ ਜ਼ਿਲ ਾ ਗੁਰਦਾਸਪੁਰ ਵਿੱਚ ਰਹਿੰਦੇ ਸਮੂਹ ਸਾਬਕਾ ਸੈਨਿਕ ਅਤੇ ਵਿਧਵਾਵਾਂ ਲਾਭ ਪ੍ਰਪਾਤ ਕਰ ਸਕਦੇ ਹਨ।

# ਭਲਕ ਨੂੰ ਸਬ-ਡਵੀਜ਼ਨ ਬਟਾਲਾ ਵਿਖੇ ਲੋਕਲ ਛੁੱਟੀ

**ਗੁਰਦਾਸਪੁਰ, ਬਟਾਲਾ (ਜਨਕ ਮਹਾਜਨ, ਤਰਲੋਕ ਬੱਗਾ)**-ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਸ੍ਰੀ ਅਚਲੇਸ਼ਵਰ ਧਾਮ ਵਿਖੇ ਸੰਗਤਾਂ ਦੀ ਸ਼ਰਧਾ ਭਾਵਨ ਨੂੰ ਵੇਖਦੇ ਹੋਏ ਸ੍ਰੀ ਅਚਲੇਸ਼ਵਰ ਧਾਮ ਬਟਾਲਾ ਦੀ ਦਸਵੀਂ 'ਤੇ 11 ਨਵੰਬਰ ਨੂੰ ਸਬ-ਡਵੀਜ਼ਨ ਬਟਾਲਾ ਵਿਚ ਲੋਕਲ ਛੁੱਟੀ ਦਾ ਐਲਾਨ ਕੀਤਾ ਹੈ। ਇਸ ਦਿਨ ਬੋਰਡ, ਯੂਨੀਵਰਸਿਟੀ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ ਪਹਿਲਾਂ ਦੀ ਤਰ੍ਹਾਂ ਹੀ ਹੋਣਗੀਆਂ।

# ਯਾਦਗਾਰੀ ਹੋ ਨਿੱਬੜਿਆ ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਦਾ ਫਨ ਮੇਲਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖੁਜਾਲਾ ਵਿਖੇ ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਦਾ ਫਨ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਗਈਆਂ ਅਤੇ ਹਾਸਰਸ ਕਿੱਟਾਂ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਛੋਟੇ-ਛੋਟੇ ਬੱਚਿਆਂ ਵੱਲੋਂ ਭੰਡਾਂ ਦੀਆਂ ਸਕਿੱਟਾਂ, ਭੰਗੜਾ ਜਾਗੋ, ਧਾਰਮਿਕ ਗੀਤ, ਸ਼ਬਦ ਅਤੇ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ ਜਿਸ ਦਾ ਹਾਜ਼ਰ ਸਰੋਤਿਆਂ ਨੇ ਖੂਹ ਆਨੰਦ ਮਾਣਿਆ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਸਕੂਲ ਦੀ ਖੁੱਲੀ ਗਰਾਊਂਡ ਦੇ ਵਿਚਕਾਰ ਲੱਗੇ ਭੰਗੂੜਿਆਂ ਤੇ ਬੱਚਿਆਂ ਨੇ ਖੂਬ ਆਨੰਦ ਮਾਣਿਆ ਅਤੇ ਮੇਲੇ ਦੀਆਂ ਰੌਣਕਾਂ ਨੂੰ ਵਧਾਇਆ। ਸਕੂਲ ਦੇ ਡਾਇਰੈਕਟਰ ਡਾਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰ. ਮੈਡਮ ਬਲਵਿੰਦਰ ਕੌਰ ਨੇ ਇਸ ਮੇਲੇ ਬਾਰੇ ਦੱਸਿਆ ਕਿ ਅੱਜ ਦੇ ਦੌਰ ਵਿੱਚ ਬੱਚਿਆਂ ਤੇ ਜਦੋਂ ਪੜ ਾਈ ਦਾ ਬੋਝ ਹੈ ਤਾਂ ਉਸ ਵੇਲੇ ਮਨੋਰੰਜਨ ਵਾਸਤੇ ਵੀ ਬੱਚਿਆਂ ਦਾ ਖਿਆਲ ਰੱਖਿਆ ਜਾਂਦਾ ਹੈ ਸਕੂਲ ਵੱਲੋਂ ਸਾਲ ਵਿੱਚ ਇੱਕ ਵਾਰ ਇਹ ਜ਼ਰੂਰ ਫਨ ਮੇਲਾ ਕਰਵਾਇਆ ਜਾਂਦਾ ਹੈ ਤਾਂ ਜੋ ਬੱਚੇ ਰਿਲੈਕਸ ਹੋ ਕੇ ਪੜ੍ਹਾਈ ਵੱਲ ਧਿਆਨ ਦੇ ਸਕਣ। ਉਨ੍ਹਾਂ ਆਏ ਹੋਏ ਪਤਵੰਤਿਆਂ ਇਲਾਕੇ ਦੇ ਸਰਪੰਚਾਂ-ਪੰਚਾਂ ਨੂੰ ਜੀ ਆਇਆ ਕਹਿੰਦਿਆਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਗੁਰਬੇਜ ਸਿੰਘ ਖੁਜਾਲਾ, ਸਰਪੰਚ ਫਤਿਹ ਪਾਲ ਸਿੰਘ ਖੁਜਾਲਾ, ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਸੀਨੀਅਰ ਕਾਂਗਰਸੀ ਆਗੂ ਝਿਲਮਿਲ ਸਿੰਘ ਸਾਧਪੁਰ, ਸਰਪੰਚ ਸਵਿੰਦਰ ਸਿੰਘ ਸ਼ਿੰਦ ਚਾਟੀ ਵਿੰਡ ਲੇਹਲ, ਆਪ ਆਗੂ ਮੇਜਰ ਸਿੰਘ ਸੈਦੋਲੇਹਲ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਸੁੱਖਾ ਸੈਦੋ ਲੇਹਲ, ਬੱਚਿਆਂ ਦੇ ਮਾਪੇ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।







# ਪੰਜਾਬੀ ਸਾਹਿਤ ਉਤਸਵ ਅਤੇ ਪੁਸਤਕ ਮੇਲਾ-2024

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ 1954 ਵਿੱਚ ਸਥਾਪਤ ਹੋਈ ਸੰਸਥਾ ਹੈ, ਜੋ ਸਾਹਿਤ ਦੀ ਦੁਨੀਆ ਵਿੱਚ ਸਾਹਿਤ ਪ੍ਰੇਮੀਆਂ ਲਈ ਬਹੁਤ ਹੀ ਮਾਣਮੱਤਾ ਸਥਾਨ ਰੱਖਦੀ ਹੈ। ਸਾਡੇ ਸਤਿਕਾਰਯੋਗ ਸਾਹਿਤਕ ਪੁਰਖਿਆਂ ਨੇ ਇਸ ਸੰਸਥਾ ਦੀ ਬੁਨਿਆਦ ਰੱਖਣ ਤੋਂ ਲੈ ਕੇ ਸਾਂਭ-ਸੰਭਾਲ਼ ਤੱਕ ਆਪਣੀ ਸਮਰੱਥ ਸਾਧਨਾ-ਸ਼ਕਤੀ ਨਾਲ਼ ਅਨੇਕਾਂ ਕਾਰਜ ਕੀਤੇ ਹਨ ਅਤੇ ਇਸ ਨੂੰ ਅਜੋਕੇ ਵੱਕਾਰੀ ਸਥਾਨ ਉੱਤੇ ਸਥਾਪਤ ਕਰ ਦਿੱਤਾ ਹੈ।

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਪਾਣੀ ਵਗਦੇ ਹੀ ਚੰਗੇ ਲੱਗਦੇ ਹਨ ਤੇ ਮਿੱਠੇ ਹੁੰਦੇ ਹਨ। ਵਗਦੇ ਰਹਿਣ ਦੀ ਇਸ ਪਰੰਪਰਿਕ ਤੋਰ ਦਾ ਹਿੱਸਾ ਬਣੀ ਪੰਜਾਬੀ ਸਾਹਿਤ ਅਕਾਡਮੀ ਦੀ ਸਮੁੱਚੀ ਟੀਮ ਅਜੋਕੇ ਸਮੇਂ ਵਿੱਚ ਆਪਣੀ ਸਮਰੱਥਾ ਅਤੇ ਸਮਝ ਬੂਝ ਦੇ ਸਦਕਾ ਆਪਣੇ ਢੰਗ ਨਾਲ਼ ਗਤੀਸ਼ੀਲ ਹੈ। ਸਮੇਂ-ਸਮੇਂ ਵੱਖ ਵੱਖ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਉੱਤੇ ਰਹਿ ਚੁੱਕੀਆਂ ਸ਼ਖ਼ਸੀਅਤਾਂ ਆਪੋ ਆਪਣੀ ਸਮਰੱਥਾ ਅਨੁਸਾਰ ਪੰਜਾਬੀ ਸਾਹਿਤ ਅਕਾਡਮੀ ਦੀ ਬਿਹਤਰੀ ਲਈ ਸਾਹਿਤਕ ਕਾਰਗੁਜ਼ਾਰੀਆਂ ਅਤੇ ਕਾਰਜਾਂ ਵਿੱਚ ਜੁਟੇ ਰਹੇ ਹਨ। ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ ਇਸ ਗੱਲ ਦੀ ਦਮਦਾਰ ਗਵਾਹੀ ਭਰਦਾ ਹੈ।

ਸਾਡੀ ਅਜੋਕੀ ਟੀਮ ਜਿਸ ਦੀ ਪ੍ਰਧਾਨਗੀ ਸਾਡੇ ਉੱਘੇ ਚਿੰਤਕੀ ਵਿਦਵਾਨ ਡਾ. ਸਰਬਜੀਤ ਸਿੰਘ ਕਰ ਰਹੇ ਹਨ। ਡਾ. ਸੁਖਦੇਵ ਸਿੰਘ ਸਿਰਸਾ ਦੀ ਸਮੁੱਚੀ ਟੀਮ ਨੇ ਉਹਨਾਂ ਨੂੰ ਇਸ ਅਹੁਦੇ ਲਈ ਕਾਬਲ ਸਮਝਿਆ ਸੀ ਅਤੇ ਮਾਰਚ 2023 ਦੀ ਅਕਾਡਮੀ ਦੀ ਵੱਕਾਰੀ ਚੋਣ ਵੇਲੇ ਲੋਕ ਫ਼ਤਵਾ ਉਹਨਾਂ ਦੇ ਹੱਕ ਵਿੱਚ ਭੁਗਤਿਆ ਸੀ ਤਾਂ ਇੱਕ ਵਿਸ਼ਵਾਸ ਰੱਖਿਆ ਗਿਆ ਸੀ ਕਿ ਹੁਣ ਨਵੀਆਂ ਅਤੇ ਆਸਵੰਦ ਪਿਰਤਾਂ ਪੈਣਗੀਆਂ।

ਅਸੀਂ ਦੇਖ ਰਹੇ ਹਾਂ ਕਿ ਸਾਡੇ ਮੌਜੂਦਾ ਪ੍ਰਧਾਨ ਸਾਹਿਬ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਹਰੀ ਸਿੰਘ ਜਾਚਕ, ਸਕੱਤਰ ਸਾਹਿਤਕ ਸਰਗਰਮੀਆਂ ਅਤੇ ਸਮੁੱਚੀ ਪ੍ਰਬੰਧਕੀ ਟੀਮ ਦੇ ਸਹਿਯੋਗ ਅਤੇ ਪੂਰਨ ਸਲਾਹ ਨਾਲ ਅਕਾਡਮੀ ਲਈ ਨਵੇਂ-ਨਵੇਂ ਪ੍ਰੋਗਰਾਮ ਕਰਵਾ ਰਹੇ ਹਨ, ਜਿਸ ਨਾਲ਼ ਇੱਕ ਉਤਸ਼ਾਹ ਬਣਿਆ ਹੋਇਆ ਹੈ, ਲੰਮੀ ਖੜੋਤ ਟੁੱਟੀ ਹੈ ਅਤੇ ਸਰਗਰਮੀ ਵਧੀ ਹੈ, ਜੋ ਸਾਹਿਤਕਾਰਾਂ ਦੇ ਹੌਂਸਲੇ ਵਧਾ ਰਹੀ ਹੈ।

ਆਪ ਸਭ ਦੇ ਧਿਆਨ ਹਿੱਤ ਕਿ 14 ਨਵੰਬਰ 2024 ਤੋਂ 17 ਨਵੰਬਰ 2024 ਤੱਕ ਪੰਜਾਬੀ ਸਾਹਿਤ ਅਕਾਡਮੀ ਵਿਖੇ ਪਹਿਲੀ ਵਾਰ ਆਪਣੀ ਤਰ੍ਹਾਂ ਦਾ ਸਾਹਿਤਕ ਉਤਸਵ ਅਤੇ ਪੁਸਤਕ ਮੇਲਾ 2024 ਕਰਵਾਇਆ ਜਾ ਰਿਹਾ ਹੈ।

ਉਦਘਾਟਨ ਦੇ ਮੌਕੇ ਇਸ ਮੇਲੇ ਦੀ ਪ੍ਰਧਾਨਗੀ ਸਾਡੇ ਉੱਘੇ ਅਰਥਚਾਰੀ ਸ੍ਰ. ਸਰਦਾਰਾ ਸਿੰਘ ਜੌਹਲ ਕਰਨਗੇ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਮੁੱਖ ਮਹਿਮਾਨ ਹੋਣਗੇ ਅਤੇ ਨਾਲ਼ ਹੀ ਅਮਰਜੀਤ ਸਿੰਘ ਟਿੱਕਾ, ਪ੍ਰਿਤਪਾਲ ਸਿੰਘ ਪਾਲੀ ਅਤੇ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ ਸਮੇਤ ਸ਼ਹਿਰ ਦੇ ਹੋਰ ਵਿਸ਼ੇਸ਼ ਪਤਵੰਤੇ ਇਸ ਸਮੇਂ ਸ਼ਾਮਲ ਹੋਣਗੇ। ਬਾਕੀ ਚਾਰ ਦਿਨਾਂ ਦੇ ਪ੍ਰੋਗਰਾਮ ਦਾ ਵੇਰਵਾ ਨਾਲ਼ ਦਿੱਤੇ ਕਾਰਡ ਵਿੱਚ ਦਰਜ ਹੈ। ਆਪ ਸਭ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵੱਧ ਤੋਂ ਵੱਧ ਦਰਸ਼ਕ, ਪਾਠਕ, ਸਾਹਿਤਕਾਰ ਅਤੇ ਆਮ ਲੋਕ ਇਸ ਸਾਹਿਤਕ ਮੇਲੇ ਵਿੱਚ ਪੁੱਜਣ ਦੀ ਕਿਰਪਾਲਤਾ ਕਰਨਾ ਜੀ!

ਬਾਲ ਦਿਵਸ ਦੇ ਮੌਕੇ ਪਹਿਲੇ ਹੀ ਦਿਨ ਬਲਰਾਜ ਸਾਹਨੀ ਓਪਨਏਅਰ ਥੀਏਟਰ ਵਿੱਚ ਖੇਡੇ ਜਾ ਰਹੇ ਬਾਲ-ਨਾਟਕ 'ਪੰਛੀ ਬੋਲਣ ਮਿੱਠੜੇ ਬੋਲ' ਵਿਸ਼ੇਸ਼ ਖਿੱਚ ਦਾ ਕਾਰਨ ਹੋਵੇਗਾ। ਇਸ ਨਾਟਕ ਨੂੰ ਅਜੋਕੇ ਨਵੇਂ ਸਮੇਂ ਦੇ ਸਿਰਕੱਢ ਨਾਟਕਕਾਰ ਅਤੇ ਨਿਰਦੇਸ਼ਕ ਜਨਾਬ ਮੋਹੀ ਅਮਰਜੀਤ ਸਿੰਘ ਆਪਣੀ ਕਾਬਲ ਬਾਲ ਟੀਮ ਦੇ ਨਾਲ਼ ਪੇਸ਼ ਕਰਨਗੇ।

ਅਗਲੇ ਸੋਲੋ ਨਾਟਕ ਨੂੰ ਡਾ. ਸੋਮਪਾਲ ਹੀਰਾ ਦੁਆਰਾ ਕਮਾਲ ਦੀ ਅਦਾਕਾਰੀ ਸਹਿਤ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਦੋ ਹੋਰ ਨਾਟਕ ਖੇਡੇ ਜਾਣਗੇ, ਤੀਸਰਾ ਨਾਟਕ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੀ ਟੀਮ ਦੁਆਰਾ ਖੇਡਿਆ ਜਾਵੇਗਾ। ਚੌਥਾ ਨਾਟਕ ਸੰਜੀਵਨ ਦੀ ਨਿਰਦੇਸ਼ਨਾ ਹੇਠ ਖੇਡਿਆ ਜਾਵੇਗਾ ਅਤੇ ਪੰਜਵਾਂ ਨਾਟਕ ਤਰਲੋਚਨ ਸਿੰਘ ਦੀ ਨਿਰਦੇਸ਼ਨਾ ਹੇਠ ਹੋਵੇਗਾ।

15 ਨਵੰਬਰ ਦਾ ਦਿਨ ਵਿਸ਼ੇਸ਼ ਤੌਰ 'ਤੇ ਨਾਰੀ ਸਾਹਿਤਕਾਰਾਂ ਲਈ ਰਾਖਵਾਂ ਰੱਖਿਆ ਗਿਆ ਹੈ, ਜਿਸ ਦੀ ਕਨਵੀਨਰ ਸਾਡੀ ਸੂਝਵਾਨ ਲੇਖਿਕਾ, ਆਲੋਚਕ ਅਤੇ ਨੌਜੁਆਨ ਆਗੂ ਡਾ. ਅਰਵਿੰਦਰ ਕੌਰ ਕਾਕੜਾ ਹਨ। ਇਸ ਦੀ ਪ੍ਰਧਾਨਗੀ ਮੈਡਮ ਮਨਜੀਤ ਇੰਦਰਾ ਕਰਨਗੇ। ਡਾ. ਆਤਮ ਰੰਧਾਵਾ ਮੁੱਖ ਮਹਿਮਾਨ ਹੋਣਗੇ ਅਤੇ ਸੁਰਿੰਦਰ ਗੀਤ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।

ਡਾ. ਜਗਮੋਹਨ ਸਿੰਘ ਅਤੇ ਪਰਮਿੰਦਰ ਕੌਰ ਵੜੈਚ ਵੀ ਕ੍ਰਮਵਾਰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਹੋਣਗੇ। ਡਾ. ਪਾਲ ਕੌਰ ਪ੍ਰਧਾਨਗੀ ਕਰਨਗੇ।

ਏਸੇ ਤਰ੍ਹਾਂ ਸਾਰੇ ਸੈਸ਼ਨ ਤਰਤੀਬਵਾਰ ਚੱਲਦੇ ਰਹਿਣਗੇ।

ਡਾ. ਜਗਵਿੰਦਰ ਯੋਧਾ ਵੀ ਸੰਯੋਜਕ ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾਉਣਗੇ।

ਦੋ ਵੱਖੋ-ਵੱਖਰੇ ਕਵੀ ਦਰਬਾਰ ਵਿਸ਼ੇਸ਼ ਖਿੱਚ ਦਾ ਕਾਰਨ ਹੋਣਗੇ।

16 ਤਾਰੀਕ ਨੂੰ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਰਵਿੰਦਰ ਸਿੰਘ ਭੱਠਲ ਅਤੇ ਡਾ. ਮਨਮੋਹਨ ਸਿੰਘ ਸ਼ਾਮਲ ਹੋਣਗੇ। ਜਸਵੰਤ ਸਿੰਘ ਜ਼ਫ਼ਰ ਮੁੱਖ ਮਹਿਮਾਨ ਹੋਣਗੇ। ਸਵਰਨਜੀਤ ਸਵੀ ਇਸ ਮੌਕੇ ਵਿਸ਼ੇਸ਼ ਮਹਿਮਾਨ ਹੋਣਗੇ।

17 ਦੇ ਆਖਰੀ ਦਿਨ ਸਾਡੇ ਉੱਘੇ ਚਿੰਤਕ ਅਤੇ ਵਿਦਵਾਨ ਡਾ. ਸੁਖਦੇਵ ਸਿੰਘ ਸਿਰਸਾ ਪ੍ਰਧਾਨਗੀ ਕਰਨਗੇ।ਇਸ ਤੋਂ ਇਲਾਵਾ ਤਿੰਨ ਪ੍ਰਦਰਸ਼ਨੀਆਂ ਜਗਜੀਵਨ, ਜਨਮੇਜਾ ਸਿੰਘ ਜੌਹਲ ਅਤੇ ਰਵੀ ਰਵਿੰਦਰ ਦੁਆਰਾ ਲਗਾਈਆਂ ਜਾਣਗੀਆਂ।ਡਾ. ਸਰਬਜੀਤ ਸਿੰਘ ਦੀ ਪ੍ਰਧਾਨਗੀ ਵਾਲ਼ੀ ਸਾਡੀ ਸਮੁੱਚੀ ਟੀਮ ਉਡੀਕਵਾਨ ਰਹੇਗੀ।

**- ਮਨਦੀਪ ਕੌਰ ਭੰਮਰਾ**


# ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

## ਮਿਤੀ 30 ਸਤੰਬਰ 2024 ਨੂੰ ਖ਼ਤਮ ਹੋਈ ਤਿਮਾਹੀ ਅਤੇ ਅਰਧ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜੇ

(ਪ੍ਰਤੀ ਸ਼ੇਅਰ ਡਾਟਾ ਤੋਂ ਇਲਾਵਾ ਰੁਪਏ ਲੱਖਾਂ 'ਚ)

| ਵੇਰਵੇ | ਮਿਤੀ 30.09.2024 ਨੂੰ ਖ਼ਤਮ ਹੋਈ ਤਿਮਾਹੀ (ਅਣ-ਪੜਤਾਲੀ) | ਮਿਤੀ 30.06.2024 ਨੂੰ ਖ਼ਤਮ ਹੋਈ ਤਿਮਾਹੀ (ਅਣ-ਪੜਤਾਲੀ) | ਮਿਤੀ 30.09.2023 ਨੂੰ ਖ਼ਤਮ ਹੋਈ ਤਿਮਾਹੀ (ਅਣ-ਪੜਤਾਲੀ) | ਮਿਤੀ 30.09.2024 ਨੂੰ ਖ਼ਤਮ ਅਰਧ ਸਾਲ (ਅਣ-ਪੜਤਾਲਿਆ) | ਮਿਤੀ 30.09.2023 ਨੂੰ ਅਰਧ ਸਾਲ (ਅਣ-ਪੜਤਾਲਿਆ) | ਮਿਤੀ 31.03.2024 ਨੂੰ ਖ਼ਤਮ ਸਾਲ (ਪੜਤਾਲ ਕੀਤਾ) |
|---|---|---|---|---|---|---|
| ਕਾਰੋਬਾਰਾਂ ਤੋਂ ਮਾਲੀਆ | 1,692.48 | 1,148.48 | 1,276.19 | 2,840.96 | 2,316.59 | 5259.75 |
| ਕੁੱਲ ਆਮਦਨ | 1,695.54 | 1,149.60 | 1,276.42 | 2,845.14 | 2,316.82 | 5262.34 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ) | 227.31 | 124.44 | 184.45 | 351.75 | 297.54 | 802.96 |
| ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 227.31 | 124.44 | 184.45 | 351.75 | 297.54 | 802.96 |
| ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ (ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 166.21 | 93.08 | 131.93 | 259.29 | 216.00 | 583.20 |
| ਕੁੱਲ ਵਿਆਪਕ ਆਮਦਨ/(ਹਾਨੀ) ਮਿਆਦ ਲਈ | 171.21 | 82.87 | 131.93 | 254.08 | 216.00 | 584.94 |
| ਇਕੁਇਟੀ ਸ਼ੇਅਰ ਕੈਪੀਟਲ | 1,146.30 | 1,146.30 | 1,054.80 | 1,146.30 | 1,054.80 | 1146.30 |
| ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) | - | - | - | - | - | 1958.15 |
| ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ) | | | | | | |
| (ਏ) ਬੇਸਿਕ | 1.45 | 0.81 | 1.25 | 2.26 | 2.05 | 5.21 |
| (ਬੀ) ਡਲਿਊਟਿਡ | 1.45 | 0.81 | 1.12 | 2.26 | 1.84 | 5.21 |

ਟਿੱਪਣੀ 1: 30 ਸਤੰਬਰ 2024 ਨੂੰ ਖਤਮ ਹੋਈ ਤਿਮਾਹੀ ਅਤੇ ਅਰਧ ਸਾਲ ਲਈ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀਆਂ 08.11.2024 ਨੂੰ ਹੋਈਆਂ ਸੰਬੰਧਤ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ।
ਟਿੱਪਣੀ 2: ਉਪਰੋਕਤ 30 ਸਤੰਬਰ, 2024 ਨੂੰ ਖਤਮ ਹੋਈ ਤਿਮਾਹੀ ਅਤੇ ਅਰਧ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ਼ ਕੋਲ ਦਾਇਰ ਕੀਤਾ ਗਿਆ ਹੈ। 30 ਸਤੰਬਰ 2024 ਨੂੰ ਖਤਮ ਹੋਈ ਤਿਮਾਹੀ ਅਤੇ ਅਰਥ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com & www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in 'ਤੇ ਉਪਲੱਬਧ ਹੈ।
ਟਿੱਪਣੀ 3: ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਵਾਸਤੇ ਅਤੇ ਤਰਫੋਂ ਆਤਮ ਵਾਲਵਜ਼ ਲਿਮਟਿਡ ਦੇ ਡਾਇਰੈਕਟਰਾਂ ਦੇ ਬੋਰਡ
ਸਹੀ/-
ਅਮਿਤ ਜੈਨ
ਸਥਾਨ : ਜਲੰਧਰ — ਪ੍ਰਬੰਧਕੀ ਨਿਰਦੇਸ਼ਕ
ਮਿਤੀ : 08/11/2024 — (ਡੀ ਆਈ ਐੱਨ-01063087)

10-Nov-PAGE-4.qxd 11/9/2024 9:06 PM Page 1

ਨਵਾਂ ਜ਼ਮਾਨਾ

ਐਤਵਾਰ, 10 ਨਵੰਬਰ 2024

# ਸਿੰਧੀਆ ਦੀ ਤਿਲਮਿਲਾਹਟ

*ਕੁਝ ਦਿਨ ਪਹਿਲਾਂ ਰਾਹੁਲ ਗਾਂਧੀ ਨੇ 'ਦੀ ਇੰਡੀਅਨ ਐੱਕਸਪ੍ਰੈੱਸ' ਅਖ਼ਬਾਰ ਵਿੱਚ 'ਏ ਨਿਊ ਡੀਲ ਫਾਰ ਇੰਡੀਅਨ ਬਿਜ਼ਨਸ' ਅਨੁਵਾਨ ਹੇਠ ਲਿਖੇ ਲੇਖ ਵਿਚ ਕਾਰਪੋਰੇਟ ਕੰਪਨੀਆਂ ਦੀ ਇਜਾਰੇਦਾਰੀ ਦੇ ਖਤਰੇ ਦੀ ਨਿਸ਼ਾਨਦੇਹੀ ਕਰਦਿਆਂ ਇਕ ਨਵਾਂ ਆਰਥਕ ਪ੍ਰਸਤਾਵ ਪੇਸ਼ ਕੀਤਾ। ਰਾਹੁਲ ਨੇ ਲਿਖਿਆ—ਈਸਟ ਇੰਡੀਆ ਕੰਪਨੀ ਨੇ ਭਾਰਤ ਦੀ ਆਵਾਜ਼ ਕੁਚਲ ਦਿੱਤੀ ਸੀ। ਇਹ ਆਵਾਜ਼ ਆਪਣੀ ਵਪਾਰਕ ਤਾਕਤ ਨਾਲ ਨਹੀਂ, ਸਗੋਂ ਆਪਣੇ ਸ਼ਿਕੰਜੇ ਨਾਲ ਕੁਚਲੀ ਸੀ। ਕੰਪਨੀ ਨੇ ਸਾਡੇ ਰਾਜਿਆਂ-ਮਹਾਰਾਜਿਆਂ ਤੇ ਨਵਾਬਾਂ ਦੀ ਭਾਈਵਾਲੀ ਨਾਲ, ਉਨ੍ਹਾਂ ਨੂੰ ਰਿਸ਼ਵਤ ਦੇ ਕੇ ਤੇ ਧਮਕਾ ਕੇ ਭਾਰਤ 'ਤੇ ਰਾਜ ਕੀਤਾ। ਸਾਡੀ ਬੈਂਕਿੰਗ, ਨੌਕਰਸ਼ਾਹੀ ਤੇ ਸੂਚਨਾ ਨੈੱਟਵਰਕ ਨੂੰ ਕੰਟਰੋਲ ਕਰ ਲਿਆ ਸੀ। ਈਸਟ ਇੰਡੀਆ ਕੰਪਨੀ ਹੀ ਤੈਅ ਕਰਨ ਲੱਗੀ ਕਿ ਕੌਣ ਕੀ ਤੇ ਕਿਵੇਂ ਵੇਚ ਸਕਦਾ ਹੈ। ਕੰਪਨੀ ਨੇ ਸਾਡੇ ਕੱਪੜਾ ਉਦਯੋਗਾਂ ਤੇ ਮੈਨੂਫੈਕਚਰਿੰਗ ਸੈਕਟਰ ਨੂੰ ਵੀ ਨਸ਼ਟ ਕਰ ਦਿੱਤਾ ਸੀ। ਮੈਂ ਕਦੇ ਨਹੀਂ ਸੁਣਿਆ ਕਿ ਕੰਪਨੀ ਨੇ ਕਦੇ ਕੋਈ ਖੋਜ ਕੀਤੀ।*

*ਆਮ ਬੰਦਾ ਸਮਝ ਸਕਦਾ ਹੈ ਕਿ ਰਾਹੁਲ ਨੇ ਰਾਜਿਆਂ-ਰਜਵਾੜਿਆਂ ਦਾ ਜ਼ਿਕਰ ਸਰਸਰੀ ਤੌਰ 'ਤੇ ਕੀਤਾ। ਉਸ ਨੇ ਦਰਅਸਲ ਕਾਰਪੋਰੇਟ ਇਜਾਰੇਦਾਰੀ ਦਾ ਨੁਕਤਾ ਉਭਾਰਿਆ, ਜਿਸ ਨੇ ਕਦੇ ਭਾਰਤ ਨੂੰ ਗੁਲਾਮ ਬਣਾਇਆ ਸੀ। ਇਸ ਵੇਲੇ ਵੀ ਲੋਕਾਂ ਨੂੰ ਡਰਾ-ਧਮਕਾ ਕੇ ਜਾਂ ਰਿਸ਼ਵਤ ਦੇ ਕੇ ਚੋਣਵੀਆਂ ਕਾਰਪੋਰੇਟ ਕੰਪਨੀਆਂ ਲਈ ਇਜਾਰੇਦਾਰੀ ਦਾ ਰਾਹ ਖੋਲ੍ਹਿਆ ਜਾ ਰਿਹਾ ਹੈ।*

*ਕਿਸੇ ਵੇਲੇ ਕਾਂਗਰਸ ਸਰਕਾਰਾਂ ਵਿੱਚ ਮੰਤਰੀ ਰਹੇ ਤੇ ਹੁਣ ਭਾਜਪਾ 'ਚ ਵਿਚਰ ਰਹੇ 'ਸ੍ਰੀਮੰਤ' ਜਿਓਤਿਰਾਦਿੱਤਿਆ ਸਿੰਧੀਆ ਨੂੰ ਰਾਹੁਲ ਦੀ ਰਾਜਿਆਂ-ਰਜਵਾੜਿਆਂ ਦੀ ਗੱਲ 'ਤੇ ਬਹੁਤ ਮਿਰਚਾਂ ਲੱਗੀਆਂ ਹਨ। ਉਨ੍ਹਾ ਕਿਹਾ ਹੈ—ਭਾਰਤ ਦੀ ਅਮੀਰ ਵਿਰਾਸਤ ਬਾਰੇ ਰਾਹੁਲ ਗਾਂਧੀ ਦੀ ਅਗਿਆਨਤਾ ਤੇ ਉਨ੍ਹਾ ਦੀ ਬਸਤੀਵਾਦੀ ਮਾਨਸਿਕਤਾ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਜੇ ਰਾਹੁਲ ਦੇਸ਼ ਦੇ ਉਥਾਨ ਦੀ ਗੱਲ ਕਰਦੇ ਹਨ ਤਾਂ ਭਾਰਤ ਮਾਤਾ ਦਾ ਅਪਮਾਨ ਬੰਦ ਕਰ ਦੇਣ ਅਤੇ ਮਹਾਦਜੀ ਸਿੰਧੀਆ, ਯੁਵਰਾਜ ਬੀਰ ਟਿਕੇਂਦਰਜੀਤ, ਕਿੱਤੂਰ ਚੇਨੰਮਾ ਤੇ ਰਾਣੀ ਵੇਲੂ ਨਚਿਆਰ ਵਰਗੇ ਸੱਚੇ ਭਾਰਤੀ ਨਾਇਕਾਂ ਬਾਰੇ ਜਾਣਨ, ਜਿਹੜੇ ਸਾਡੀ ਆਜ਼ਾਦੀ ਲਈ ਵਧ-ਚੜ੍ਹ ਕੇ ਲੜੇ।*

*ਸਿੰਧੀਆ ਨੇ ਜਿਨ੍ਹਾਂ ਨਾਵਾਂ ਦਾ ਜ਼ਿਕਰ ਕੀਤਾ, ਉਨ੍ਹਾਂ ਦਾ ਸੰਘਰਸ਼ ਉਸ ਸ਼ੁਰੂਆਤੀ ਦੌਰ ਦਾ ਹੈ, ਜਦੋਂ ਈਸਟ ਇੰਡੀਆ ਕੰਪਨੀ ਭਾਰਤ ਵਿੱਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਜਿਓਤਿਰਾਦਿੱਤਿਆ ਨੇ ਆਪਣੇ ਜਿਨ੍ਹਾਂ ਪੁਰਖਿਆਂ ਦਾ ਹਵਾਲਾ ਦਿੱਤਾ ਹੈ, ਉਨ੍ਹਾਂ 1782 ਵਿੱਚ ਅੰਗਰੇਜ਼ਾਂ ਨਾਲ ਹੋਈ 'ਸਾਲਾਬਾਈ ਦੀ ਸੰਧੀ' ਉੱਤੇ ਪੇਸ਼ਵਾ ਵੱਲੋਂ ਦਸਤਖਤ ਕੀਤੇ ਸਨ। ਇਸ ਦੇ ਨਾਲ ਹੀ ਅੰਗਰੇਜ਼ਾਂ ਨਾਲ ਸੰਘਰਸ਼ ਦਾ ਇਰਾਦਾ ਖਤਮ ਹੋ ਗਿਆ ਸੀ। ਇਹੀ ਨਹੀਂ, 1783 ਵਿੱਚ ਮਹਾਦਜੀ ਜੇ ਗੋਹਦ ਦੇ ਰਾਜਾ ਤੋਂ ਗਵਾਲੀਅਰ ਦਾ ਕਿਲ੍ਹਾ ਖੋਹ ਸਕੇ ਤਾਂ ਉਹ ਅੰਗਰੇਜ਼ਾਂ ਦੀ ਹਮਾਇਤ ਨਾਲ ਹੀ ਸੰਭਵ ਹੋਇਆ ਸੀ। ਮਹਾਦਜੀ ਸਿੰਧੀਆ ਨੇ ਆਪਣੀ ਸ਼ਕਤੀ ਤਮਾਮ ਰਾਜਪੂਤ ਰਾਜਿਆਂ ਨਾਲ ਯੁੱਧ ਕਰਕੇ ਵਧਾਈ, ਨਾ ਕਿ ਅੰਗਰੇਜ਼ਾਂ ਨਾਲ ਲੜ ਕੇ। ਅੰਤ ਵਿੱਚ ਮੁਗਲ ਸਾਮਰਾਜ ਦੇ 'ਵਕੀਲ-ਉਲ-ਮੁਤਲਕ' ਬਣੇ। ਇਹ ਉਪਾਧੀ ਉਨ੍ਹਾ ਨੂੰ ਮੁਗਲ ਸਮਰਾਟ ਸ਼ਾਹ ਆਲਮ ਨੇ ਦਿੱਤੀ ਸੀ। ਸੱਚਾਈ ਇਹ ਹੈ ਕਿ ਈਸਟ ਇੰਡੀਆ ਕੰਪਨੀ ਦੇ ਰਾਜ ਖਿਲਾਫ ਰਾਜਿਆਂ-ਰਜਵਾੜਿਆਂ ਦਾ ਅੰਤਮ ਸੰਘਰਸ਼ 1857 ਵਿੱਚ ਹੋਇਆ, ਪਰ ਇਸ ਦੌਰ 'ਚ ਵੀ ਅੰਗਰੇਜ਼ਾਂ ਦਾ ਸਾਥ ਦੇਣ ਵਾਲੇ ਰਾਜਿਆਂ-ਰਜਵਾੜਿਆਂ ਦੀ ਤਾਦਾਦ, ਉਸ ਨਾਲ ਲੜਨ ਵਾਲਿਆਂ ਨਾਲੋਂ ਕਈ ਗੁਣਾ ਵੱਧ ਰਹੀ। ਖੁਦ ਜਿਓਤਿਰਦਿੱਤਿਆ ਦੇ ਪੁਰਖੇ ਜਯਾਜੀਰਾਵ ਸਿੰਧੀਆ ਇਸ ਦੀ ਮਿਸਾਲ ਹਨ, ਜਿਨ੍ਹਾ ਪਹਿਲੇ ਆਜ਼ਾਦੀ ਸੰਘਰਸ਼ ਵਿੱਚ ਅੰਗਰੇਜ਼ਾਂ ਦਾ ਸਾਥ ਨਾ ਦਿੱਤਾ ਹੁੰਦਾ ਤਾਂ ਇਤਿਹਾਸ ਹੀ ਬਦਲ ਗਿਆ ਹੁੰਦਾ। ਜਿਓਤਿਰਦਿੱਤਿਆ ਸਿੰਧੀਆ ਦੇ ਪੁਰਖਾਂ ਨੇ ਜੋ ਕੀਤਾ, ਉਸ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਪਰ ਇਤਿਹਾਸ ਨੂੰ ਵੀ ਨਹੀਂ ਬਦਲਿਆ ਜਾ ਸਕਦਾ। 1857 ਦੀ ਕ੍ਰਾਂਤੀ ਦੀ ਨਾਕਾਮੀ ਦੇ ਬਾਅਦ ਨਾਨਾ ਸਾਹਿਬ ਪੇਸ਼ਵਾ, ਰਾਣੀ ਲਕਸ਼ਮੀ ਬਾਈ ਤੇ ਤਾਂਤੀਆ ਟੋਪੇ ਦਾ ਸਾਥ ਨਾ ਦੇਣ ਦੇ ਇਵਜ਼ ਵਿਚ ਜਯਾਜੀਰਾਵ ਸਿੰਧੀਆ ਨੂੰ ਅੰਗਰੇਜ਼ ਸਰਕਾਰ ਨੇ 'ਫਿਦਵੀ-ਏ-ਹਜ਼ਰਤ-ਏ-ਮਲਿਕਾ-ਏ-ਮੁਅੱਜ਼ਮਾ-ਏ-ਰ.ਫੀ-ਉਦ-ਦਰਜਾ-ਏ-ਇੰਗਲਿਸ਼' ਦਾ ਖਿਤਾਬ ਦਿੱਤਾ, ਜਿਸ ਦਾ ਅਰਥ 'ਮਹਾਨ ਬਿਟ੍ਰਿਸ਼ ਮਹਾਰਾਣੀ ਦਾ ਸਭ ਤੋਂ ਵੱਡਾ ਸਵਾਮੀ ਭਗਤ ਤੇ ਅੰਗਰੇਜ਼ਾਂ ਦਾ ਸਭ ਤੋਂ ਮਹਾਨ ਦੋਸਤ' ਹੈ। ਰਾਣੀ ਲਕਸ਼ਮੀ ਬਾਈ ਦੀ ਜਗੀਰ ਸਿੰਧੀਆ ਦੇ ਹਵਾਲੇ ਕਰ ਦਿੱਤੀ ਗਈ। 1886 ਵਿੱਚ ਜਦ ਜੈਵਿਲਾਸ ਪੈਲੇਸ 'ਚ ਜਯਾਜੀਰਾਵ ਸਿੰਧੀਆ ਨੇ ਆਖਰੀ ਸਾਹ ਲਈ, ਉਹ 'ਸੀ ਆਈ ਏ' ਯਾਨਿ 'ਕੰਪੇਨੀਅਨ ਆਫ ਇੰਡੀਅਨ ਅੰਪਾਇਰ' ਦੀ ਉਪਾਧੀ ਪਾ ਚੁੱਕੇ ਸਨ। ਇਹ ਉਪਾਧੀ ਏਸ਼ੀਆ ਦੇ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਂਦੀ ਸੀ, ਜਿਹੜੇ ਇਸ ਮਹਾਂਦੀਪ ਵਿਚ ਬ੍ਰਿਟਿਸ਼ ਸਾਮਰਾਜ ਦੇ ਵਿਸਤਾਰ 'ਚ 'ਸਾਥੀ' ਦੀ ਭੂਮਿਕਾ ਅਦਾ ਕਰਦੇ ਸਨ। ਇਹੀ ਵਜ੍ਹਾ ਹੈ ਕਿ ਸਿੰਧੀਆ ਘਰਾਣੇ ਦੇ ਵਾਰਸ ਹੋਣ ਦੇ ਨਾਤੇ ਜਿਓਤਿਰਦਿੱਤਿਆ ਸਿੰਧੀਆ ਕੋਲ ਤਮਾਮ ਪੈਲੇਸ ਬਰਕਰਾਰ ਹਨ, ਜਦਕਿ 1857 ਦੀ ਕ੍ਰਾਂਤੀ ਦਾ ਪ੍ਰਤੀਕ ਰਿਹਾ ਲਾਲ ਕਿਲ੍ਹਾ ਸਰਕਾਰੀ ਸੰਪਤੀ ਹੈ। ਅੰਤਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਵਾਰਸਾਂ ਦਾ ਕੋਈ ਅਤਾ-ਪਤਾ ਨਹੀਂ। ਹਾਲਾਂਕਿ ਲਾਲ ਕਿਲ੍ਹੇ ਦੇ ਕਰੀਬ ਖ਼ੂਨੀ ਦਰਵਾਜ਼ਾ ਅੱਜ ਵੀ ਮੌਜੂਦ ਹੈ, ਜਿੱਥੇ 22 ਸਤੰਬਰ ਨੂੰ ਬਹਾਦਰ ਸ਼ਾਹ ਜ਼ਫਰ ਦੇ ਬੇਟੇ ਤੇ ਵਿਦਰੋਹੀ ਸੈਨਾ ਦੇ ਮੁਖੀ ਮਿਰਜ਼ਾ ਮੁਗਲ, ਮਿਰਜ਼ਾ ਖਿਜ਼ਰ ਸੁਲਤਾਨ ਤੇ ਮਿਰਜ਼ਾ ਮੁਗਲ ਦੇ ਬੇਟੇ ਮਿਰਜ਼ਾ ਅਬੂਬਰਕ ਨੂੰ ਕੈਪਟਨ ਵਿਲਿਅਮ ਹੌਡਸਨ ਨੇ ਨਿਰਵਸਤਰ ਕਰਕੇ ਗੋਲੀਆਂ ਨਾਲ ਉਡਾ ਦਿੱਤਾ ਸੀ। ਉਹ ਚਾਂਦਨੀ ਚੌਕ ਵੀ ਮੌਜੂਦ ਹੈ, ਜਿੱਥੇ ਇਕ ਚਬੂਤਰੇ 'ਤੇ ਇਨ੍ਹਾਂ ਸ਼ਹਿਜ਼ਾਦਿਆਂ ਦੀਆਂ ਨਗਨ ਦੇਹਾਂ ਦਾ ਜਨਤਕ ਪ੍ਰਦਰਸ਼ਨ ਕੀਤਾ ਗਿਆ। ਰਜਵਾੜਿਆਂ ਦੀ ਅੰਗਰੇਜ਼-ਭਗਤੀ ਦੀ ਅਜਿਹੀ ਮਿਸਾਲ ਇਤਿਹਾਸ ਵਿੱਚ ਦੂਜੀ ਨਹੀਂ ਹੈ। ਜਿਓਤਿਰਦਿੱਤਿਆ ਉਸੇ ਜਯਾਜੀਰਾਵ ਦੇ ਖਾਨਦਾਨ 'ਚੋਂ ਹਨ।*

---

112ਵੇਂ ਸਥਾਪਨਾ ਦਿਵਸ ਨੂੰ ਸਮਰਪਿਤ

# ਗ਼ਦਰ ਪਾਰਟੀ ਦੇ ਸੁਪਨੇ, ਸੰਕਲਪ ਤੇ ਉਦੇਸ਼ ਅੱਜ ਵੀ ਰਾਹ-ਦਸੇਰਾ ਹਨ

**ਚਰਨ ਸਿੰਘ ਸਰਾਭਾ**

ਅੱਜ ਸਾਡਾ ਭਾਰਤ ਮਹਾਨ ਆਜ਼ਾਦੀ ਪ੍ਰਾਪਤੀ ਦੇ 77 ਸਾਲ ਪੂਰੇ ਕਰ ਚੁੱਕਿਆ ਹੈ ਅਤੇ ਚਲੰਤ ਸਾਲ 2024 ਦੇ ਅੰਤਲੇ ਮਹੀਨਿਆਂ ਵਿੱਚੋਂ ਲੰਘ ਰਿਹਾ ਹੈ। ਇਨ੍ਹਾਂ ਹੀ ਮਹੀਨਿਆਂ ਵਿੱਚ ਦੋ ਸੂਬਿਆਂ ਮਹਾਂਰਾਸ਼ਟਰ ਅਤੇ ਝਾਰਖੰਡ ਵਿੱਚ ਵਿਧਾਨ ਸਭਾਵਾਂ ਅਤੇ ਪੰਜਾਬ ਸਮੇਤ ਕਈ ਸੂਬਿਆਂ ਵਿੱਚ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਖਾਲੀ ਹੋਈਆਂ ਸੀਟਾਂ 'ਤੇ ਉਪ ਚੋਣਾਂ ਵੀ ਹੋਣ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਇਸੇ ਹੀ ਸਾਲ ਭਾਰਤੀ ਲੋਕ ਸਭਾ ਅਤੇ ਹਰਿਆਣਾ ਆਦਿ ਦੀਆਂ ਚੋਣਾਂ ਵੀ ਹੋਈਆਂ ਹਨ। ਇਨ੍ਹਾਂ ਹਾਲਤਾਂ ਅਤੇ ਚੋਣਾਂ ਸਮੇਂ ਸੰਬੰਧਤ ਸਰਕਾਰਾਂ ਅਤੇ ਵਿਰੋਧੀ ਰਾਜਨੀਤਕ ਪਾਰਟੀਆਂ ਵੱਲੋਂ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਵੱਖ-ਵੱਖ ਰੰਗਾਂ ਦੀ ਜ਼ੋਰਦਾਰ ਬਿਆਨਬਾਜ਼ੀ ਜਾਂ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਕਿਧਰੇ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਕਿਧਰੇ ਦੇਸ਼ ਦੇ ਸੰਵਿਧਾਨ ਦੀ ਰਾਖੀ ਅਤੇ ਜਨ ਸਮੂਹਾਂ ਦੇ ਵੱਖ-ਵੱਖ ਵਰਗਾਂ ਲਈ ਵੱਖ-ਵੱਖ ਰਿਆਇਤਾਂ ਅਤੇ ਸਹੂਲਤਾਂ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਇਹ ਖ਼ਬਰਾਂ ਵੀ ਹਨ ਕਿ ਦੇਸ਼ ਭਰ ਵਿੱਚ ਵੋਟਾਂ ਮੰਗਣ ਸਮੇਂ ਵੀ ਫ਼ਿਰਕੂ ਨ.ਫ਼ਰਤ ਫੈਲਾਉਣ ਦੇ ਯਤਨ ਹੋ ਰਹੇ ਹਨ, ਅਤੇ ਇੱਕ-ਦੂਜੇ ਵਿਰੁੱਧ ਦੂਸ਼ਣਬਾਜ਼ੀ ਕਰਕੇ ਵੋਟਾਂ ਮੰਗੀਆਂ ਜਾਂਦੀਆਂ ਹਨ ਅਤੇ ਬੜੀ ਚੁਸਤੀ ਅਤੇ ਬੇਈਮਾਨੀ ਨਾਲ ਜਨਤਕ ਮੁੱਦੇ ਲਾਂਭੇ ਰੱਖੇ ਜਾ ਰਹੇ ਹਨ।

ਅਜਿਹੀਆਂ ਹੀ ਸਥਿਤੀਆਂ ਦੇ ਨਾਲ ਹੀ ਅੱਜ ਭਾਰਤ ਦਾ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦਾ ਕਿਸਾਨ ਗੰਭੀਰ ਹਾਲਤਾਂ ਵਿੱਚੋਂ ਲੰਘ ਰਿਹਾ ਹੈ, ਜਦੋਂ ਸਾਡੀਆਂ ਸਰਕਾਰਾਂ ਦੀਆਂ ਗੈਰ ਸੰਜੀਦਾ ਨੀਤੀਆਂ ਕਾਰਨ ਕਿਸਾਨ ਦੀ ਸਖ਼ਤ ਮਿਹਨਤ ਕਰਕੇ ਪੈਦਾ ਕੀਤੀ ਜਿਣਸ ਮੰਡੀ ਵਿੱਚ ਰੁਲ ਰਹੀ ਹੈ। ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਇੱਕ-ਦੂਜੇ ਵਿਰੁੱਧ ਦੂਸ਼ਣਬਾਜ਼ੀ ਦਾ ਸ਼ਿਕਾਰ ਹੋ ਰਿਹਾ ਹੈ ਕਿਸਾਨ। ਭਾਰਤ ਭਰ ਅਤੇ ਪੰਜਾਬ ਦੇ ਜਨ ਸਮੂਹ ਵਿਸ਼ੇਸ਼ ਤੌਰ 'ਤੇ ਜਾਣਦੇ ਹਨ ਕਿ ਨਵੰਬਰ 2021 ਵਿੱਚ ਹੀ ਕੇਂਦਰੀ ਸਰਕਾਰ ਨੇ ਦੇਸ਼ ਭਰ ਦੇ ਕਿਸਾਨੀ ਅੰਦੋਲਨ ਦੀ ਮੰਗ ਸਵੀਕਾਰ ਕਰਕੇ ਸਾਲ 2020 ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ ਤਾਂ ਕਿਸਾਨ ਜਥੇਬੰਦੀਆਂ ਨੇ ਆਪਣਾ ਅੰਦੋਲਨ ਰੋਕ ਕੇ ਉਦੋਂ ਹੀ ਐਲਾਨ ਕੀਤਾ ਸੀ ਕਿ ਕਿਸਾਨੀ ਫਸਲਾਂ ਦੇ ਘੱਟੋ-ਘੱਟ ਸਮੱਰਥਨ ਮੁੱਲ ਅਤੇ ਖਰੀਦ ਦੀ ਗਰੰਟੀ ਕਰਨ ਦਾ ਕਾਨੂੰਨ ਬਣਾਇਆ ਜਾਵੇ, ਨਹੀਂ ਤਾਂ ਇਹ ਸੰਘਰਸ਼ ਫਿਰ ਆਰੰਭ ਹੋ ਸਕਦਾ ਹੈ। ਹੁਣ ਦੀ ਸਥਿਤੀ ਤੋਂ ਸਪੱਸ਼ਟ ਹੈ ਕਿ ਕੇਂਦਰੀ ਜਾਂ ਪੰਜਾਬ ਸਰਕਾਰਾਂ ਵੱਲੋਂ ਇਸ ਦਿਸ਼ਾ ਵੱਲ ਕੋਈ ਸਾਰਥਿਕ ਕਦਮ ਨਹੀਂ ਚੁੱਕੇ ਗਏ। ਬੇਇਨਸਾਫ਼ੀ ਤੇ ਹੈਰਾਨੀ ਵਾਲੀ ਗੱਲ ਹੈ ਕਿ ਇਕ ਪਾਸੇ ਦੇਸ਼ ਵਿੱਚ ਭੁੱਖਮਰੀ ਦੀਆਂ ਖ਼ਬਰਾਂ ਹਨ ਅਤੇ ਦੂਜੇ ਪਾਸੇ ਕਿਸਾਨਾਂ ਵੱਲੋਂ ਪੈਦਾ ਕੀਤਾ ਅਨਾਜ ਮੰਡੀਆਂ ਵਿੱਚ ਰੁਲ ਰਿਹਾ ਹੈ ਅਤੇ ਸੰਘਰਸ਼ਾਂ ਦੇ ਸਮੇਂ ਤੋਂ ਲੈ ਕੇ ਕਿਸਾਨਾਂ ਦੀਆਂ ਮੌਤਾਂ ਅਤੇ ਖੁਦਕੁਸ਼ੀਆਂ ਦੀਆਂ ਖ਼ਬਰਾਂ ਅੱਜ ਤੱਕ ਵੀ ਪ੍ਰੈੱਸ ਵਿੱਚ ਛਪਦੀਆਂ ਆ ਰਹੀਆਂ ਹਨ। ਬੇਰੁਜ਼ਗਾਰੀ ਗੰਭੀਰ ਰੂਪ ਵਿੱਚ ਲਗਾਤਾਰ ਵਧ ਰਹੀ ਹੈ, ਜਿਸ ਦੇ ਸਤਾਏ ਲੱਖਾਂ ਮੁੰਡੇ-ਕੁੜੀਆਂ ਹਰ ਸਾਲ ਵਿਦੇਸ਼ਾਂ ਵੱਲ ਜਾ ਰਹੇ ਹਨ, ਜਿਨ੍ਹਾਂ ਰਾਹੀਂ ਦੇਸ਼ ਦੇ ਅਰਬਾਂ ਰੁਪਏ ਦੇ ਵਿੱਤੀ ਸਰਮਾਏ ਅਤੇ ਵੱਡੀ ਪੱਧਰ 'ਤੇ ਬੌਧਿਕ ਸਰਮਾਏ ਦਾ ਉਜਾੜਾ ਸਾਡੇ ਦੇਸ਼ ਵਿੱਚੋਂ ਹੋ ਰਿਹਾ ਹੈ।

ਇਨ੍ਹਾਂ ਵਿਵਾਦ ਭਰਪੂਰ ਸਥਿਤੀਆਂ ਦੇ ਨਾਲ ਹੀ ਭਾਰਤੀ ਆਜ਼ਾਦੀ ਪ੍ਰਾਪਤੀ ਸੰਗਰਾਮ ਨਾਲ ਸੰਬੰਧਤ ਸਾਲ 1913 ਦੇ ਨਵੰਬਰ ਮਹੀਨੇ ਦੀ ਮਹੱਤਵਪੂਰਨ ਘਟਨਾ ਭਾਰਤੀ ਗ਼ਦਰ ਪਾਰਟੀ ਦੀ ਸਥਾਪਨਾ ਦਾ ਮਹੀਨਾ ਨਵੰਬਰ ਚੱਲ ਰਿਹਾ ਹੈ। ਅੱਜ ਤੋਂ 112 ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਵਿੱਚ ਗ਼ਦਰ ਪਾਰਟੀ ਦਾ ਮੁੱਖ ਦਫ਼ਤਰ ਸਥਾਪਤ ਕੀਤਾ ਗਿਆ ਸੀ। ਗ਼ਦਰ ਪਾਰਟੀ ਦੇ ਇਹ ਚੇਤੰਨ ਅਨੁਭਵ ਵਾਲੇ ਦੇਸ਼ ਭਗਤ ਆਗੂ ਸਨ, ਜਿਨ੍ਹਾਂ ਨੇ ਉਸ ਸਮੇਂ ਵਿਦੇਸ਼ਾਂ ਵਿੱਚ ਵਿਚਰਦਿਆਂ ਆਪਣੇ ਤਜਰਬੇ ਤੋਂ ਸਮਝ ਲਿਆ ਸੀ ਕਿ ਅੰਗਰੇਜ਼ ਸਾਮਰਾਜੀਆਂ ਵੱਲੋਂ ਕੀਤੀ ਜਾਂਦੀ ਭਾਰਤੀ ਕੁਦਰਤੀ ਸੋਮਿਆਂ ਅਤੇ ਮਜ਼ਦੂਰਾਂ-ਕਿਸਾਨਾਂ ਦੀ ਮਿਹਨਤ ਦੀ ਲੁੱਟ ਹੀ ਭਾਰਤੀ ਪਛੜੇਵੇਂ ਦਾ ਕਾਰਨ ਹੈ। ਇਨ੍ਹਾਂ ਗ਼ਦਰੀ ਦੇਸ਼ ਭਗਤ ਆਗੂਆਂ ਨੇ ਅੰਗਰੇਜ਼ ਸਾਮਰਾਜੀ ਸਰਕਾਰ ਦੀਆਂ ਭਾਰਤੀਆਂ ਵਿਰੋਧੀ ਨੀਤੀਆਂ ਅਤੇ ਵਿਤਕਰਿਆਂ ਦੇ ਸਮਾਜਿਕ, ਆਰਥਿਕ ਅਤੇ ਮਨੁੱਖੀ ਜ਼ੁਲਮਾਂ ਦੇ ਪਰਦੇਫਾਸ਼ ਕੀਤੇ ਅਤੇ ਸਪੱਸ਼ਟ ਕਿਹਾ ਕਿ ਇਨ੍ਹਾਂ ਵਧੀਕੀਆਂ ਦਾ ਅੰਤ ਭਾਰਤ ਦੀ ਪੂਰਨ ਆਜ਼ਾਦੀ ਪ੍ਰਾਪਤੀ ਨਾਲ ਹੀ ਹੋ ਸਕਦਾ ਹੈ।

ਭਾਰਤੀ ਆਜ਼ਾਦੀ ਸੰਗਰਾਮ ਦੇ ਵਰਕੇ ਇਹ ਵੀ ਦੱਸਦੇ ਹਨ ਕਿ ਗ਼ਦਰ ਪਾਰਟੀ ਦੇ ਇਨ੍ਹਾਂ ਸੰਵੇਦਨਸ਼ੀਲ ਆਗੂਆਂ ਨੇ ਸਮਝ ਲਿਆ ਸੀ ਕਿ ਭਾਰਤ ਵਿੱਚ ਅੰਗਰੇਜ਼ ਭਾਰਤੀਆਂ ਨੂੰ ਧਰਮਾਂ, ਫਿਰਕਿਆਂ, ਜਾਤਾਂ ਆਦਿ ਦੇ ਆਧਾਰ 'ਤੇ ਵੰਡ ਕੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ 'ਤੇ ਚੱਲ ਰਹੇ ਸਨ। ਇਸ ਲਈ ਗ਼ਦਰ ਪਾਰਟੀ ਦੀ ਸਥਾਪਨਾ ਸਮੇਂ ਉਨ੍ਹਾਂ ਪਹਿਲਾਂ ਹੀ ਨਿਰਧਾਰਤ ਕਰ ਦਿੱਤਾ ਸੀ ਕਿ ਗ਼ਦਰ ਪਾਰਟੀ ਧਰਮ-ਨਿਰਪੱਖ ਪਾਰਟੀ ਹੋਵੇਗੀ। ਫਿਰਕੂ ਮੌਕਾਪ੍ਰਸਤਾਂ ਅਤੇ ਅੰਗਰੇਜ਼ਾਂ ਦੇ ਟੋਡੀਆਂ ਤੋਂ ਸਾਵਧਾਨ ਰਹਿੰਦੇ ਹੋਏ ਗ਼ਦਰ ਪਾਰਟੀ ਨੇ ਫਰਮਾਨ ਜਾਰੀ ਕੀਤਾ ਸੀ ਕਿ ਧਰਮ ਹਰ ਇੱਕ ਵਿਅਕਤੀ ਦਾ ਨਿੱਜੀ ਵਿਸ਼ਵਾਸ ਹੈ। ਗ਼ਦਰ ਪਾਰਟੀ ਦੇ ਆਗੂਆਂ ਵਿੱਚ ਸਾਰੇ ਭਾਰਤੀ ਸਿੱਖ, ਹਿੰਦੂ, ਮੁਸਲਮਾਨ ਆਦਿ ਸ਼ਾਮਲ ਸਨ, ਜਿਨ੍ਹਾਂ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਵਿਰੁੱਧ ਸਾਂਝੇ ਤੌਰ 'ਤੇ ਬਲੀਦਾਨ ਦਿੱਤੇ ਤੇ ਭਾਰਤੀ ਆਜ਼ਾਦੀ ਪ੍ਰਾਪਤੀ ਸੰਗਰਾਮ ਨੂੰ ਨਿਵੇਕਲੀ ਸੇਧ ਦਿੱਤੀ।

ਗ਼ਦਰ ਪਾਰਟੀ ਦੇ ਆਗੂਆਂ ਦੀ ਸੇਧ ਬੜੀ ਸਪੱਸ਼ਟ ਸੀ ਕਿ ਆਜ਼ਾਦੀ ਪ੍ਰਾਪਤੀ ਉਪਰੰਤ ਭਾਰਤ ਵਿੱਚ ਆਰਥਿਕ, ਸਮਾਜਿਕ ਅਤੇ ਰਾਜਨੀਤਕ ਬਰਾਬਰੀ ਵਾਲਾ ਰਾਜ ਪ੍ਰਬੰਧ ਸਥਾਪਤ ਕੀਤਾ ਜਾਵੇਗਾ। ਅੰਗਰੇਜ਼ ਸਰਕਾਰ ਦੀ ਲੋਕ ਵਿਰੋਧੀ ਪਹੁੰਚ ਦਾ ਪਰਦਾ ਫਾਸ਼ ਕਰਦੇ ਹੋਏ ਉਨ੍ਹਾਂ 'ਗ਼ਦਰ' ਅਖ਼ਬਾਰ ਦੇ ਪਹਿਲੇ ਅੰਕ ਵਿੱਚ ਹੀ ਲਿਖਿਆ ਸੀ ਕਿ ਅੰਗਰੇਜ਼ ਸਰਕਾਰ ਭਾਰਤੀਆਂ ਦੀ ਸਿੱਖਿਆ ਅਤੇ ਸਿਹਤ ਸੰਭਾਲ ਲਈ ਲੋੜੀਂਦੇ ਘੱਟੋ-ਘੱਟ ਵਿੱਤੀ ਨਿਵੇਸ਼ ਵੀ ਜਾਣ-ਬੁੱਝ ਕੇ ਨਹੀਂ ਕਰਦੀ। ਇਸੇ ਤਰ੍ਹਾਂ ਕਿਸਾਨਾਂ ਦੇ ਮਸਲਿਆਂ ਬਾਰੇ ਅਤੇ ਭਾਰਤੀ ਇਸਤਰੀਆਂ ਪ੍ਰਤੀ ਵਿਤਕਰੇ ਆਧਾਰਤ ਕਾਨੂੰਨਾਂ ਬਾਰੇ ਗ਼ਦਰ ਪਾਰਟੀ ਨੇ ਸਪੱਸ਼ਟ ਵਿਆਖਿਆ ਕੀਤੀ ਸੀ।

ਅੱਜ ਵੀ ਬਹੁਤ ਸਾਰੇ ਹਾਲਾਤ ਉਹੋ ਜਿਹੇ ਨਹੀਂ ਹਨ, ਜੋ ਗ਼ਦਰੀ ਬਾਬਿਆਂ ਅਤੇ ਮਹਾਨ ਸ਼ਹੀਦਾਂ ਨੇ ਚਿਤਵੇ ਸਨ। ਉਦਾਹਰਣ ਵਜੋਂ ਅੱਜ ਵੀ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਲੱਖਾਂ ਮੁੰਡੇ-ਕੁੜੀਆਂ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਵੱਲ ਜਾਂਦੇ ਹਨ, ਕਿਉਂਕਿ ਸਾਡੇ ਦੇਸ਼ ਵਿੱਚ 1990 ਤੋਂ ਪਿੱਛੋਂ ਸੰਸਾਰ ਬੈਂਕ ਮਾਰਕਾ ਨਵਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਹੋਣ ਕਾਰਨ ਅਤੇ ਸਰਮਾਏਦਾਰੀ ਪ੍ਰਬੰਧ ਕਾਰਨ ਪੜ੍ਹੇ-ਲਿਖੇ ਨੌਜਵਾਨਾਂ ਲਈ ਲੋੜੀਂਦੇ ਸਥਿਰ ਅਤੇ ਸੁਰੱਖਿਅਤ ਰੁਜ਼ਗਾਰ ਦੇ ਅਵਸਰ ਲਗਾਤਾਰ ਸੀਮਤ ਹੋ ਰਹੇ ਹਨ। ਦੂਜੇ ਦੇਸ਼ਾਂ ਵਿੱਚ ਪੜ੍ਹਾਈ ਦੇ ਨਾਂਅ 'ਤੇ ਗਏ ਇਨ੍ਹਾਂ ਬੱਚਿਆਂ ਨਾਲ ਕੈਨੇਡਾ ਵਰਗੀਆਂ ਸਰਕਾਰਾਂ ਕਿਹੋ ਜਿਹਾ ਵਰਤਾਰਾ ਕਰਦੀਆਂ ਹਨ, ਸਾਡੇ ਸਾਹਮਣੇ ਹੈ।

ਇਤਿਹਾਸ ਦੇ ਸਫ਼ੇ ਦੱਸਦੇ ਹਨ ਕਿ ਅੰਗਰੇਜ਼ੀ ਰਾਜ ਸਮੇਂ 1905-06 ਵਿੱਚ ਵੀ ਹਾਲਾਤ ਤੋਂ ਮਜਬੂਰ ਹੋਏ ਭਾਰਤੀ ਅਤੇ ਪੰਜਾਬੀ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਗਏ ਸਨ। ਵਿਦੇਸ਼ਾਂ ਵਿੱਚ ਜਾ ਕੇ ਜਦੋਂ ਉਨ੍ਹਾਂ ਨੂੰ ਵਿਦੇਸ਼ੀਆਂ ਵੱਲੋਂ ਅਪਮਾਨਜਨਕ ਵਤੀਰੇ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਭਾਰਤੀਆਂ ਦੇ ਸਵੈਮਾਣ ਦੀ ਪ੍ਰਾਪਤੀ ਲਈ ਭਾਰਤੀ ਆਜ਼ਾਦੀ ਪ੍ਰਾਪਤੀ ਨੂੰ ਹੀ ਆਪਣੇ ਜੀਵਨ ਦਾ ਮੁੱਖ ਮੁੱਦਾ ਬਣਾ ਕੇ 'ਗ਼ਦਰ ਪਾਰਟੀ' ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਦੇ ਚਿਤਵੇ ਸੁਪਨਿਆਂ ਅਤੇ ਕੀਤੀਆਂ ਲਾਸਾਨੀ ਕੁਰਬਾਨੀਆਂ ਉਪਰੰਤ ਭਾਰਤ ਨੂੰ ਆਜ਼ਾਦੀ ਪ੍ਰਾਪਤ ਹੋਈ, ਪਰ ਭਾਰਤੀ ਕਿਸਾਨ ਅਤੇ ਹਰ ਭਾਰਤੀ ਲਈ ਇਨਸਾਫ਼ ਅਤੇ ਸਵੈਮਾਣ ਦੇ ਹੱਕ ਪ੍ਰਾਪਤੀ ਵਾਲੇ ਉਨ੍ਹਾਂ ਦੇ ਸੁਪਨੇ ਅੱਜ ਵੀ ਅਧੂਰੇ ਹਨ। ਵਿਸ਼ੇਸ਼ ਤੌਰ 'ਤੇ ਸਾਰੇ ਭਾਰਤੀ ਬੱਚਿਆਂ ਲਈ ਗੁਣਾਤਮਕ ਸਿੱਖਿਆ ਪ੍ਰਾਪਤੀ ਦੇ ਬਰਾਬਰ ਅਵਸਰ ਅਤੇ ਸਮੁੱਚੇ ਭਾਰਤੀਆਂ, ਜਨ ਸਮੂਹਾਂ ਲਈ ਸਿਹਤ ਸੰਭਾਲ ਅਤੇ ਸਾਰੇ ਨੌਜਵਾਨਾਂ ਲਈ ਰੁਜ਼ਗਾਰ ਪ੍ਰਾਪਤੀ ਦੇ ਸੰਵਿਧਾਨਕ ਹੱਕ ਉਪਲੱਬਧ ਨਹੀਂ ਹਨ।

ਸਾਡੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਨਾਲ ਅਪੀਲ ਸਾਂਝੀ ਕੀਤੀ ਜਾਂਦੀ ਹੈ ਕਿ ਭਾਰਤੀ ਆਜ਼ਾਦੀ ਪ੍ਰਾਪਤੀ ਸੰਗਰਾਮ ਦੇ ਇਨ੍ਹਾਂ ਮਹਾਨ ਸ਼ਹੀਦਾਂ, ਦੇਸ਼ ਭਗਤਾਂ ਅਤੇ ਗ਼ਦਰੀ ਬਾਬਿਆਂ ਦੇ ਚਿਤਵੇ ਸੁਪਨੇ, ਸੰਕਲਪ ਅਤੇ ਉਦੇਸ਼ ਜੋ ਅੱਜ ਵੀ ਸਾਡੇ ਰਾਹ-ਦਸੇਰੇ ਹਨ ਅਤੇ ਕਾਫ਼ੀ ਹੱਦ ਤੱਕ ਸਾਡੀਆਂ ਸੰਵਿਧਾਨਕ ਵਿਵਸਥਾਵਾਂ ਦਾ ਵੀ ਹਿੱਸਾ ਹਨ, ਨੂੰ ਸੰਜੀਦਗੀ ਨਾਲ ਅਮਲੀ ਰੂਪ ਵਿੱਚ ਲਾਗੂ ਕੀਤਾ ਜਾਵੇ ਅਤੇ ਗ਼ਦਰ ਲਹਿਰ ਦਾ ਇਤਿਹਾਸ ਸਾਡੇ ਸਕੂਲੀ ਪਾਠਕ੍ਰਮਾਂ ਵਿੱਚ ਸ਼ਾਮਲ ਕੀਤਾ ਜਾਵੇ। ਇਸੇ ਤਰ੍ਹਾਂ ਸਾਡਾ ਭਾਰਤੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਜਨ-ਸਮੂਹਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਅਧਾਰ ਬਣਾ ਕੇ ਜਮਹੂਰੀ ਕਦਰਾਂ-ਕੀਮਤਾਂ ਨੂੰ ਪ੍ਰਣਾਈ ਚੇਤੰਨ ਜਨਤਕ ਲਾਮਬੰਦੀ ਨਿਰੰਤਰ ਜਾਰੀ ਰੱਖੀ ਜਾਵੇ। ਇਹੋ ਹੀ ਸੱਚੀ ਸ਼ਰਧਾਂਜਲੀ ਅਤੇ ਸਤਿਕਾਰ ਹੋਵੇਗਾ ਇਨ੍ਹਾਂ ਮਹਾਨ ਸ਼ਹੀਦਾਂ, ਦੇਸ਼ ਭਗਤਾਂ ਅਤੇ ਗ਼ਦਰੀ ਬਾਬਿਆਂ ਦਾ । ਲੋੜ ਉਨ੍ਹਾਂ ਸਿਆਸੀ ਆਗੂਆਂ ਤੋਂ ਚੌਕਸ ਰਹਿਣ ਦੀ ਹੈ, ਜੋ ਗੱਲਾਂ ਦੇਸ਼ ਭਗਤਾਂ ਅਤੇ ਸ਼ਹੀਦਾਂ ਦੀਆਂ ਕਰਦੇ ਹਨ, ਪਰ ਨੀਤੀਆਂ ਆਪਣੀ ਮਰਜ਼ੀ ਦੀਆਂ ਲਾਗੂ ਕਰਦੇ ਹਨ।

**# ਸੰਪਰਕ : 94177-51888**

---

# ਇੱਕ ਰਾਸ਼ਟਰ-ਇੱਕ ਚੋਣ : ਸਰਕਾਰ ਦੀ ਮਨਸ਼ਾ 'ਤੇ ਸਵਾਲ

**ਡਾ. ਸੰਦੀਪ ਘੰਡ**

ਇੱਕ ਰਾਸ਼ਟਰ-ਇੱਕ ਚੋਣ ਬਾਰੇ ਚੱਲ ਰਹੀ ਚਰਚਾ ਦੌਰਾਨ ਦੇਸ਼ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਕਮੇਟੀ ਵੱਲੋਂ 18000 ਪੰਨਿਆਂ ਦੀ ਦਿੱਤੀ ਰਿਪੋਰਟ ਨੂੰ ਕੇਂਦਰ ਦੀ ਕੈਬਨਿਟ ਵੱਲੋਂ ਮਿਤੀ 18 ਸਤੰਬਰ 2024 ਨੂੰ ਪ੍ਰਵਾਨ ਕਰ ਲਿਆ। ਇਸ ਕਾਨੂੰਨ ਨੂੰ ਬਣਾਉਣ ਹਿੱਤ ਦਿੱਤੀਆਂ ਗਈਆਂ ਸਿਫਾਰਸ਼ਾਂ ਨੂੰ ਕੈਬਨਿਟ ਵੱਲੋਂ ਪ੍ਰਵਾਨਗੀ ਦੇਣ ਨਾਲ ਸਰਕਾਰ ਦੀ ਤੇਜ਼ੀ ਆਮ ਲੋਕਾਂ ਵਿੱਚ ਕਈ ਕਿਸਮ ਦੇ ਸ਼ੰਕੇ ਪ੍ਰਗਟ ਕਰ ਰਹੀ ਹੈ।

ਇੱਕ ਰਾਸ਼ਟਰ-ਇੱਕ ਚੋਣ ਕੋਈ ਨਵਾਂ ਮੁੱਦਾ ਨਹੀਂ ਹੈ, ਦੇਸ਼ ਦੀ ਅਜ਼ਾਦੀ ਤੋਂ ਬਾਅਦ 1967 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਈਆਂ ਜਾਂਦੀਆਂ ਰਹੀਆਂ, ਪਰ 1967-68 ਵਿੱਚ ਕਈ ਰਾਜਾਂ ਵਿੱਚ ਵਿਧਾਨ ਸਭਾਵਾਂ ਭੰਗ ਕਰਨੀਆਂ ਪਈਆਂ, ਜਿਸ ਕਾਰਨ ਉਸ ਵਿੱਚ ਚੋਣਾ ਕਰਵਾਉਣ ਸਮੇਂ ਆਈ ਦਿੱਕਤ ਕਾਰਣ ਇਸ ਪ੍ਰੰਪਰਾ ਨੂੰ ਤਿਆਗ ਦਿੱਤਾ ਗਿਆ, ਪਰ 2014 ਵਿੱਚ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਤਾਂ ਉਹਨਾਂ ਕੋਲ ਪੂਰਨ ਬਹੁਮਤ ਹੋਣ ਕਾਰਨ ਉਹਨਾਂ ਇਸ ਨੂੰ ਦੁਬਾਰਾ ਲਾਗੂ ਕਰਨ ਹਿੱਤ ਇਸ ਮੁੱਦੇ ਨੂੰ ਦੁਬਾਰਾ ਸੁਰਜੀਤ ਕੀਤਾ। ਇਸ ਵਿੱਚ ਮੁੱਖ ਤੌਰ 'ਤੇ ਇਹ ਹੀ ਤਰਕ ਦਿੱਤਾ ਜਾਂਦਾ ਕਿ ਇਸ ਨਾਲ ਪੈਸੇ ਅਤੇ ਸਮੇਂ ਦੀ ਬੱਚਤ ਹੋਵੇਗੀ। ਕਾਸ਼ ਇਸ ਪੈਸੇ ਦੀ ਬੱਚਤ ਕਰਨ ਬਾਰੇ ਸਾਡੇ ਸੰਸਦ ਮੈਂਬਰ ਜਾਂ ਐੱਮ.ਐੱਲ.ਏ ਆਪਣੇ ਭੱਤਿਆਂ ਨੂੰ ਵਧਾਉਣ, ਯਾਤਰਾ ਅਤੇ ਵਿਦੇਸ਼ ਯਾਤਰਾ ਦੌਰਾਨ ਆਪਣਾ ਇਲਾਜ ਵਿਦੇਸ਼ ਵਿੱਚੋਂ ਕਰਵਾਉਣ, ਕੰਟੀਨ ਵਿੱਚ ਆਪਣੇ ਲਈ ਸਸਤਾ ਭੋਜਨ ਦੇਣ ਸਮੇਂ ਵੀ ਸੋਚਣ। ਉਹ ਪੈਸਾ ਵੀ ਸਮਾਜ ਅਤੇ ਸਰਕਾਰ ਦਾ ਹੀ ਹੁੰਦਾ ਹੈ। ਅਸਲੀਅਤ ਇਹ ਹੈ ਕਿ ਕਹੀ ਪੇ ਨਿਗਾਹੇਂ ਕਹੀਂ ਪਰ ਨਿਸ਼ਾਨਾ।

ਲੋਕਤੰਤਰ ਵਿੱਚ ਲੋਕਾਂ ਦੀ ਚੁਣੀ ਹੋਈ ਸਰਕਾਰ ਹੁੰਦੀ ਜੇ ਕਿਸੇ ਕਾਰਨ ਕਿਸੇ ਰਾਜ ਵਿੱਚ ਵਿਧਾਨ ਸਭਾ ਭੰਗ ਕਰ ਦਿੱਤੀ ਜਾਂਦੀ ਹੈ ਅਤੇ ਉਥੇ ਸਮੇਂ ਅਨੁਸਾਰ ਚੋਣਾਂ ਨਹੀਂ ਹੁੰਦੀਆਂ ਤਾਂ ਇਹ ਲੋਕਤੰਤਰ ਦੀਆਂ ਭਾਵਨਾਵਾਂ ਦੇ ਉਲਟ ਹੈ, ਪਰ ਅਸੀਂ ਇਹ ਵੀ ਦੇਖਦੇ ਹਾਂ ਕਿ ਸਾਰੇ ਦੇਸ਼ ਵਿੱਚ ਕਿਤੇ ਨਾ ਕਿਤੇ ਕੋਈ ਨਾ ਕੋਈ ਚੋਣ ਹੋ ਰਹੀ ਹੁੰਦੀ ਹੈ, ਜਿਸ ਨਾਲ ਸਰਕਾਰ ਦਾ ਕੰਮ ਵੀ ਬੰਦ ਹੋ ਜਾਂਦਾ, ਕਿਉਂਕਿ ਚੋਣਾਂ ਨੂੰ ਸਰਕਾਰੀ ਅਧਿਕਾਰੀ/ਕਰਮਚਾਰੀ ਸਿਰੇ ਚਾੜ੍ਹਦੇ ਹਨ, ਉਹ ਵੀ ਆਪਣੇ ਦਫਤਰ ਦਾ ਕੰਮ ਨਹੀਂ ਕਰ ਸਕਦੇ। ਇਹਨਾਂ ਗੱਲਾਂ ਨੂੰ ਵਿਚਾਰਨ ਹਿੱਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕਈ ਮੀਟਿੰਗਾਂ ਕੀਤੀਆਂ ਗਈਆਂ।

2018 ਵਿੱਚ ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਇੱਕ ਡਰਾਫਟ ਤਿਆਰ ਕੀਤਾ ਗਿਆ ਕਿ ਜੇਕਰ ਚੋਣਾਂ ਇੱਕ ਵਾਰ ਨਹੀਂ ਤਾਂ ਦੋ ਵਾਰ ਕਰਵਾਈਆਂ ਜਾ ਸਕਦੀਆਂ ਹਨ। ਚੋਣ ਕਮਿਸ਼ਨ ਦੇ ਇੱਕ ਅੰਕੜੇ ਅਨੁਸਾਰ ਇੱਕ ਵਾਰ ਚੋਣਾਂ ਕਰਵਾਉਣ 'ਤੇ 4500 ਕਰੋੜ ਰੁਪਏ ਖਰਚ ਆਉਂਦਾ ਹੈ। ਇਸ ਤੋਂ ਇਲਾਵਾ ਉਮੀਦਵਾਰਾਂ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਂਦੇ ਖਰਚੇ ਵੱਖਰੇ ਹਨ। ਇਹਨਾਂ ਸਭ ਮੁੱਦਿਆਂ ਨੂੰ ਵਿਚਾਰਨ ਅਤੇ ਵਿਸਥਾਰ ਰਿਪੋਰਟ ਦੇਣ ਹਿੱਤ ਇੱਕ ਉੱਚ ਤਾਕਤੀ ਕਮੇਟੀ ਸੰਬੰਧੀ ਅਧਿਸੂਚਨਾ 2 ਸਤੰਬਰ 2023 ਨੂੰ ਜਾਰੀ ਕੀਤੀ ਗਈ।

ਇਸ ਹਾਈ ਪਾਵਰਡ ਕਮੇਟੀ (ਉੱਚ ਤਾਕਤ ਵਾਲੀ ਕਮੇਟੀ) ਜਿਸ ਦੀ ਪ੍ਰਧਾਨਗੀ ਦੇਸ਼ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਕਰਨਗੇ ਅਤੇ ਉਹਨਾਂ ਤੋਂ ਇਲਾਵਾ ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ, ਕੇਂਦਰੀ ਕਾਨੂੰਨ ਮੰਤਰੀ ਅਰਜਨ ਰਾਮ ਮੇਘਵਾਲ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਮੁਖੀ ਅਧੀਰ ਰੰਜਨ ਚੌਧਰੀ, ਰਾਜ ਸਭਾ ਨੇਤਾ ਗੁਲਾਮ ਨਬੀ ਅਜ਼ਾਦ, ਵਿੱਤ ਕਮਿਸ਼ਨ ਦੇ ਐੱਨ.ਕੇ, ਡਾ. ਸੁਭਾਸ਼ ਸੀ ਕਸ਼ਿਯਮ ਲੋਕ ਸਭਾ ਦੇ ਸਾਬਕਾ ਸਕੱਤਰ ਜਨਰਲ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰੀਸ਼ ਸਾਲਵੇ ਅਤੇ ਸੰਜੇ ਕੋਠਾਰੀ ਸਾਬਕਾ ਵਿਜੀਲੈਂਸ ਅਫਸਰ ਨੂੰ ਸ਼ਾਮਲ ਕੀਤਾ ਗਿਆ।

ਇਸ ਕਮੇਟੀ ਦਾ ਮੰਤਵ ਸਰਕਾਰ ਨੂੰ ਚੋਣਾਂ ਦੇ ਸਮਕਾਲੀਕਰਨ ਲਈ ਇੱਕ ਢਾਂਚੇ ਦਾ ਸੁਝਾਅ ਦੇਣਾ ਅਤੇ ਖਾਸ ਤੌਰ 'ਤੇ ਉਸ ਸਮਾਂ ਸੀਮਾ ਦਾ ਸੁਝਾਅ ਦੇਣਾ, ਜਿਸ ਦੇ ਅੰਦਰ ਇੱਕੋ ਸਮੇਂ ਚੋਣਾਂ ਨਹੀਂ ਕਰਵਾਈਆਂ ਜਾ ਸਕਦੀਆਂ ਅਤੇ ਜੇਕਰ ਇੱਕੋ ਸਮੇਂ ਨਹੀਂ ਕਰਵਾਈਆਂ ਜਾ ਸਕਦੀਆਂ ਤਾਂ ਇਸ ਸਬੰਧ ਵਿੱਚ ਸੰਵਿਧਾਨ ਅਤੇ ਹੋਰ ਕਾਨੂੰਨਾਂ ਵਿੱਚ ਕੋਈ ਸੋਧ ਕਰਨ ਦੇ ਸੁਝਾਅ ਦਾ ਪ੍ਰਸਤਾਵ ਦੇਣਾ ਸ਼ਾਮਲ ਸੀ। ਸਰਕਾਰ ਵੱਲੋਂ ਮੰਗੇ ਗਏ ਸੁਝਾਅ ਵਿੱਚ ਲਾਅ ਕਮਿਸ਼ਨ ਅਤੇ ਸਰਕਾਰ ਅਤੇ ਹੋਰ ਹਿੱਸੇਦਾਰਾਂ ਦੁਆਰਾ ਵੱਡੇ ਖਰਚੇ, ਸੁਰੱਖਿਆ ਬਲਾਂ ਅਤੇ ਚੋਣਾਂ ਨਾਲ ਸੰਬੰਧਤ ਅਫਸਰਾਂ ਨੂੰ ਆਪਣੇ ਮੁੱਢਲੇ ਕਰਤਵਾਂ ਤੋਂ ਲੰਮੇ ਸਮੇਂ ਲਈ ਰੋਕੀ ਰੱਖਣਾ, ਵਿਕਾਸ ਦੇ ਕੰਮ ਲੰਮੇ ਸਮੇਂ ਤੱਕ ਰੁਕੇ ਰਹਿਣਾ ਆਦਿ ਨੂੰ ਵੀ ਵਿਚਾਰਿਆ ਜਾਵੇ। ਲਾਅ ਕਮਿਸ਼ਨ ਵੱਲੋਂ ਵਿਚਾਰੇ ਅਤੇ ਚੋਣ ਸੁਧਾਰਾਂ ਬਾਰੇ 79ਵੀਂ ਰਿਪੋਰਟ ਨੂੰ ਵੀ ਵਾਚਿਆ ਜਾਵੇ ।

ਉੱਚ ਤਾਕਤੀ ਕਮੇਟੀ ਦੇ ਮੁਖੀ ਰਾਮਨਾਥ ਕੋਵਿੰਦ ਵੱਲੋਂ ਮਿਤੀ 14 ਮਾਰਚ 2024 ਨੂੰ 18000 ਪੰਨਿਆਂ ਦੀ ਰਿਪੋਰਟ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੂੰ ਸੌਂਪੀ ਗਈ। ਕਮੇਟੀ ਵੱਲੋਂ ਸੁਝਾਅ ਦਿੱਤਾ ਗਿਆ ਕਿ 2029 ਤੋਂ ਨਵੇਂ ਚੋਣ ਸੁਧਾਰ ਨੂੰ ਲਾਗੂ ਕਰਨ ਲਈ ਅਗਾਮੀ ਆਮ ਚੋਣਾਂ ਤੋਂ ਬਾਅਦ ਇੱਕ ਨਿਯਤ ਮਿਤੀ ਨਿਰਧਾਰਤ ਕੀਤੀ ਜਾਵੇ। ਇਸ ਲਈ ਰਾਜ ਵਿਧਾਨ ਸਭਾਵਾਂ ਦੀ ਮਿਆਦ ਵਧਾਉਣ ਦੀ ਲੋੜ ਹੋਵੇਗੀ, ਜੋ ਇਸ ਮਿਤੀ ਤੋਂ ਪਹਿਲਾਂ ਸਮਾਪਤ ਹੋਣ ਵਾਲੀਆਂ ਹਨ ਅਤੇ ਬਾਕੀਆਂ ਨੂੰ ਸਮੇਂ ਤੋਂ ਪਹਿਲਾਂ ਭੰਗ ਕੀਤਾ ਜਾ ਸਕਦਾ ਹੈ। ਸੰਵਿਧਾਨ ਵਿੱਚ ਕੁੱਲ 18 ਸੋਧਾਂ, ਸੰਸਦ ਦੀ ਮਿਆਦ ਨਾਲ ਸਬੰਧਤ ਆਰਟੀਕਲ 83 ਅਤੇ ਧਾਰਾ 172 (ਰਾਜ ਵਿਧਾਨ ਸਭਾਵਾਂ ਦੀ ਮਿਆਦ ਨਾਲ ਸਬੰਧਤ) ਵਿੱਚ ਸੋਧ ਦੀ ਲੋੜ ਹੈ। ਕਮੇਟੀ ਵੱਲੋਂ ਦਿੱਤੀ ਰਿਪੋਰਟ ਨੂੰ ਦੇਸ਼ ਦੀ ਕੈਬਨਿਟ ਵੱਲੋਂ ਮਿਤੀ 18 ਸਤੰਬਰ 2024 ਨੂੰ ਇੱਕ ਰਾਸ਼ਟਰ-ਇੱਕ ਚੋਣ ਕਾਨੂੰਨ ਬਣਾਉਣ ਸੰਬੰਧੀ ਦਿੱਤੀ ਗਈ ਰਿਪੋਰਟ ਨੂੰ ਪ੍ਰਵਾਨ ਕਰ ਲਿਆ ਗਿਆ।

'ਇੱਕ ਚੋਣ, ਇੱਕ ਰਾਸ਼ਟਰ' ਦਾ ਮੁੱਖ ਸਿਧਾਂਤ ਇਹ ਹੈ ਕਿ ਪੂਰੇ ਦੇਸ਼ ਵਿੱਚ ਇੱਕ ਹੀ ਸਮੇਂ ਵਿੱਚ ਸਾਰੀਆਂ ਚੋਣਾਂ ਕਰਵਾਈਆਂ ਜਾਣ। ਇਸ ਵਿੱਚ ਲੋਕ ਸਭਾ, ਵਿਧਾਨ ਸਭਾ ਅਤੇ ਹੋਰ ਸਥਾਨਕ ਚੋਣਾਂ (ਪੰਚਾਇਤ, ਨਗਰ ਨਿਗਮ ਆਦਿ)। ਹਰ ਵਾਰ ਚੋਣ ਕਰਵਾਉਣ ਲਈ ਭਾਰੀ ਰਾਸ਼ੀ ਦੀ ਲੋੜ ਹੁੰਦੀ ਹੈ। ਇਹ ਤਜਵੀਜ਼ ਖਰਚਾ ਘਟਾ ਸਕਦੀ ਹੈ, ਕਿਉਂਕਿ ਸਾਰੀਆਂ ਚੋਣਾਂ ਇੱਕੋ ਵਾਰ ਕਰਨ ਨਾਲ ਵਿੱਤੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਇਕੋ ਵਾਰ ਚੋਣਾਂ ਕਰਵਾਉਣ ਨਾਲ ਸਮੇਂ ਦੀ ਬੱਚਤ ਦਾ ਰੌਲਾ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰਾਂ ਦਾ ਧਿਆਨ ਨੀਤੀਆਂ ਅਤੇ ਦੇਸ਼ ਦੇ ਵਿਕਾਸ ਵੱਲ ਜਾਵੇਗਾ। ਉਹਨਾਂ ਨੂੰ ਚੋਣਾਂ ਦਾ ਫਿਕਰ ਨਹੀਂ ਹੋਵੇਗਾ। ਅਸੀਂ ਦੇਖਦੇ ਹਾਂ ਕਿ ਜਦੋਂ ਚੋਣਾਂ ਵਾਰ-ਵਾਰ ਹੁੰਦੀਆਂ ਹਨ ਤਾਂ ਲੋਕਾਂ ਦੀ ਰੁਚੀ ਨਹੀਂ ਰਹਿੰਦੀ।

ਅਸਲ ਵਿੱਚ ਮੋਦੀ ਸਰਕਾਰ ਦਾ ਇਸ ਨੂੰ ਤੇਜ਼ੀ ਨਾਲ ਲੈਣ ਦਾ ਕਾਰਨ ਉਹਨਾਂ ਦਾ ਇੱਕ ਵਿਸ਼ੇਸ਼ ਏਜੰਡਾ ਹੈ, ਕਿਉਂਕਿ ਕਈ ਰਾਜਾਂ ਵਿੱਚ ਉਹਨਾਂ ਦੀ ਪਾਰਟੀ ਦੀ ਵਿਚਾਰਧਾਰਾ ਨਹੀਂ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੋਣਾਂ ਵਿੱਚ ਬਹੁਤ ਸੁਧਾਰ ਦੀ ਲੋੜ ਹੈ। ਲੋਕਾਂ ਦਾ ਵੋਟਾਂ ਵਿੱਚ ਘੱਟ ਦਿਲਚਸਪੀ ਲੈਣਾ ਇੱਕ ਚਿੰਤਾ ਦਾ ਵਿਸ਼ਾ ਹੈ। ਇਹ ਠੀਕ ਹੈ ਕਿ ਕਈ ਮੁਲਕ ਹਨ, ਜਿੱਥੇ ਇੱਕ ਵਾਰੀ ਵੋਟਾਂ ਪੈਂਦੀਆਂ ਜਿਵੇਂ ਬ੍ਰਿਟੇਨ, ਦੱਖਣੀ ਅਫਰੀਕਾ ਅਤੇ ਬੈਲਜੀਅਮ, ਪਰ ਇਥੇ ਵੀ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਅਸਲ ਵਿੱਚ ਇੱਕ ਰਾਸ਼ਟਰ ਇੱਕ ਚੋਣ ਵਿੱਚ ਸਭ ਤੋਂ ਵੱਡੀ ਸਮੱਸਿਆ ਰਾਜਾਂ ਦੀਆਂ ਸਮੱਸਿਆਵਾਂ ਅਣਗੌਲੀਆਂ ਰਹਿ ਜਾਂਦੀਆਂ, ਕਿਉਂਕਿ ਅਸੀਂ ਜਾਣਦੇ ਹਾਂ ਕਿ ਕੌਮੀ ਪੱਧਰ ਦੀ ਪਾਰਟੀਆਂ ਕੋਲ ਤਾਂ ਅਸੀਮਤ ਫੰਡ ਅਤੇ ਹੋਰ ਸਾਧਨ ਹੁੰਦੇ ਹਨ, ਪਰ ਸਥਾਨਕ ਪੱਧਰ ਦੀਆਂ ਪਾਰਟੀਆਂ ਕੋਲ ਸਾਧਨਾਂ ਦੀ ਘਾਟ ਕਾਰਨ ਰਾਜ ਦੇ ਹਿੱਤ ਵਾਲੀਆਂ ਪਾਰਟੀਆਂ ਨੂੰ ਧੱਕਾ ਲੱਗਦਾ ਹੈ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ 'ਇੱਕ ਨੇਸ਼ਨ ਇੱਕ ਇਲੈਕਸ਼ਨ' ਮੁੱਦੇ ਨੂੰ ਪਹਿਲਾਂ ਚੰਗੀ ਤਰ੍ਹਾਂ ਵਿਚਾਰਿਆ ਜਾਣਾ ਚਾਹੀਦਾ ਹੈ, ਫੇਰ ਹੀ ਇਸ ਨੂੰ ਲਾਗੂ ਕਰਨ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਭਾਰਤ ਵਰਗੇ ਦੇਸ਼ ਜਿਥੇ ਜਨਸੰਖਿਆ, ਲੋਕਾਂ ਦਾ ਸੱਭਿਆਚਾਰ, ਭਾਸ਼ਾ ਅਤੇ ਰਹਿਣ-ਸਹਿਣ ਵਿੱਚ ਬਹੁਤ ਵੱਡਾ ਅੰਤਰ ਹੈ, ਉਥੇ ਇਸ ਨੂੰ ਲਾਗੂ ਕਰਨਾ ਮੁਸ਼ਕਲ ਕੰਮ ਹੈ। ਇਸ ਤੋਂ ਇਲਾਵਾ ਇਸ ਵਿੱਚ ਹੋਰ ਵੀ ਕਈ ਸਮੱਸਿਆਵਾਂ ਹਨ, ਜਿਵੇਂ ਭਾਰਤ ਵਿੱਚ ਬਹੁ-ਪਾਰਟੀ ਸਿਸਟਮ ਹੈ, ਜਿਸ ਨਾਲ ਛੋਟੀਆਂ ਪਾਰਟੀਆਂ ਨੂੰ ਆਪਣੀ ਗੱਲ ਕਹਿਣੀ ਮੁਸ਼ਕਲ ਹੋ ਸਕਦੀ ਹੈ। ਇਕੋ ਵਾਰ ਚੋਣਾਂ ਨਾਲ ਜਿਥੇ ਸਰਕਾਰੀ ਤੰਤਰ 'ਤੇ ਬੋਝ ਪਵੇਗਾ, ਉਥੇ ਵੋਟਾਂ ਪਾਉਣ ਅਤੇ ਗਿਣਤੀ ਸਮੇਂ ਉਮੀਦਵਾਰਾਂ ਦੀ ਗਿਣਤੀ ਜ਼ਿਆਦਾ ਹੋਣ ਨਾਲ ਗੁੰਝਲਦਾਰ ਸਥਿਤੀ ਪੈਦਾ ਹੋ ਸਕਦੀ ਹੈ। ਅਸਲ ਵਿੱਚ ਜਦੋਂ ਸਰਕਾਰਾਂ ਕਿਸੇ ਗੱਲ ਨੂੰ ਪਾਸੇ ਰੱਖਣਾ ਚਾਹੁੰਦੀਆਂ ਹਨ, ਉਹਨਾਂ ਦੀ ਮਨਸ਼ਾ ਕੁਝ ਹੋਰ ਹੁੰਦੀ ਹੈ ਤਾਂ ਉਦੋਂ ਰਿਪੋਰਟ ਬਹੁਤ ਵੱਡੀ ਬਣਾ ਕੇ ਇਹ ਦਿਖਾਉਣਾ ਚਾਹੁੰਦੀ ਕਿ ਬਹੁਤ ਸੋਚ-ਵਿਚਾਰ ਕੇ ਫੈਸਲਾ ਕੀਤਾ ਗਿਆ ਹੈ, ਪਰ ਪੂਰੀ ਕੈਬਨਿਟ ਨੇ ਇਹ ਰਿਪੋਰਟ ਪੜ੍ਹੀ ਹੋਵੇਗੀ, ਇਹ ਅਸੰਭਵ ਲੱਗਦਾ ਹੈ। 18000 ਪੰਨਿਆਂ ਦੀ ਰਿਪੋਰਟ ਨੂੰ ਪੜ੍ਹਨਾ ਕਈ ਕਿਸਮ ਦੇ ਸ਼ੰਕੇ ਖੜੇ ਕਰਦਾ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਸੋਚਣ ਵਿੱਚ ਚੰਗਾ ਲੱਗਦਾ ਪਰ ਅਸਲੀਅਤ ਵਿੱਚ ਇਸ ਦੇ ਨੁਕਸਾਨ ਵੀ ਬਹੁਤ ਹਨ। ਪੈਸੇ ਦੀ ਬੱਚਤ ਨਾਲੋਂ ਲੋਕਤੰਤਰ ਨੂੰ ਬਚਾਉਣਾ ਅਤੇ ਉਸੇ ਭਾਵਨਾਵਾਂ ਨਾਲ ਲਾਗੂ ਕਰਨਾ ਜਿਸ ਸੋਚ ਨਾਲ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਉ ਅੰਬੇਦਕਰ ਨੇ ਸਾਨੂੰ ਇਹ ਵੋਟ ਦਾ ਅਧਿਕਾਰ ਦਿੱਤਾ ਸੀ।

**# ਸੰਪਰਕ : 98151-39576**

---

# ...ਜਦੋਂ ਪਿੰਡ ਕੌਲਗੜ੍ਹ ਨੂੰ ਪੁਲਸ ਨੇ ਘੇਰਿਆ

ਦੇਸ਼ ਅੰਦਰ ਐਮਰਜੈਂਸੀ ਲੱਗੀ ਹੋਈ ਸੀ। ਸ਼ਹਿਰੀ ਆਜ਼ਾਦੀਆਂ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਸੀ। ਅਖਬਾਰਾਂ ਤੇ ਸੈਂਸਰ ਲੱਗੀ ਹੋਈ ਸੀ। ਲਿਖਣ ਅਤੇ ਬੋਲਣ ਦੇ ਹੱਕ ਖੋਹ ਲਏ ਗਏ ਸਨ। ਚਾਰ-ਚੁਫੇਰੇ ਸਹਿਮ ਦਾ ਆਲਮ ਸੀ। ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਬੇਲਗਾਮ ਲੜਕੇ ਮਰਹੂਮ ਸੰਜੇ ਗਾਂਧੀ ਦੀ ਅਗਵਾਈ ਹੇਠ ਪਰਵਾਰ ਨਿਯੋਜਨ ਸਕੀਮ ਦੇ ਨਾਂਅ ਥੱਲੇ ਅੰਨ੍ਹੇਵਾਹ ਲੋਕਾਂ ਦੇ ਨਸਬੰਦੀ/ਨਲਬੰਦੀ ਅਪਰੇਸ਼ਨ ਕੀਤੇ ਜਾ ਰਹੇ ਸਨ। ਹਰ ਤਰਾਂ ਦੇ ਰੋਸ ਮੁਜ਼ਾਹਰਿਆਂ ਖਿਲਾਫ ਪੂਰਨ ਪਾਬੰਧੀ ਹੋਣ ਕਾਰਨ ਲੋਕਾਂ ਦੀ ਜ਼ੁਬਾਨਬੰਦੀ ਕਰ ਦਿੱਤੀ ਗਈ ਸੀ। ਸੂਚਨਾ ਪ੍ਰਣਾਲੀ ਅੱਜ ਜਿੰਨੀ ਵਿਕਸਤ ਨਾ ਹੋਣ ਕਰਕੇ ਅਫਵਾਹਾਂ ਦਾ ਬਜ਼ਾਰ ਗਰਮ ਸੀ। ਜਿੰਨੇ ਮੂੰਹ ਓਨੀਆਂ ਗੱਲਾਂ ਵਾਲੀ ਸਥਿਤੀ ਬਣੀ ਹੋਈ ਸੀ। ਮੀਡੀਆ ਦੀ ਗੈਰਹਾਜ਼ਰੀ ਕਾਰਨ ਸਰਕਾਰ ਦਾ ਦੇਸ਼ ਦੀ ਜਨਤਾ ਨਾਲੋਂ ਰਾਬਤਾ ਟੁੱਟ ਗਿਆ ਸੀ।

ਉਸ ਸਮੇਂ ਪ੍ਰੈੱਸ ਦਾ ਗਲਾ ਘੁਟਣ ਦੇ ਵਿਰੋਧ ਵਜੋਂ ਅਸੀਂ ਆਪਣੇ ਇਲਾਕੇ ਵਿੱਚ ਚੱਲ ਰਹੀਆਂ ਸਾਹਿਤਕ ਸਰਗਰਮੀਆਂ ਨੂੰ ਤੇਜ਼ ਕਰ ਦਿੱਤਾ ਸੀ। ਇਸ ਦੇ ਮੱਦੇਨਜ਼ਰ ਪੰਜਾਬੀ ਸਾਹਿਤ ਸਭਾ ਕੌਲਗੜ੍ਹ ਤਹਿਸੀਲ ਬਲਾਚੌਰ ਵੱਲੋਂ ਮਹੀਨਾਵਾਰ ਬੈਠਕਾਂ ਨੂੰ ਹਫਤਾਵਾਰੀ ਬੈਠਕਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਸਾਹਿਤ ਸਭਾ ਕੌਲਗੜ੍ਹ ਦੇ ਜਨਰਲ ਸਕੱਤਰ ਦੀ ਜ਼ੁੰਮੇਵਾਰੀ ਦੀਦਾਰ ਸ਼ੇਤਰਾ ਸਰਕਾਰੀ ਅਧਿਆਪਕ ਹੋਣ ਦੇ ਬਾਵਜੂਦ ਬਾਖੂਬੀ ਨਿਭਾ ਰਹੇ ਸਨ। ਇਹ ਸਾਹਿਤਕ ਮੀਟਿੰਗਾਂ / ਗੋਸ਼ਟੀਆਂ ਪੂਰੀ ਤਰਾਂ ਗੁਪਤ ਰੱਖੀਆਂ ਜਾਂਦੀਆਂ ਸਨ, ਕਿਉਕਿ ਸਾਰੇ ਦੇਸ਼ ਵਿੱਚ ਦਫ਼ਾ 144 ਲਾਗੂ ਸੀ। ਸਾਹਿਤ ਸਭਾ ਜਗਤਪੁਰ ਦੀ ਅਗਵਾਈ ਹੇਠ ਪਿੰਡਾਂ ਵਿੱਚ ਲਾਇਬ੍ਰੇਰੀਆਂ ਖੋਹਲਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੀ ਸ਼ੁਰੂਆਤ ਅਸੀਂ ਇਤਿਹਾਸਕ ਪਿੰਡ ਕੌਲਗੜ੍ਹ ਤੋਂ ਕੀਤੀ। ਇਸ ਨੂੰ ਸਿਰੇ ਚਾੜ੍ਹਨ ਵਿੱਚ ਆਪਣਾ ਜੱਦੀ ਪਿੰਡ ਹੋਣ ਕਰਕੇ ਦੀਦਾਰ ਸ਼ੇਤਰਾ ਅਤੇ ਮਨੀ ਸਿੰਘ ਕੌਲਗੜ੍ਹ ਨੇ ਵੱਡਾ ਯੋਗਦਾਨ ਪਾਇਆ। ਸਭਾ ਨਾਲ ਜੁੜੇ ਬਹੁਤੇ ਨੌਜਵਾਨ ਬੇਰੁਜ਼ਗਾਰ ਹੋਣ ਕਾਰਨ ਸਭਾ ਕੋਲ ਵਸੀਲਿਆਂ ਦੀ ਬਹੁਤ ਕਮੀ ਸੀ। ਇਸ ਕਾਰਜ ਲਈ ਉਹਨਾਂ ਪਿੰਡਾਂ ਦੀ ਸ਼ਨਾਖਤ ਕੀਤੀ ਗਈ, ਜਿਹਨਾਂ ਪਿੰਡਾਂ ਵਿੱਚ 2-4 ਨੌਜਵਾਨ ਸਾਹਿਤਕ ਮੱਸ ਰੱਖਣ ਵਾਲੇ ਸਨ। ਸਾਹਿਤਕ ਸਰਗਰਮੀਆਂ ਅਤੇ ਲਾਇਬ੍ਰੇਰੀਆਂ ਦਾ ਵਿਸਥਾਰ ਕਰਨ ਲਈ ਪਿੰਡ ਕੌਲਗੜ੍ਹ ਦੀ ਲਾਇਬਰੇਰੀ ਵਿਚੋਂ ਕਿਤਾਬਾਂ ਅਜਿਹੇ ਨੌਜਵਾਨਾਂ ਨੂੰ ਪੜ੍ਹਨ ਵਾਸਤੇ ਦਿੱਤੀਆਂ ਗਈਆਂ। ਕਾਫੀ ਨੌਜਵਾਨ ਸਾਹਿਤ ਸਭਾ ਨਾਲ ਜੁੜਨੇ ਸ਼ੁਰੂ ਹੋ ਗਏ।



ਹਰਜਿੰਦਰ ਸਿੰਘ ਗੁਲਪੁਰ

ਉਸ ਦੌਰ ਵਿਚ ਭਾਅ ਜੀ ਗੁਰਸ਼ਰਨ ਸਿੰਘ ਹੁਰਾਂ ਦੀ ਟੀਮ ਨੇ ਜਿੰਨੇ ਵੀ ਨਾਟਕ ਖੇਡੇ, ਉਹ ਸਿੱਖ ਧਰਮ ਦੇ ਰੰਗ ਹੇਠ ਲੁਕਾ ਕੇ ਖੇਡੇ। ਉਹਨਾਂ ਇੱਕ ਰਣਨੀਤੀ ਵਜੋਂ ਗੁਰਦਵਾਰਿਆਂ ਨੂੰ ਇੱਕ ਮੰਚ ਵਜੋਂ ਸਫਲਤਾਪੂਰਬਕ ਵਰਤਿਆ, ਜੋ ਸਮੇਂ ਦੀ ਲੋੜ ਸੀ। ਇਸੇ ਤਰ੍ਹਾਂ ਦੁਆਬਾ ਲੋਕ ਕਲਾ ਮੰਚ ਮੰਗੂਵਾਲ ਵੱਲੋਂ ਜਸਵੰਤ ਖਟਕੜ ਦੀ ਨਿਰਦੇਸ਼ਨਾ ਹੇਠ ਦਰਜਨਾਂ ਨਾਟਕ ਖੇਡ ਕੇ ਲੋਕਾਂ ਦੇ ਮਨ ਦੀ ਗੱਲ ਲੋਕਾਂ ਦੇ ਸਨਮੁੱਖ ਰੱਖੀ ਗਈ। ਹੋਰ ਨਾਟਕ ਟੀਮਾਂ ਨੇ ਵੀ ਇਸ ਵਿਧਾ ਰਾਹੀਂ ਅਸਿੱਧੇ ਤੌਰ 'ਤੇ ਸਮੇ ਦੇ ਹਾਕਮਾਂ ਨੂੰ ਲਲਕਾਰਿਆ ਜਾਂਦਾ ਰਿਹਾ। ਇਹਨਾਂ ਸਰਗਰਮੀਆਂ ਵਿਚ ਭਾਗ ਲੈਣ ਵਾਲੇ ਬਹੁਤੇ ਦੋਸਤ ਇਸ ਦੁਨੀਆ ਵਿੱਚ ਨਹੀਂ ਰਹੇ। ਤਤਕਾਲੀਨ ਅਕਾਲੀ ਆਗੂ ਅਤੇ ਧਰਮ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਲਬੀਰ ਸਿੰਘ ਚੰਗਿਆੜਾ ਨੇ ਗੜ੍ਹਸ਼ੰਕਰ ਨੇੜੇ ਪੈਂਦੇ ਪਿੰਡ ਅਕਾਲਗੜ੍ਹ ਦੇ ਗੁਰਦੁਆਰੇ ਵਿੱਚ ਗੁਰਸ਼ਰਨ ਸਿੰਘ ਦੇ ਦਰਜਨਾਂ ਨਾਟਕ ਉਸ ਦੌਰ ਵਿੱਚ ਕਰਵਾਏ।

ਰਾਤ ਸਮੇਂ ਲੋਕ ਦੂਰੋਂ-ਦੂਰੋਂ ਇਹਨਾਂ ਨਾਟਕਾਂ ਨੂੰ ਦੇਖਣ ਲਈ ਆਉਂਦੇ ਸਨ। ਇਹ ਨਾਟਕ ਵੀ ਸਾਡੇ ਲਈ ਪ੍ਰੇਰਨਾਸਰੋਤ ਸਨ। ਉਸ ਸਮੇ ਲੋਕ ਮਨਾਂ ਵਿੱਚ ਆਈ ਖੜੋਤ ਦੇ ਮੱਦੇਨਜ਼ਰ ਸਾਹਿਤ ਸਭਾ ਕੌਲਗੜ੍ਹ ਵੱਲੋਂ ਲਿਖਾਰੀ ਸਭਾ ਜਗਤਪੁਰ (ਮੁਕੰਦਪੁਰ) ਦੇ ਸਹਿਯੋਗ ਨਾਲ ਇੱਕ ਮਹੱਤਵਪੂਰਨ ਫੈਸਲਾ ਲਿਆ ਗਿਆ ਕਿ ਲੋਕ ਮਨਾਂ 'ਤੇ ਜੰਮੇ ਸਹਿਮ ਦੇ ਜਮੂਦ ਨੂੰ ਤੋੜਨ ਲਈ ਫੈਸਲਾਕੁੰਨ ਰੋਲ ਨਿਭਾਇਆ ਜਾਵੇ। ਫੈਸਲਾ ਇਹ ਹੋਇਆ ਕਿ ਇੱਕ ਸੈਮੀਨਾਰ ਕਰਵਾਇਆ ਜਾਵੇ, ਜਿਸ ਵਿੱਚ '1970 ਤੋਂ ਬਾਅਦ ਦੀ ਪੰਜਾਬੀ ਕਵਿਤਾ' ਵਿਸ਼ੇ 'ਤੇ ਪ੍ਰੋ. ਐੱਸ ਐੱਨ ਸੇਵਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਪਰਚਾ ਲਿਖਵਾਇਆ ਜਾਵੇ। ਇਸ ਤੋਂ ਇਲਾਵਾ ਉਸ ਦਿਨ ਸ੍ਰ. ਗੁਰਸ਼ਰਨ ਸਿੰਘ ਦੇ ਨਾਟਕ ਕਰਵਾਏ ਜਾਣ। ਪਿੰਡ ਕੌਲਗੜ੍ਹ ਵਿਖੇ ਪ੍ਰੋਗਰਾਮ ਕਰਵਾਉਣ ਦਾ ਫੈਸਲਾ ਹੋ ਗਿਆ। ਦੀਦਾਰ ਸ਼ੇਤਰਾ ਅਤੇ ਮਰਹੂਮ ਦੋਸਤ ਮਨੀ ਸਿੰਘ ਕੌਲਗੜ੍ਹ ਦੀ ਪਹਿਲਕਦਮੀ 'ਤੇ ਪਿੰਡ ਕੌਲਗੜ੍ਹ ਵਾਸੀਆਂ ਨੇ ਲੰਗਰ ਸਮੇਤ ਸਾਰੇ ਪ੍ਰਬੰਧਾਂ ਦੀ ਜ਼ੁੰਮੇਵਾਰੀ ਚੁੱਕ ਲਈ।

ਜ਼ਿਕਰਯੋਗ ਹੈ ਕਿ ਇਹ ਪਿੰਡ 1922 ਦੇ ਨੇੜੇ-ਤੇੜੇ ਅੰਗਰੇਜ਼ ਸਰਕਾਰ ਖਿਲਾਫ ਉਠੀ ਹਥਿਆਰਬੰਦ ਬੱਬਰ ਅਕਾਲੀ ਲਹਿਰ ਦਾ ਕੇਂਦਰ ਬਿੰਦੂ ਵੀ ਰਿਹਾ ਸੀ। ਹੁਣ ਮਹਿਸੂਸ ਹੁੰਦਾ ਹੈ ਕਿ ਅਸੀਂ ਲੋਕ ਸ਼ਕਤੀ ਤੋਂ ਬਗੈਰ ਕੁਝ ਨਹੀਂ ਕਰ ਸਕਦੇ ਸੀ। ਅਸੀਂ ਸਕੂਲਾਂ-ਕਾਲਜਾਂ ਦੇ ਨਿਆਣ ਮੱਤੀਆਂ ਨੇ ਇੱਕ ਤਰ੍ਹਾਂ ਨਾਲ ਸੱਪ ਦੀ ਖੁੱਡ ਵਿੱਚ ਹੱਥ ਪਾ ਲਿਆ ਸੀ। ਆਪਣੀ ਸਮਝ ਅਨੁਸਾਰ ਡੂੰਘੀ ਸੋਚ ਵਿਚਾਰ ਕਰਕੇ 20 ਜੂਨ, 1976 ਦਾ ਦਿਨ ਇਸ ਸਮਾਗਮ ਲਈ ਨਿਸਚਿਤ ਕਰ ਦਿੱਤਾ ਗਿਆ। ਹਲਕੇ-ਫੁਲਕੇ ਇਸ਼ਤਿਹਾਰ ਛਪਵਾ ਕੇ ਆਪਣੇ ਸੀਮਤ ਸਾਧਨਾਂ ਰਾਹੀਂ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਪਹੁੰਚਾਏ ਗਏ। ਜਿਹਨਾਂ ਸਾਹਿਤਕਾਰਾਂ ਨੂੰ ਅਸੀਂ ਨਿੱਜੀ ਰੂਪ ਵਿੱਚ ਜਾਣਦੇ ਸੀ ਜਾਂ ਜਿਹਨਾਂ ਦੇ ਨਾਂਅ ਅਤੇ ਪਤੇ ਸਭਾ ਕੋਲ ਮੌਜੂਦ ਸਨ, ਉਹਨਾਂ ਨੂੰ ਡਾਕ ਰਾਹੀਂ ਸੂਚਿਤ ਕੀਤਾ ਗਿਆ।

ਇਸ ਸਮਾਗਮ ਦੀ ਮਸ਼ਹੂਰੀ ਵਿਸ਼ਵ ਪੱਧਰ 'ਤੇ ਹੋਣ ਦਾ ਕਾਰਨ ਇਹ ਵੀ ਸੀ ਕਿ ਤਤਕਾਲੀਨ ਡਾਇਰੈਕਟਰ ਜਲੰਧਰ ਰੇਡੀਓ ਸਟੇਸ਼ਨ ਸੋਹਣ ਸਿੰਘ ਮੀਸ਼ਾ/ਹਰਭਜਨ ਸਿੰਘ ਬਟਾਲਵੀ ਦੀ ਬਦੌਲਤ ਇਸ ਪ੍ਰੋਗਰਾਮ ਦੀ ਸੂਚਨਾ ਅਕਾਸ਼ਬਾਣੀ ਜਲੰਧਰ ਰੇਡੀਓ 'ਤੇ ਵੀ ਪ੍ਰਸਾਰਤ ਹੋ ਗਈ ਸੀ। ਲੰਮੇ ਚੌੜੇ ਪਰਚਾਰ ਕਾਰਨ ਸਰਕਾਰ ਚੌਕਸ ਹੋ ਗਈ। ਸਾਹਿਤ ਸਭਾ ਕੌਲਗੜ੍ਹ ਦੇ ਜਨਰਲ ਸਕੱਤਰ ਦੀਦਾਰ ਸ਼ੇਤਰਾ ਨੂੰ ਬਲਾਚੌਰ ਥਾਣੇ ਬੁਲਾ ਕੇ ਪ੍ਰੋਗਰਾਮ ਰੱਦ ਕਰਨ ਜਾਂ ਨਤੀਜੇ ਭੁਗਤਣ ਦੀ ਧਮਕੀਨੁਮਾ ਸਲਾਹ ਦਿੱਤੀ ਗਈ। ਅਸੀਂ ਜਿਹੜਾ ਇਸ਼ਤਿਹਾਰ ਛਪਵਾਇਆ ਸੀ, ਉਸ ਵਿੱਚ ਉਹਨਾਂ ਲੇਖਕਾਂ / ਕਵੀਆਂ ਦੇ ਨਾਂਅ ਦਿੱਤੇ ਸਨ, ਜਿਹਨਾਂ ਵਿੱਚੋਂ ਬਹੁਤ ਸਾਰੇ ਕਵੀ ਜਾਂ ਤਾਂ ਭੂਮੀਗਤ ਸਨ ਜਾਂ ਸਰਕਾਰ ਦੀਆਂ ਅੱਖਾਂ ਵਿਚ ਰੜਕਦੇ ਸਨ। ਇਹਨਾਂ ਵਿੱਚ ਮੁੱਖ ਤੌਰ 'ਤੇ ਡਾ. ਸੁਰਿੰਦਰ ਸਿੰਘ ਦੋਸਾਂਝ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਸੰਤ ਰਾਮ ਉਦਾਸੀ, ਪਾਸ਼ (ਅਵਤਾਰ ਸਿੰਘ ਸੰਧੂ), ਗੁਰਦਾਸ ਰਾਮ ਆਲਮ, ਦਰਸ਼ਨ ਖਟਕੜ, ਜਸਵੰਤ ਖਟਕੜ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ ਆਦਿ ਸ਼ਾਮਿਲ ਸਨ। ਉਸ ਦਿਨ ਕਰਵਾਏ ਜਾਣ ਵਾਲੇ ਪ੍ਰੋਗਰਾਮ ਦੀ ਰੂਪ ਰੇਖਾ ਇਸ ਪ੍ਰਕਾਰ ਸੀ—

20 ਜੂਨ ਸਵੇਰੇ 10 ਵਜੇ '1970 ਤੋਂ ਬਾਅਦ ਦੀ ਪੰਜਾਬੀ ਕਵਿਤਾ' ਵਿਸ਼ੇ ਉੱਤੇ ਪ੍ਰੋ. ਐੱਸ ਐੱਨ ਸੇਵਕ ਵੱਲੋਂ ਪਰਚਾ ਪੜ੍ਹਨਾ ਸੀ, ਜਿਸ ਉੱਤੇ ਭਰਵਾਂ ਵਿਚਾਰ-ਵਟਾਂਦਰਾ ਕੀਤਾ ਜਾਣਾ ਸੀ। ਇਸ ਉਪਰੰਤ ਰੋਟੀ-ਟੁੱਕ ਦਾ ਪ੍ਰਬੰਧ ਕੀਤਾ ਗਿਆ ਸੀ। ਬਾਅਦ ਦੁਪਹਿਰ ਤਕਰੀਬਨ 4 ਵਜੇ ਕਵੀ ਦਰਬਾਰ ਹੋਣਾ ਸੀ।

ਰਾਤ ਨੂੰ ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਆਯੋਜਨ ਹੋਣਾ ਸੀ। ਇਸ ਦੌਰਾਨ ਪੁਲਸ ਦਾ ਦਬਾਅ ਵਧਦਾ ਜਾ ਰਿਹਾ ਸੀ। ਉਹ ਲਗਾਤਾਰ ਪ੍ਰੋਗਰਾਮ ਰੱਦ ਕਰਨ ਲਈ ਕਹਿ ਰਹੇ ਸਨ। ਅਸੀਂ ਸ਼ਸ਼ੋਪੰਜ ਵਿੱਚ ਸਾਂ ਕਿ ਹੁਣ ਕੀ ਕੀਤਾ ਜਾਵੇ? ਫੈਸਲਾ ਹੋਇਆ ਕਿ ਮਹਿੰਦਰ ਸਿੰਘ ਦੋਸਾਂਝ ਦੀ ਸਲਾਹ ਲਈ ਜਾਵੇ। ਮੈਂ ਅਤੇ ਦੀਦਾਰ ਸ਼ੇਤਰਾ ਇੱਕ ਦਿਨ ਪਹਿਲਾਂ ਯਾਨਿ ਦਿਨ ਢਲਦਿਆਂ ਪ੍ਰੋਗਰਾਮ ਦੀ ਸਾਰੀ ਜ਼ੁੰਮੇਵਾਰੀ ਮਨੀ ਸਿੰਘ ਕੌਲਗੜ੍ਹ ਅਤੇ ਟਰੇਡ ਯੂਨੀਅਨ ਆਗੂ ਪਰਮਜੀਤ ਦੇਹਲ ਸਿਰ ਸੁੱਟ ਕੇ ਜਗਤਪੁਰ ਲਈ ਰਵਾਨਾ ਹੋ ਗਏ। ਇਸ ਸਫਰ ਲਈ ਸ਼ੇਤਰਾ ਦਾ ਰਾਜਦੂਤ ਮੋਟਰਸਾਈਕਲ ਕੰਮ ਆਇਆ, ਨਹੀਂ ਤਾਂ ਇਹ ਸਫ਼ਰ ਸਾਈਕਲਾਂ ਰਾਹੀਂ ਕਰਨਾ ਪੈਣਾ ਸੀ। ਚੰਗੇ ਭਾਗੀਂ ਦੋਸਾਂਝ ਹੁਰੀਂ ਸਾਨੂੰ ਘਰ ਹੀ ਮਿਲ ਪਏ। ਗਰਮੀ ਬਹੁਤ ਸੀ। ਇਸ ਸਬੰਧੀ ਲੰਮਾ ਵਿਚਾਰ-ਵਟਾਂਦਰਾ ਕਰਨ ਉਪਰੰਤ ਦੋਸਾਂਝ ਜੀ ਅਤੇ ਉਹਨਾ ਦੀ ਸਤਿਕਾਰਤ ਪਤਨੀ ਵੱਲੋਂ ਇਹ ਸਲਾਹ ਦਿੱਤੀ ਗਈ ਕਿ ਜੀਵਨ ਵਿੱਚ ਪਰਖ ਦੀਆਂ ਘੜੀਆਂ ਕਦੇ-ਕਦੇ ਆਉਂਦੀਆਂ ਹਨ। ਸਾਰਿਆਂ ਲਈ ਇਹ ਪਰਖ ਦੀ ਘੜੀ ਹੈ। ਜੇ ਪਿੱਛੇ ਹਟ ਗਏ ਤਾਂ ਸਾਰੇ ਸਾਹਿਤਕ ਜਗਤ ਵਿਚ ਕੌਲਗੜ੍ਹ ਸਾਹਿਤ ਸਭਾ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਉਹਨਾ ਵੱਲੋਂ ਮਿਲੇ ਹੁੰਗਾਰੇ ਨੇ ਸਾਡੇ ਹੌਸਲੇ ਨੂੰ ਜਰਬਾਂ ਦੇ ਦਿੱਤੀਆਂ ਅਤੇ ਅਸੀਂ ਰਾਤ ਦਾ ਖਾਣਾ ਖਾ ਕੇ ਵਾਪਸ ਪਰਤ ਆਏ। ਅਸੀਂ ਸਿੱਧੇ ਰਸਤੇ ਨਹੀਂ ਆਏ ਸੀ, ਇਸ ਲਈ ਪਿੰਡ ਪਹੁੰਚ ਕੇ ਪਤਾ ਲੱਗਾ ਕਿ ਪਿੰਡ ਕੌਲਗੜ੍ਹ ਦੀ ਹੱਦਬਸਤ ਨੂੰ ਪੁਲਸ ਨੇ ਚਾਰੇ ਪਾਸੇ ਤੋਂ ਘੇਰ ਲਿਆ ਹੈ । ਰਾਤੋ-ਰਾਤ ਅਸੀਂ ਕੁਝ ਛੋਟੇ-ਵੱਡੇ ਸੂਝਵਾਨ ਨੌਜਵਾਨਾਂ ਦਾ ਸਾਈਕਲ ਦਸਤਾ ਤਿਆਰ ਕੀਤਾ ਅਤੇ ਉਹਨਾਂ ਨੂੰ ਉਸ ਬੱਸ ਅੱਡੇ 'ਤੇ ਸਵੇਰੇ ਸਾਝਰੇ ਪਹੁੰਚਣ ਲਈ ਲਈ ਕਹਿ ਦਿੱਤਾ, ਜਿੱਥੇ ਬਾਹਰੋਂ ਆਏ ਦਾਨਿਸ਼ਵਰ ਮਿੱਤਰ ਪਹੁੰਚ ਸਕਦੇ ਸਨ। ਇਹਨਾਂ ਸਾਰੇ ਚਿੰਤਕ ਦੋਸਤਾਂ ਨੂੰ ਕੌਲਗੜ੍ਹ ਦੀ ਥਾਂ ਇਸ ਲੇਖਕ ਦੇ ਘਰ ਪਿੰਡ ਗੁਲਪੁਰ ਲੈ ਕੇ ਜਾਣਾ ਹੈ। ਪ੍ਰੋਗਰਾਮ ਅੰਦਰਖਾਤੇ ਕੌਲਗੜ੍ਹ ਤੋਂ ਪਿੰਡ ਗੁਲਪੁਰ ਵੱਲ ਤਬਦੀਲ ਕਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਸੰਤੋਖ ਸਿੰਘ ਧੀਰ, ਸੰਤ ਰਾਮ ਉਦਾਸੀ, ਮਹਿੰਦਰ ਦੀਵਾਨਾ, ਦਵਿੰਦਰ ਜੋਸ਼, ਠਾਕੁਰ ਭਾਰਤੀ, ਸਰਬਜਿੰਦਰ ਕੇਦਾਰ, ਗੁਰਬਖਸ਼ ਜੱਸ, ਪਾਸ਼,ਆਲਮ, ਮਹਿੰਦਰ ਸਿੰਘ ਦੁਸਾਂਝ ਸਮੇਤ ਲਗਭਗ ਇਕ ਸੌ ਤੋਂ ਵੱਧ ਲੇਖਕ ਪਿੰਡ ਕੌਲਗੜ੍ਹ ਪਹੁੰਚਣ ਵਿੱਚ ਸਫਲ ਹੋ ਗਏ। ਧੀਰ, ਸ਼ੇਤਰਾ ਅਤੇ ਕੁਝ ਹੋਰ ਬਾਹਰੋਂ ਆਏ ਸਾਹਿਤਕਾਰਾਂ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ। ਇਸ ਚੱਕਰ ਦੌਰਾਨ ਪਰਮਜੀਤ ਦੇਹਲ ਦੀ ਅਗਵਾਈ ਵਿਚ ਮਹਿਮਾਨ ਚਿੰਤਕਾਂ ਨੂੰ ਸਾਈਕਲਾਂ ਪਿੱਛੇ ਬਿਠਾ ਕੇ ਪਿੰਡ ਗੁਲਪੁਰ ਮੇਰੇ ਘਰ ਲਿਜਾਇਆ ਜਾ ਰਿਹਾ ਸੀ।

(● ਬਾਕੀ ਸਫ਼ਾ 9 'ਤੇ)

# ਸਾਥੀ ਨੂੰ ਇਨਸਾਫ਼ ਦਿਵਾਉਣ ਲਈ ਐੱਸ ਸੀ/ਬੀ ਸੀ ਵੈੱਲਫੇਅਰ ਫੈਡਰੇਸ਼ਨ ਵੱਲੋਂ ਧਰਨਾ

## ਇਨਸਾਫ਼ ਨਾ ਮਿਲਣ 'ਤੇ ਵੱਡੇ ਸੰਘਰਸ਼ ਦਾ ਕੀਤਾ ਐਲਾਨ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਬਿਜਲੀ ਬੋਰਡ ਦੇ ਵਧੀਕ ਨਿਗਰਾਨ ਟੈਕਨੀਕਲ ਇੰਜ: ਨਵਨੀਤ ਕੁਮਾਰ ਦੀ ਗੈਰ-ਮੌਜੂਦਗੀ ਦੌਰਾਨ ਕੁੱਝ ਮਹੀਨੇ ਪਹਿਲਾਂ ਦਫਤਰ ਦੇ ਕੁੱਝ ਕਥਿਤ ਸਟਾਫ ਮੈਂਬਰਾਂ ਵੱਲੋਂ ਉਨ੍ਹਾਂ ਦੇ ਦਫਤਰ ਦੇ ਕਮਰੇ ਅੰਦਰ ਦਾਖਲ ਹੋ ਕੇ ਉਨ੍ਹਾਂ ਦੇ ਕਮਰੇ ਅੰਦਰ ਪਏ ਸਰਕਾਰੀ ਰਿਕਰਡ ਨਾਲ ਛੇੜਛਾੜ ਕਰਨ ਤੇ ਲੈਪਟਾਪ ਦੀ ਸਕਰੀਨ ਤੋੜਨ ਅਤੇ ਹੋਰ ਕੀਮਤੀ ਸਾਮਾਨ ਦੀ ਚੋਰੀ ਕਰਨ ਦੀ ਨਵਨੀਤ ਕੁਮਾਰ ਵੱਲੋਂ ਪੁਲਸ ਕੋਲ ਲਿਖਤੀ ਸ਼ਿਕਾਇਤ ਕੀਤੀ ਗਈ, ਪਰ ਕਥਿਤ ਦੋਸ਼ੀਆਂ ਖਿਲਾਫ ਕਾਰਵਾਈ ਨਾ ਹੋਣ ਕਰਕੇ ਤੇ ਇਨਸਾਫ ਨਾ ਮਿਲ਼ਦਾ ਦੇਖ ਕੇ ਐੱਸ ਸੀ ਤੇ ਬੀ ਸੀ ਸ਼੍ਰੇਣੀਆਂ ਅਤੇ ਕਰਮਚਾਰੀ ਵੈੱਲਫ਼ੇਅਰ ਫੈਡਰੇਸ਼ਨ ਹਲਕਾ ਫਿਰੋਜ਼ਪੁਰ ਵੱਲੋਂ ਇੰਜੀ. ਨਵਨੀਤ ਕੁਮਾਰ ਨੂੰ ਇਨਸਾਫ ਦਿਵਾਉਣ ਲਈ ਸੀਨੀਅਰ ਇੰਜੀਨੀਅਰ ਦੇ ਦਫਤਰ ਵਿਖ਼ੇ ਧਰਨਾ ਦਿੱਤਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਇੱਕ ਉੱਚ ਅਧਿਕਾਰੀ ਨੂੰ ਇਨਸਾਫ ਨਹੀਂ ਮਿਲ ਰਿਹਾ ਤਾਂ ਆਮ ਕਰਮਚਾਰੀਆਂ ਦਾ ਕੀ ਹਾਲ ਹੋਵੇਗਾ? ਉਨ੍ਹਾਂ ਕਿਹਾ ਕਿ ਐੱਸ ਸੀ ਦਫਤਰ ਫਿਰੋਜ਼ਪੁਰ ਵਿਖੇ ਮਿਲੀਭੁਗਤ ਨਾਲ, ਧੱਕੇਸ਼ਾਹੀ ਰਿਸ਼ਵਤਖੋਰੀ, ਭ੍ਰਿਸ਼ਟਾਚਾਰੀ ਦੇ ਗੋਰਖ ਧੰਦੇ ਦਾ ਬੋਲਬਾਲਾ ਸਿਖਰਾਂ 'ਤੇ ਚੱਲ ਰਿਹਾ। ਫੈਡਰੇਸ਼ਨ ਆਗੂਆਂ ਨੇ ਪੰਜਾਬ ਸਰਕਾਰ, ਮੁੱਖ ਮੰਤਰੀ ਪੰਜਾਬ, ਬਿਜਲੀ ਮੰਤਰੀ ਤੇ ਪਾਵਰਕਾਮ ਦੇ ਚੇਅਰਮੈਨ ਵੱਲੋਂ ਭ੍ਰਿਸ਼ਟ ਅਫਸਰਾਂ ਤੇ ਮੁਲਾਜ਼ਮਾਂ ਵਿਰੁੱਧ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਨੇ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਸਾਥੀ ਨੂੰ ਜਲਦੀ ਇਨਸਾਫ਼ ਨਾ ਮਿਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਵੱਡਾ ਸਖ਼ਤ ਐਕਸ਼ਨ ਲਿਆ ਜਾਵੇਗਾ। ਇਸ ਮੌਕੇ ਜਥੇਬੰਦੀ ਦੇ ਆਗੂ ਇੰਜ: ਬਹਾਦਰ ਸਿੰਘ, ਇੰਜ. ਫੁਮਣ ਸਿੰਘ ਵਧੀਕ ਨਿਗਰਾਨ ਸਬਅਰਬਨ, ਜਸਵੰਤ ਸਿੰਘ ਸੀਨੀਅਰ ਕਾਰਜਕਾਰੀ ਇੰਜ: ਜਲਾਲਾਬਾਦ, ਜਸਵਿੰਦਰ ਸਿੰਘ ਉੱਪ ਮੰਡਲ ਅਫ਼ਸਰ ਗੁਰੂ ਹਰਸਹਾਏ, ਇੰਜ: ਜਤਿੰਦਰ ਸੈਣੀ, ਜੋਗਾ ਸਿੰਘ ਚੈਅਰਮੈਨ ਮਮਦੋਟ, ਸ਼ਾਮ ਲਾਲ ਭੰਗੀ, ਵਿਸ਼ਾਲ ਸੀ ਐੱਚ ਬੀ, ਪ੍ਰਧਾਨ ਸ਼ੇਰਾ ਸਿੰਘ, ਏ ਈ ਈ ਸੁਖਦੇਵ ਸਿੰਘ, ਨਵਜੋਤ ਸਿੰਘ ਉੱਪ ਮੰਡਲ ਅਫਸਰ ਸਬ ਅਰਬਨ ਜਲਾਲਾਬਾਦ, ਅਸ਼ੋਕ ਵਾਅ ਕਮਿਸ਼ਨਰ ਦਫਤਰ ਫਿਰੋਜ਼ਪੁਰ, ਮੇਘ ਨਾਥ ਆਗੂ ਅਧਰਮ ਸਮਾਜ, ਜੇ ਈ ਗੁਰਪ੍ਰੀਤ ਸਿੰਘ ਫਿਰੋਜ਼ਸ਼ਾਹ, ਯੂਨਫ ਭੱਟੀ ਸਮੇਤ ਹੋਰ ਆਗੂ ਮੌਜੂਦ ਸਨ।

# ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ 8 ਵਿਅਕਤੀ ਗ੍ਰਿਫਤਾਰ : ਚਾਹਲ

**ਸੰਗਰੂਰ (ਪ੍ਰਵੀਨ ਸਿੰਘ)**-ਐੱਸ.ਐੱਸ.ਪੀ. ਸ੍ਰੀ ਸਰਤਾਜ ਸਿੰਘ ਚਾਹਲ (ਆਈ.ਪੀ.ਐਸ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਨਸ਼ਿਆਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 1 ਨਵੰਬਰ ਤੋਂ 8 ਨਵੰਬਰ ਤੱਕ ਡਰੱਗ ਦੇ 9 ਮੁਕੱਦਮੇ ਦਰਜ ਕਰਕੇ 8 ਵਿਅਕਤੀ ਕਾਬੂ ਕਰਕੇ 123 ਗ੍ਰਾਮ ਹੈਰੋਇਨ ਤੇ 1 ਕਿੱਲੋ ਗਾਂਜਾ ਬ੍ਰਾਮਦ ਕਰਵਾਇਆ ਗਿਆ।ਐੱਸ ਐੱਸ ਪੀ ਨੇ ਦੱਸਿਆ ਕਿ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 5 ਮੁਕੱਦਮੇ ਦਰਜ ਕਰਕੇ 4 ਵਿਅਕਤੀਆਂ ਨੂੰ ਕਾਬੂ ਕੀਤਾ ਤੇ 67.500 ਲੀਟਰ ਸ਼ਰਾਬ ਠੇਕਾ ਦੇਸੀ ਤੇ 300 ਲੀਟਰ ਲਾਹਣ ਬ੍ਰਾਮਦ ਕਰਵਾਇਆ ਗਿਆ। ਐੱਸ ਐੱਸ ਪੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਦੜੇ ਸੱਟੇ ਦਾ ਧੰਦਾ ਕਰਨ ਵਾਲੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 2 ਮੁਕੱਦਮੇ ਦਰਜ ਕੀਤੇ ਤੇ 18,700/- ਰੁਪਏ ਬ੍ਰਾਮਦ ਕਰਵਾਏ ਗਏ ਹਨ।ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਨੇ ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ, ਸਪੋਰਟਸ ਕਲੱਬਾਂ, ਮੋਹਤਬਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ੇ ਦਾ ਧੰਦਾ ਕਰਨ ਵਾਲੇ ਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਤੇ ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਟੈਗੋਰ ਵਿਦਿਆਲਿਆ ਦੇ ਹੋਣਹਾਰ ਖਿਡਾਰੀ ਸਨਮਾਨਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** : ਇਲਾਕੇ ਦੀ ਨਾਮਵਰ ਵਿੱਦਿਆਕ ਸੰਸਥਾ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਲੌਂਗੋਵਾਲ ਦੇ ਹੋਣਹਾਰ ਖਿਡਾਰੀਆਂ ਦਾ ਸੰਸਥਾ ਪ੍ਰਿੰਸੀਪਲ ਜਸਵਿੰਦਰ ਕੌਰ ਵੱਲੋਂ ਸਨਮਾਨ ਕੀਤਾ ਗਿਆ, ਜਿਸ ਵਿੱਚ ਪੰਜਵੀਂ ਜਮਾਤ ਦੀ ਵਿਦਿਆਰਥਣ ਲਵਲੀਨ ਕੌਰ ਅੰਡਰ-11 ਫੁੱਟਬਾਲ (ਸਟੇਟ ਪੱਧਰੀ ਚੋਣ), ਨੌਵੀਂ ਕਲਾਸ ਦੀ ਵਿਦਿਆਰਥਣ ਨਰਿੰਦਰਜੋਤ ਕੌਰ, ਅੰਡਰ-14 ਫੁੱਟਬਾਲ ਸਟੇਟ ਪੱਧਰ ਦਸਵੀਂ ਜਮਾਤ ਦੀ ਵਿਦਿਆਰਥਣ ਸਾਵਣਜੋਤ ਕੌਰ, ਅੰਡਰ-17 ਕਬੱਡੀ ਤੇ ਕ੍ਰਿਕਟਰ (ਸਟੇਟ ਪੱਧਰੀ ਚੋਣ) ਅਤੇ ਗੁਰਸੇਵਕ ਸਿੰਘ, ਅੰਡਰ-17 ਹੈਮਰਥਰੋ ਸਟੇਟ ਪੱਧਰ ਵਜੋਂ ਹੋਈ ਚੋਣ ਲਈ ਪ੍ਰਿੰਸੀਪਲ ਮੈਡਮ ਵੱਲੋਂ ਸਨਮਾਨ ਦਿੱਤਾ ਗਿਆ।ਇਸ ਮੌਕੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਖਿਡਾਰੀਆਂ ਦੇ ਮਾਤਾ-ਪਿਤਾ ਅਤੇ ਡੀ ਪੀ ਈ ਗੁਰਪ੍ਰੀਤ ਸਿੰਘ, ਡੀ ਪੀ ਈ ਮੈਡਮ ਸੁਨੀਤਾ ਸ਼ਰਮਾ, ਪਰਮਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ।ਇਸ ਸਮੇਂ ਸਕੂਲ ਸਟਾਫ ਮੈਂਬਰ ਵੀ ਮੌਜੂਦ ਸਨ।

# ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਰੋਕਣ ਲਈ ਡੀ ਸੀ ਤੇ ਐੱਸ ਐੱਸ ਪੀ ਫੀਲਡ 'ਚ ਡਟੇ

## * ਹੁਣ ਤੱਕ 82 ਅੱਗ ਲੱਗਣ ਦੇ ਮਾਮਲਿਆਂ 'ਤੇ ਐੱਫ ਆਈ ਆਰ ਦਰਜ * 2 ਲੱਖ 32 ਹਜ਼ਾਰ ਤੋਂ ਵੱਧ ਜੁਰਮਾਨੇ, ਮਾਲ ਰਿਕਾਰਡ 'ਚ ਰੈੱਡ ਐਂਟਰੀ ਦਰਜ





**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕਣ, ਵਾਤਾਵਰਨ ਦੀ ਸੰਭਾਲ, ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ ਨਾਲ ਪਰਾਲੀ ਪ੍ਰਬੰਧਨ ਲਈ ਜਾਗਰਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਅੱਜ ਛੁੱਟੀ ਵਾਲੇ ਦਿਨ ਵੀ ਡੀ ਸੀ ਸ੍ਰੀ ਵਿਨੀਤ ਕੁਮਾਰ ਤੇ ਐੱਸ ਐੱਸ ਪੀ ਡਾ. ਪ੍ਰੱਗਿਆ ਜੈਨ ਤੋਂ ਇਲਾਵਾ ਸਮੂਹ ਪ੍ਰਸ਼ਾਸਨਕ ਅਧਿਕਾਰੀ, ਕਲੱਸਟਰ, ਨੋਡਲ ਅਫਸਰ ਆਪੋ ਆਪਣੇ ਅਲਾਟ ਪਿੰਡਾਂ ਵਿੱਚ ਪੂਰੀ ਤਰ੍ਹਾਂ ਡਟੇ ਰਹੇ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਦਾ ਪਤਾ ਲੱਗਣ 'ਤੇ ਤੁਰੰਤ ਅੱਗ 'ਤੇ ਕਾਬੂ ਪਾਉਣ ਤੋਂ ਇਲਾਵਾ ਅੱਗ ਲਗਾਉਣ ਵਾਲੇ ਜ਼ਿੰਮੇਵਾਰ ਲੋਕਾਂ ਵਿਰੁੱਧ ਲੋੜੀਂਦੀ ਕਾਰਵਾਈ ਵੀ ਹੋਂਦ ਵਿੱਚ ਲਿਆਂਦੀ ਗਈ।

ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕੱਲ੍ਹ ਤੱਕ ਪੰਜਾਬ ਰਿਮੋਟ ਸੈਂਸਰਿੰਗ ਬੋਰਡ ਲੁਧਿਆਣਾ ਵੱਲੋਂ ਪ੍ਰਾਪਤ ਹੋਈ ਰਿਪੋਰਟ ਮੁਤਾਬਕ ਜ਼ਿਲ੍ਹੇ ਵਿੱਚ 147 ਅੱਗ ਲੱਗਣ ਕੇਸ ਸਾਹਮਣੇ ਆਏ, ਜਿਨ੍ਹਾਂ ਵਿੱਚੋਂ ਵੈਰੀਫਾਈ ਕਰਨ ਉਪਰੰਤ ਅੱਗ ਲੱਗਣ ਦੇ ਹੁਣ ਤੱਕ ਕੁੱਲ 82 ਕੇਸ ਸਾਹਮਣੇ ਆਏ ਹਨ।ਇਨ੍ਹਾਂ 82 ਕੇਸਾਂ 'ਤੇ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਤੇ ਉਨ੍ਹਾਂ ਦੇ ਮਾਲ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੀ ਗਈ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਅੱਗ ਲਗਾਉਣ ਵਾਲੇ ਵਿਅਕਤੀਆਂ ਨੂੰ ਹੁਣ ਤੱਕ 2 ਲੱਖ 32 ਹਜ਼ਾਰ 500 ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ, ਜਿਸ ਵਿੱਚ 1 ਲੱਖ 75 ਹਜ਼ਾਰ ਰੁਪਏ ਦੀ ਹੁਣ ਤੱਕ ਰਿਕਵਰੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਫ਼ਰੀਦਕੋਟ ਜ਼ਿਲ੍ਹੇ ਵਿੱਚ ਨੈਸ਼ਨਲ ਗਰੀਨ ਟ੍ਰਿਬਿਊਨਲ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।ਇਸੇ ਤਹਿਤ ਪਿੰਡਾਂ ਵਿੱਚ ਹਰੇਕ ਪਿੰਡ ਲਈ ਨੋਡਲ ਤੇ ਕਲੱਸਟਰ ਅਫਸਰ ਲਗਾਤਾਰ ਛੁੱਟੀ ਵਾਲੇ ਦਿਨ ਵੀ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨਾਂ ਪ੍ਰਤੀ ਸੁਚੇਤ ਕਰ ਰਹੇ ਹਨ ਤੇ ਕਿਤੇ ਵੀ ਅੱਗ ਲੱਗਣ ਦੀ ਘਟਨਾ ਦਾ ਪਤਾ ਲੱਗਣ 'ਤੇ ਤੁਰੰਤ ਕਾਰਵਾਈ ਹੋਂਦ ਵਿੱਚ ਲਿਆ ਰਹੇ ਹਨ।ਸ਼੍ਰੀ ਵਿਨੀਤ ਕੁਮਾਰ ਨੇ ਕਿਹਾ ਕਿ ਵਾਤਾਵਰਣ ਦੀ ਸਾਂਭ-ਸੰਭਾਲ ਕਰਨਾ ਸਾਡਾ ਸਾਰਿਆਂ ਦਾ ਮੁੱਢਲਾ ਫਰਜ਼ ਬਣਦਾ ਹੈ ਅਤੇ ਫਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਲਗਾ ਕੇ ਸਾਨੂੰ ਵਾਤਾਵਰਣ ਪ੍ਰਦੂਸ਼ਿਤ ਨਹੀਂ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੁਦਰਤੀ ਨਿਆਮਤਾਂ ਨੂੰ ਬਚਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮਨੁੱਖ ਦੀ ਹੋਂਦ ਨੂੰ ਜ਼ਿੰਦਾ ਰੱਖਣ ਲਈ ਵਾਤਾਵਰਨ ਨੂੰ ਸ਼ੁੱਧ ਰੱਖਣਾ ਲਾਜ਼ਮੀ ਹੈ।

ਜ਼ਿਲ੍ਹਾ ਪੁਲਸ ਮੁਖੀ ਡਾ. ਪ੍ਰੱਗਿਆ ਜੈਨ ਨੇ ਦੱਸਿਆ ਕਿ ਕਲੱਸਟਰ, ਨੋਡਲ ਅਧਿਕਾਰੀਆਂ ਤੇ ਪੁਲਸ ਦੀਆਂ ਟੀਮਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਤੇ ਪਰਾਲੀ ਦੀ ਅੱਗ ਤੋਂ ਪੈਦਾ ਹੁੰਦੇ ਧੂੰਏਂ ਦੇ ਨੁਕਸਾਨਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੁਲਸ ਪਾਰਟੀਆਂ ਵੱਲੋਂ ਗਸ਼ਤ ਕੀਤੀ ਜਾ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਣੇ ਖੇਤਾਂ ਵਿੱਚ ਫਸਲ ਦੀ ਰਹਿੰਦ-ਖੂੰਹਦ ਤੇ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ।

# ਪੰਜਾਬੀ 'ਵਰਸਿਟੀ ਦਾ ਅੰਤਰ ਖੇਤਰੀ ਯੁਵਕ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

## ਯੁਵਕ ਮੇਲਿਆਂ ਦਾ ਪ੍ਰਤਿਭਾ ਨੂੰ ਨਿਖਾਰਨ 'ਚ ਅਹਿਮ ਯੋਗਦਾਨ : ਡੀ ਆਈ ਜੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਤਿੰਨ ਦਿਨਾਂ ਤੋਂ ਚੱਲ ਰਿਹਾ ਪੰਜਾਬੀ ਯੂਨੀਵਰਸਿਟੀ ਦਾ ਅੰਤਰ ਖੇਤਰੀ ਯੁਵਕ ਮੇਲਾ ਭਾਂਤ-ਭਾਂਤ ਦੀਆਂ ਯਾਦਾਂ ਛੱਡਦਾ ਤੇ ਮਹਿਕਾਂ ਬਿਖੇਰਦਾ ਹੋਇਆ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਿਆ।ਇਸ ਦੌਰਾਨ ਯੂਨੀਵਰਸਿਟੀ ਨਾਲ ਸੰਬੰਧਤ ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ ਤੇ ਦਰਸ਼ਕਾਂ ਦੇ ਮਨਾਂ 'ਤੇ ਆਪਣੀ ਛਾਪ ਛੱਡੀ।

ਯੁਵਕ ਮੇਲੇ ਦੇ ਆਖਰੀ ਦਿਨ ਸਮਾਪਤੀ ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਤੇ ਪਟਿਆਲਾ ਰੇਂਜ ਦੇ ਡੀ.ਆਈ.ਜੀ. ਸ੍ਰੀ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲੇ ਵਿਦਿਅਕ ਸੰਸਥਾਵਾਂ ਦੀ ਸ਼ਾਨ ਹੁੰਦੇ ਹਨ ਤੇ ਇਹ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਯੂਨੀਵਰਸਿਟੀ 'ਚ ਪੜ੍ਹਦੇ ਹੋਏ ਯੂਨੀਵਰਸਿਟੀ ਨਾਲ ਆਪਣੀਆਂ ਜੁੜੀਆਂ ਹੋਈਆਂ ਯਾਦਾਂ ਸਾਂਝੀ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਯੂਨੀਵਰਸਿਟੀ ਤੋਂ ਬਹੁਤ ਕੁਝ ਸਿੱਖਿਆ ਹੈ।ਇਸ ਦੌਰਾਨ ਉਨ੍ਹਾਂ ਆਪਣੇ ਵਿਦਿਆਰਥੀ ਜੀਵਨ ਦੇ ਤਜਰਬੇ ਵੀ ਸਾਂਝੇ ਕੀਤੇ। ਉਨ੍ਹਾਂ ਮੇਲੇ ਵਿੱਚ ਵੱਖ-ਵੱਖ ਕਲਾ-ਵੰਨਗੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ। ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਵਰਿੰਦਰ ਕੌਸ਼ਿਕ ਨੇ ਦੱਸਿਆ ਕਿ ਮੇਲੇ ਦੇ ਅੰਤਲੇ ਦਿਨ ਮੁੱਖ ਤੌਰ 'ਤੇ ਭੰਗੜਾ, ਪੱਛਮੀ ਸਾਜ਼ (ਏਕਲ), ਪੱਛਮੀ ਗਾਇਨ (ਏਕਲ), ਪੱਛਮੀ ਸਮੂਹ ਗਾਇਨ, ਭਾਸ਼ਣ ਕਲਾ, ਵਾਦ-ਵਿਵਾਦ ਤੇ ਕਾਵਿ ਆਦਿ ਉਚਾਰਣ ਦੇ ਮੁਕਾਬਲੇ ਕਰਵਾਏ ਗਏ।ਆਖਰੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਵਿਚਲੇ ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਦੇ ਡਾਇਰੈਕਟਰ ਡਾ. ਰਮਨ ਮੈਣੀ ਨੇ ਮੇਲੇ ਦੇ ਸਫਲ ਆਯੋਜਨ ਲਈ ਯੁਵਕ ਭਲਾਈ ਵਿਭਾਗ ਨੂੰ ਵਧਾਈ ਦਿੱਤੀ।

# ਬਹੁ-ਸਥਾਨੀ ਨੈੱਟਵਰਕ ਚੇਤਨਾ ਤੇ ਪੰਜਾਬੀ ਭਾਸ਼ਾ 'ਤੇ ਸੈਮੀਨਾਰ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)** : ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ ਵੱਲੋਂ 'ਪੰਜਾਬੀ ਮਾਹ' ਦੌਰਾਨ 11 ਨਵੰਬਰ ਸਵੇਰੇ 11 ਵਜੇ ਕਲਾ ਭਵਨ ਸੈਕਟਰ 16, ਚੰਡੀਗੜ੍ਹ ਵਿਖੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਦਾ ਵਿਸ਼ਾ 'ਬਹੁ-ਸਥਾਨੀ ਨੈੱਟਵਰਕ ਚੇਤਨਾ ਅਤੇ ਪੰਜਾਬੀ ਭਾਸ਼ਾ' ਹੈ।ਇਸ ਦੇ ਵਕਤਾ ਉੱਘੇ ਸਿੱਖਿਆ ਸ਼ਾਸਤਰੀ ਸ੍ਰੀ ਸ਼ੁਭ ਪ੍ਰੇਮ ਬਰਾੜ ਹੋਣਗੇ।ਮੁੱਖ ਮਹਿਮਾਨ ਸ਼੍ਰੀ ਅਸ਼ਵਨੀ ਚੈਟਲੇ ਤੇ ਪ੍ਰਧਾਨਗੀ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ ਕਰਨਗੇ।

ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ, ਸਕੱਤਰ ਡਾ. ਰਵੇਲ ਸਿੰਘ, ਉਪ ਚੇਅਰਮੈਨ ਡਾ. ਯੋਗ ਰਾਜ, ਸੰਯੁਕਤ ਸਕੱਤਰ ਡਾ. ਪ੍ਰਵੀਨ ਕੁਮਾਰ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੇ ਪ੍ਰਧਾਨ ਡਾ. ਆਤਮ ਰੰਧਾਵਾ, ਆਰਟਸ ਕੌਂਸਲ ਦੇ ਕਾਰਜਕਾਰਨੀ ਮੈਂਬਰ ਤੇ ਉੱਘੇ ਚਿੰਤਕ ਅਮਰਜੀਤ ਗਰੇਵਾਲ ਨੇ ਕਿਹਾ ਕਿ ਮਾਤ ਭਾਸ਼ਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਰਹਿਣਗੇ, ਉਨ੍ਹਾਂ ਕਿਹਾ ਕਿ ਵਿਗਿਆਨਕ ਤੌਰ 'ਤੇ ਇਹ ਸਿੱਧ ਹੋ ਚੁੱਕਾ ਹੈ ਕਿ ਮਾਂ ਬੋਲੀ ਜਾਣੇ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਵੀ ਮੁਹਾਰਤ ਹਾਸਲ ਨਹੀਂ ਕੀਤੀ ਜਾ ਸਕਦੀ।



# ਐੱਨ ਐੱਸ ਐੱਸ ਕੈਂਪ ਦੌਰਾਨ ਸਿਹਤ ਸਹੂਲਤਾਂ ਬਾਰੇ ਕੀਤਾ ਜਾਗਰੂਕ



**ਲਹਿਰਾਗਾਗਾ (ਪਵਨ ਸ਼ਰਮਾ)**-ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀਆਂ ਹਦਾਇਤਾਂ 'ਤੇ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ।ਇਸੇ ਲੜੀ ਤਹਿਤ ਜਸਮੇਰ ਸਿੰਘ ਜੇਜੀ ਡਿਗਰੀ ਕਾਲਜ ਗੁਰਨੇ ਵਿਖੇ ਲਗਾਏ ਐੱਨ.ਐੱਸ.ਐੱਸ. ਕੈਂਪ ਦੌਰਾਨ ਵਿਸ਼ੇਸ਼ ਸੱਦੇ 'ਤੇ ਬੁਲਾਏ ਬਲਾਕ ਐਜੂਕੇਟਰ ਨਰਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸਿਹਤ ਵਿਭਾਗ ਦੀਆਂ ਵੱਖ ਵੱਖ ਸਕੀਮਾਂ, ਵੈਕਟਰ ਬੌਰਨ ਤੇ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ, ਸਰੀਰਕ ਤੇ ਮਾਨਸਿਕ ਸਿਹਤ ਦੀ ਤੰਦਰੁਸਤੀ ਆਦਿ ਵਿਸ਼ਿਆਂ ਬਾਰੇ ਜਾਗਰੂਕ ਕੀਤਾ।ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਸਿਹਤ ਵਿਭਾਗ ਲੋਕਾਂ ਨੂੰ ਬਿਹਤਰੀਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਦੇ ਹਿੱਤ ਲਈ ਸਿਹਤ ਵਿਭਾਗ ਵੱਲੋਂ ਵੱਖ ਵੱਖ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ, ਜਿਸ ਦਾ ਲਾਭ ਲੈਣ ਲਈ ਨੇੜਲੇ ਸਿਹਤ ਕੇਂਦਰ ਨਾਲ ਤਾਲਮੇਲ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਸੰਚਾਰੀ ਤੇ ਗੈਰ-ਸੰਚਾਰੀ ਰੋਗਾਂ ਤੋਂ ਬਚਾਅ ਲਈ ਆਪਣੀ ਜੀਵਨ ਸ਼ੈਲੀ ਵਿੱਚ ਸਕਾਰਾਤਮਕ ਬਦਲਾਅ ਲਿਆਉਣਾ ਜ਼ਰੂਰੀ ਹੈ।ਫਾਸਟ ਫੂਡ ਤੇ ਕਾਰਬੋਨੇਟਡ ਡਰਿੰਕਸ ਦੀ ਬਜਾਏ ਘਰੇਲੂ ਲੱਸੀ, ਸ਼ਿਕੰਜਵੀ ਨੂੰ ਤਰਜੀਹ ਦਿੱਤੀ ਜਾਵੇ ਤੇ ਖਾਣੇ ਵਿੱਚ ਸਥਾਨਕ ਫਲਾਂ ਤੇ ਸਲਾਦ ਨੂੰ ਸ਼ਾਮਲ ਕੀਤਾ ਜਾਵੇ।ਪ੍ਰਿੰਸੀਪਲ ਅਮਨਦੀਪ ਸਿੰਘ ਨੇ ਕਿਹਾ ਕਿ ਇਲਾਜ ਨਾਲ਼ੋਂ ਪ੍ਰਹੇਜ ਦਾ ਸਿਧਾਂਤ ਬਹੁਤ ਕਾਰਗਰ ਹੈ।ਇਸ ਲਈ ਸਾਨੂੰ ਬਿਮਾਰੀਆਂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ।ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਡਾ. ਰੀਟਾ ਰਾਵਤ ਨੇ ਨਿਭਾਈ।ਪ੍ਰਿੰਸੀਪਲ ਦੀ ਅਗਵਾਈ 'ਚ ਸਮੂਹ ਸਟਾਫ ਵੱਲੋਂ ਆਏ ਮਹਿਮਾਨ ਦਾ ਧੰਨਵਾਦ ਕੀਤਾ ਤੇ ਸਨਮਾਨ ਚਿੰਨ੍ਹ ਭੇਟ ਕੀਤਾ।

# ਗੁਰਲਾਲ ਘਨੌਰ ਸਰਬਸੰਮਤੀ ਨਾਲ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਣੇ




**ਰਾਜਪੁਰਾ, (ਰਮੇਸ਼ ਕਟਾਰੀਆ)** : ਅੰਤਰਰਾਸ਼ਟਰੀ ਕਬੱਡੀ ਖਿਡਾਰੀ ਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੂੰ ਸਰਬਸੰਮਤੀ ਨਾਲ ਕਬੱਡੀ ਐਸੋਸੀਏਸ਼ਨ ਪੰਜਾਬ ਦਾ ਪ੍ਰਧਾਨ ਚੁਣਿਆ ਗਿਆ ਹੈ।ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਰਾਜਪੁਰਾ ਵਿਖੇ ਕੀਤੀ ਮੀਟਿੰਗ ਦੌਰਾਨ ਇਹ ਚੋਣ ਸਰਬ ਸੰਮਤੀ ਨਾਲ ਕੀਤੀ।ਇਸ ਮੌਕੇ ਤੇਜਿੰਦਰ ਸਿੰਘ ਮਿੱਡੂ ਖੇੜਾ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਕਬੱਡੀ ਐਸੋਸੀਏਸ਼ਨ ਪੰਜਾਬ ਦੀ ਇਹ ਚੋਣ ਮੁੱਖ ਚੋਣ ਅਧਿਕਾਰੀ ਦਲ ਸਿੰਘ ਬਰਾੜ, ਚੋਣ ਅਬਜ਼ਰਵਰ ਉਪਕਾਰ ਸਿੰਘ ਵਿਰਕ ਤੇ ਜ਼ਿਲ੍ਹਾ ਖੇਡ ਅਫਸਰ ਪਟਿਆਲਾ ਹਰਪਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਪੰਜਾਬ ਦੇ ਕੁੱਲ 23 ਜ਼ਿਲ੍ਹਿਆਂ ਵਿੱਚੋਂ 18 ਜ਼ਿਲ੍ਹਿਆਂ ਦੇ 36 ਮੈਂਬਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਸਰਬਸੰਮਤੀ ਨਾਲ ਚੋਣ ਪ੍ਰਕਿਰਿਆ ਆਰੰਭੀ ਗਈ, ਜਿਸ ਤਹਿਤ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੂੰ ਕਬੱਡੀ ਐਸੋਸੀਏਸ਼ਨ ਪੰਜਾਬ ਦਾ ਪ੍ਰਧਾਨ, ਤੇਜਿੰਦਰ ਸਿੰਘ ਮਿੱਡੂ ਖੇੜਾ ਜਰਨਲ ਸਕੱਤਰ, ਬਲਜੀਤ ਸਿੰਘ ਤੇ ਇਕਬਾਲ ਸਿੰਘ ਸੀਨੀਅਰ ਵਾਈਸ ਪ੍ਰਧਾਨ, ਭੁਪਿੰਦਰ ਸਿੰਘ, ਕਮਲਪ੍ਰੀਤ ਸਿੰਘ, ਹਰਜੀਤ ਸਿੰਘ ਤੇ ਨਿਰਮਲ ਸਿੰਘ ਵਾਈਸ ਪ੍ਰਧਾਨ, ਕਮਲਜੀਤ ਸਿੰਘ ਕੁਲਦੀਪ ਸਿੰਘ, ਬਲਜਿੰਦਰ ਸਿੰਘ ਤੇ ਜਸਕਰਨ ਕੌਰ ਜਾਇੰਟ ਸਕੱਤਰ ਅਤੇ ਚਰਨ ਸਿੰਘ ਨੂੰ ਖਜ਼ਾਨਚੀ ਚੁਣ ਲਿਆ ਗਿਆ।

ਨਵੇਂ ਚੁਣੇ ਗਏ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਅੱਜ ਦੀ ਚੋਣ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਨੇਪਰੇ ਚੜ੍ਹੀ ਹੈ।ਉਨ੍ਹਾਂ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹੁਤ ਜਲਦ ਪੰਜਾਬ ਪੱਧਰ ਤੇ ਦੋ ਨੈਸ਼ਨਲ ਪੱਧਰ ਦੇ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ। ਇਸ ਤੋਂ ਇਲਾਵਾ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਵੱਖ-ਵੱਖ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਗੁਰਤਾਜ ਸਿੰਘ ਸੰਧੂ, ਰਣਜੋਧ ਸਿੰਘ ਵਿਰਕ, ਗੁਰਮੀਤ ਸਿੰਘ ਢੰਡਾ, ਮਨਜੀਤ ਸਿੰਘ, ਦਰਸ਼ਨ ਮਜੋਲੀ, ਇੰਦਰਜੀਤ ਸਿੰਘ ਸਿਆਲੂ, ਨਿਸ਼ਾਨ ਸਿੰਘ ਸੰਧੂ, ਡਿੰਪਲ ਸੁਹਰੋ, ਚਰਨਜੀਤ ਸਿੰਘ, ਗੁਰਨਾਮ ਸਿੰਘ, ਲਾਲਾ ਸੰਧਾਰਸੀ, ਦਮਨਪ੍ਰੀਤ ਸਿੰਘ ਖੇੜੀ, ਰਛਪਾਲ ਸਿੰਘ, ਪਿੰਦਰ ਬਘੋਰਾ, ਰੋਡੀ ਗੁਰਨਾ ਖੇੜੀ, ਗੁਰਪ੍ਰੀਤ ਸਿੰਘ ਢਿੱਲੋਂ, ਵਰਿੰਦਰ ਲੋਚਮਾ, ਐਡਵੋਕੇਟ ਪਰਮਵੀਰ ਸਿੰਘ, ਸੰਦੀਪ ਜਰੀਕਪੁਰ, ਸਤਨਾਮ ਸਿੰਘ ਹਰਪਾਲਾ, ਸਰਬਾ ਨਰੜੂ, ਮਨਦੀਪ ਸਿੰਘ ਢਿੱਲੋਂ, ਸਮੇਤ ਵੱਡੀ ਗਿਣਤੀ ਵਿੱਚ ਸਾਬਕਾ ਖਿਡਾਰੀ, ਪੰਚ-ਸਰਪੰਚ ਤੇ ਹਲਕਾ ਨਿਵਾਸੀ ਮੌਜੂਦ ਸਨ।

# ਮੰਡੀ 'ਚੋਂ ਦਰੱਖਤ ਵੱਢਣ ਦੇ ਮਾਮਲੇ ਨੂੰ ਲੈ ਕੇ ਆੜ੍ਹਤੀਏ ਭੰਬਲਭੂਸੇ 'ਚ

## ਟੱਪਰੀਵਾਸਾਂ ਤੋਂ ਮੰਡੀ ਖਾਲੀ ਕਰਵਾਉਣਾ ਪ੍ਰਸ਼ਾਸਨ ਲਈ ਬਣਿਆ ਚੁਣੌਤੀ



**ਬਠਿੰਡਾ (ਰਾਜੀਵ ਗੋਇਲ)** : ਬੀਤੇ ਦਿਨੀਂ ਅਨਾਜ ਮੰਡੀ ਭਗਤਾ ਵਿਖੇ ਵੱਢੇ ਗਏ ਦਰੱਖਤਾਂ ਨੂੰ ਲੈ ਕੇ ਕਸਬਾ ਭਗਤਾ ਭਾਈ ਕਾ ਦੇ ਆੜ੍ਹਤੀਏ ਭੰਬਲਭੂਸੇ 'ਚ ਪਏ ਹੋਏ ਦਿਖਾਈ ਦੇ ਰਹੇ ਹਨ, ਕਿਉਂਕਿ ਪ੍ਰਸ਼ਾਸਨ ਦੀ ਕਾਰਵਾਈ ਤੋਂ ਭੈ-ਭੀਤ ਹੋਏ ਆੜ੍ਹਤੀਏ ਹੁਣ ਇਸ ਮਸਲੇ 'ਤੇ ਮਿੱਟੀ ਪਵਾਉਣ ਲਈ ਕਾਹਲੇ ਹੋਏ ਬੈਠੇ ਹਨ। ਉਧਰ ਦੂਜੇ ਪਾਸੇ ਚਰਚਾ 'ਚ ਚੱਲ ਰਹੀ ਹੈ ਕਿ ਜੇ.ਸੀ.ਬੀ. ਮਸ਼ੀਨ ਦਾ ਮਾਲਕ ਵੀ ਅੰਦਰੋਂ ਅੰਦਰੀ ਪ੍ਰਸ਼ਾਸਨਕ ਕਾਰਵਾਈ ਤੋਂ ਘਬਰਾਹਟ ਵਿੱਚ ਜਾਪਦਾ ਨਜ਼ਰ ਆ ਰਿਹਾ ਹੈ। ਇਸ ਮਸਲੇ ਨੂੰ ਲੈ ਕੇ ਭਾਵੇਂ ਹੀ ਮਾਰਕੀਟ ਕਮੇਟੀ ਭਗਤਾ ਦੇ ਅਧਿਕਾਰੀਆਂ ਵੱਲੋਂ ਆਪਣੇ ਸਿਰੋਂ ਭਾਰ ਉਤਾਰਨ ਲਈ ਮਹਿਕਮੇ ਨੂੰ ਲਿਖਤੀ ਤੌਰ 'ਤੇ ਭੇਜ ਦਿੱਤਾ ਹੈ, ਪਰ ਆੜ੍ਹਤੀਆਂ ਵਿੱਚ ਹੁਣ ਇਹ ਗੱਲ ਘਰ ਕਰ ਬੈਠੀ ਹੈ ਕਿ ਮਾਰਕੀਟ ਕਮੇਟੀ ਵੱਲੋਂ ਕਾਗਜ਼ੀ ਕਾਰਵਾਈ ਵਿੱਚ ਕਿਸ-ਕਿਸ ਦਾ ਨਾਮ ਲਿਖ ਕੇ ਅੱਗੇ ਭੇਜਿਆ ਹੋਵੇਗਾ, ਪਰ ਕੁਝ ਵੀ ਹੋਵੇ ਅਨਾਮ ਮੰਡੀ ਵਿੱਚ ਬੈਠੇ ਟੱਪਰੀਵਾਸਾਂ ਨੇ ਆੜ੍ਹਤੀਆਂ ਦਾ ਜਿਊਣਾ ਦੁੱਭਰ ਕਰ ਰੱਖਿਆ ਹੈ, ਕਿਉਂਕਿ ਆਏ ਦਿਨ ਝੋਨੇ ਦੀ ਚੋਰੀ ਹੁੰਦੀ ਆਈ ਹੈ ਤੇ ਚਰਚਾ ਵਿੱਚ ਹੈ ਕਿ ਅਨਾਮ ਮੰਡੀ ਦੇ ਨਜ਼ਦੀਕ ਇੱਕ ਦੁਕਾਨਦਾਰ ਇਨ੍ਹਾਂ ਟੱਪਰੀਵਾਸਾਂ ਤੋਂ ਚੋਰੀ ਕੀਤਾ ਗਿਆ ਝੋਨਾ ਖਰੀਦਦਾ ਹੈ। ਇਹ ਗੱਲ ਤੈਅ ਹੈ ਕਿ ਜੇਕਰ ਆੜ੍ਹਤੀਆਂ ਵੱਲੋਂ ਇਕੱਠੇ ਹੋ ਕੇ ਉਕਤ ਦੁਕਾਨਦਾਰ ਖਿਲਾਫ ਕੋਈ ਸ਼ਿਕਾਇਤ ਅਰਜ਼ੀ ਦਿੱਤੀ ਜਾਂਦੀ ਹੈ ਤਾਂ ਝੋਨੇ ਦੀ ਚੋਰੀ ਰੁਕਣ ਦੇ ਨਾਲ-ਨਾਲ ਇਨ੍ਹਾਂ ਦਰੱਖਤਾਂ ਵਾਲਾ ਮੁੱਦਾ ਵੀ ਠੰਢਾ ਪੈ ਸਕਦਾ ਹੈ, ਕਿਉਂਕਿ ਦਰੱਖਤਾਂ ਨੂੰ ਵੱਢਣ ਦੀ ਚਰਚਾ ਇਸ ਗੱਲ 'ਤੇ ਹੈ ਕਿ ਇਨ੍ਹਾਂ ਦਰੱਖਤਾਂ ਦੇ ਝੁੰਡਾਂ ਦੀ ਆੜ ਹੇਠ ਹੀ ਇਹ ਟੱਪਰੀਵਾਸ ਚੋਰੀ ਕਰਦੇ ਸਨ। ਉਧਰ ਮਾਰਕੀਟ ਕਮੇਟੀ ਵੱਲੋਂ ਸਥਾਨਕ ਪੁਲਸ ਨੂੰ ਲਿਖਤੀ ਤੌਰ 'ਤੇ ਇਨ੍ਹਾਂ ਟੱਪਰੀਵਾਸਾਂ ਤੋਂ ਅਨਾਜ ਮੰਡੀ ਨੂੰ ਖਾਲੀ ਕਰਵਾਉਣ ਬਾਰੇ ਕਈ ਵਾਰ ਲਿਖਤੀ ਤੌਰ 'ਤੇ ਭੇਜਿਆ ਜਾ ਚੁੱਕਾ ਹੈ, ਪਰ ਪ੍ਰਸ਼ਾਸਨ ਲਈ ਇਨ੍ਹਾਂ ਟੱਪਰੀਵਾਸਾਂ ਤੋਂ ਅਨਾਜ ਮੰਡੀ ਨੂੰ ਖਾਲੀ ਕਰਵਾਉਣਾ ਚੁਣੌਤੀ ਬਣਿਆ ਹੋਇਆ ਹੈ।

# ਨਗਰ ਕੌਂਸਲ ਕਰਮਚਾਰੀਆਂ ਵੱਲੋਂ ਸੰਘਰਸ਼ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ

## ਕੂੜੇ ਸਾਂਭ ਸੰਭਾਲ ਲਈ ਪੱਕੇ ਹੱਲ ਹੋਣ ਤੱਕ ਕੰਮ 'ਤੇ ਨਾ ਜਾਣ ਦਾ ਪ੍ਰਣ



**ਜਗਰਾਉਂ (ਅਮਿਤ ਖੰਨਾ)**-ਨਗਰ ਕੌਂਸਲ ਜਗਰਾਉਂ ਦੇ ਸਫਾਈ ਸੇਵਕਾਂ, ਸੀਵਰਮੈਨਾਂ, ਕਲੈਰੀਕਲ ਸਟਾਫ, ਪੰਪ ਆਪ੍ਰੇਟਰਾਂ, ਕਲੈਰੀਕਲ ਸਟਾਫ, ਫਾਇਰ ਬ੍ਰਿਗੇਡ ਕਰਮਚਾਰੀਆਂ, ਮਾਲੀ ਬੇਲਦਾਰ ਆਦਿ ਪੱਕੇ-ਕੱਚੇ ਕਰਮਚਾਰੀਆਂ ਵੱਲੋਂ ਮੁਕੰਮਲ ਕੰਮ ਛੋੜ ਹੜਤਾਲ ਸ਼ੁਰੂ ਕੀਤੀ ਗਈ।ਹੜਤਾਲ ਦਾ ਮੁੱਖ ਕਾਰਨ ਕੂੜੇ ਦੀ ਸਾਂਭ ਸੰਭਾਲ ਲਈ ਜਗ੍ਹਾ ਦਾ ਪ੍ਰਬੰਧ ਨਾ ਹੋਣਾ, ਕੂੜੇ ਦੇ ਪ੍ਰਬੰਧ ਲਈ ਸਫਾਈ ਸੇਵਕਾਂ ਤੇ ਦਫਤਰੀ ਸਟਾਫ ਨੂੰ ਜ਼ਿੰਮੇਵਾਰ ਠਹਿਰਾ ਕੇ ਲੋਕਾਂ ਦੇ ਚੁਣੇ ਨੁਮਾਇੰਦਿਆਂ ਦੁਆਰਾ ਲੋਕਾਂ ਨੂੰ ਭੜਕਾ ਕੇ ਕਰਮਚਾਰੀਆਂ ਖਿਲਾਫ ਝੂਠੀਆਂ ਦਰਖਾਸਤਾਂ ਦਿਵਾ ਕੇ ਮਾਹੌਲ ਨੂੰ ਤਕਰਾਰ ਪੂਰਨ ਬਣਾਉਣ ਤੇ ਸਫਾਈ ਸੇਵਕਾਂ 'ਤੇ ਆਪਣੇ ਹੀ ਦਫਤਰ ਦੇ ਕਰਮਚਾਰੀਆਂ ਨੂੰ ਨਜਾਇਜ਼ ਵਿਭਾਗੀ ਕਾਰਵਾਈ ਵਿੱਚ ਉਲਝਾਉਣ ਤੇ ਪਿਛਲੇ ਲੰਮੇ ਸਮੇਂ ਤੋਂ ਕੱਚੇ ਤੇ ਪੱਕੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਪ੍ਰਤੀ ਲਾਰਾ ਲਾਉ ਨੀਤੀ ਵਰਤਣਾ, ਕੂੜੇ ਦੇ ਪੱਕੇ ਪ੍ਰਬੰਧ ਤੇ ਜਾਇਜ਼ ਦਫਤਰੀ ਮੰਗਾਂ ਦੇ ਹੱਲ ਹੋਣ ਤੱਕ ਮੁਕੰਮਲ ਹੜਤਾਲ ਕੀਤੀ ਗਈ।ਹੜਤਾਲ ਦੌਰਾਨ ਸਫਾਈ ਸੇਵਕਾਂ, ਕਲੈਰੀਕਲ ਸਟਾਫ ਸੀਵਰਮੈਨਾ, ਪੰਪ ਆਪ੍ਰੇਟਰਾਂ ਮਾਲੀ, ਵੇਲਦਾਰ ਆਦਿ ਕਰਮਚਾਰੀਆਂ ਵੱਲੋਂ ਸਰਬਸੰਮਤੀ ਨਾਲ ਪੰਜ ਮੈਂਬਰੀ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਅਰੁਣ ਗਿੱਲ, ਅਮਰਪਾਲ ਸਿੰਘ, ਰਾਜ ਕੁਮਾਰ, ਭਗਤ ਸਿੰਘ, ਪਵਨ ਚੰਡਾਲੀਆ ਨੂੰ ਚੁਣਿਆ ਗਿਆ।ਚੁਣੀ ਗਈ ਪੰਜ ਮੈਂਬਰੀ ਸੰਘਰਸ਼ ਕਮੇਟੀ ਦੁਆਰਾ ਫੈਸਲਾ ਕੀਤਾ ਗਿਆ ਕਿ ਜਿੰਨਾ ਚਿਰ ਕੂੜੇ ਦੀ ਸਾਂਭ ਸੰਭਾਲ ਲਈ ਪੱਕਾ ਹੱਲ ਨਹੀਂ ਹੋ ਜਾਂਦਾ, ਉਨਾ ਚਿਰ ਕੋਈ ਵੀ ਕਰਮਚਾਰੀ ਕੰਮ 'ਤੇ ਨਹੀਂ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਨਗਰ ਕੌਂਸਲ ਜਗਰਾਉਂ ਦੇ ਚੁਣੇ ਹੋਏ ਕੌਂਸਲਰਾਂ, ਜਿਨ੍ਹਾਂ ਦੁਆਰਾ ਨਿੱਜੀ ਹਿੱਤਾਂ ਲਈ ਮੁਲਾਜ਼ਮਾਂ ਨੂੰ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦਾ ਕੋਈ ਵੀ ਕਰਮਚਾਰੀ ਕੰਮ ਨਹੀਂ ਕਰੇਗਾ, ਮੁਕੰਮਲ ਤੌਰ 'ਤੇ ਉਨ੍ਹਾਂ ਕੌਂਸਲਰਾਂ ਦਾ ਬਾਈਕਾਟ ਕੀਤਾ ਜਾਵੇਗਾ।ਉਪਰੋਕਤ ਫੈਸਲੇ ਉੱਪਰ ਸਭ ਸੰਮਤੀ ਨਾਲ ਸਾਰੇ ਸਫਾਈ ਸੇਵਕਾਂ, ਸੀਵਰਮੈਨਾਂ, ਪੰਪ ਆਪ੍ਰੇਟਰਾਂ, ਕਲੈਰੀਕਲ ਸਟਾਫ, ਮਾਲੀ ਬੇਲਦਾਰ, ਫਾਇਰ ਬ੍ਰਗੇਡ ਸਟਾਫ ਆਦਿ ਨੇ ਸਹਿਮਤੀ ਪ੍ਰਗਟਾਈ ਤੇ ਲਏ ਗਏ ਫੈਸਲਿਆਂ ਦੇ ਪੱਕੇ ਹੱਲ ਨਾ ਹੋਣ ਤੱਕ ਕੰਮ 'ਤੇ ਨਾ ਜਾਣ ਦਾ ਪ੍ਰਣ ਕੀਤਾ।

# ਸਾਰੇ ਧਾਰਮਕ ਗ੍ਰੰਥਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ : ਬਾਬਾ ਬਖਸ਼ੀਸ਼ ਸਿੰਘ

## ਬੇਅਦਬੀ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਿਸਲ ਸਤਲੁਜ ਤੇ ਲਿਬਰਟੀ ਅਲਾਇੰਸ ਦੇ ਮੁਖੀ ਬਾਬਾ ਬਖਸ਼ੀਸ਼ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਦੀਆਂ ਹੋ ਰਹੀਆਂ ਬੇਅਦਬੀਆਂ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੇ ਮੁੱਦੇ ਨੂੰ ਲੈ ਕੇ ਟਾਵਰ 'ਤੇ ਚੜ੍ਹੇ ਗੁਰਜੀਤ ਸਿੰਘ ਖਾਲਸਾ ਬਾਬਤ ਬੋਲਦਿਆਂ ਕਿਹਾ ਕਿ ਅਸੀਂ ਉਸ ਦੇ ਨਾਲ ਹਾਂ, ਬੇਸ਼ਕ ਸਿੰਘ ਦਾ ਰੋਸ ਕਰਨ ਦਾ ਤਰੀਕਾ ਗਲਤ ਹੈ, ਪਰ ਅਸੀਂ ਉਸ ਦੀ ਪਿੱਠ ਨਹੀਂ ਲੱਗਣ ਦਿਆਂਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਨਵਾਂ ਕਾਨੂੰਨ ਬਣਾਉਣ ਲਈ ਸੈਂਟਰ ਗੌਰਮਿੰਟ ਨੂੰ ਪੱਤਰ ਲਿਖਿਆ ਹੈ, ਉਹ ਅਜੇ ਪਾਸ ਨਹੀਂ ਹੋਇਆ, ਅਸੀਂ ਚਾਹੁੰਦੇ ਹਾਂ ਕਿ ਸਾਰੇ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਹੋਵੇ।ਬਾਈਬਲ, ਕੁਰਾਨ, ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਘੱਟੋ ਘੱਟ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਦੀ ਅਸੀਂ ਮੰਗ ਕਰਦੇ ਹਾਂ।ਬਾਬਾ ਬਖਸ਼ੀਸ਼ ਸਿੰਘ ਨੇ ਪ੍ਰਸ਼ਾਸਨ ਦੇ ਵਤੀਰੇ ਬਾਬਤ ਕਿਹਾ ਕਿ ਸਮਾਣਾ ਪੁਲਸ ਪ੍ਰਸ਼ਾਸਨ ਤੇ ਸਿਵਲ ਪ੍ਰਸ਼ਾਸਨ ਦਾ ਵਤੀਰਾ ਬੜਾ ਵਧੀਆ ਹੈ, ਪ੍ਰੰਤੂ ਟਾਵਰ 'ਤੇ ਚੜ੍ਹੇ ਗੁਰਜੀਤ ਸਿੰਘ ਖਾਲਸਾ ਨੂੰ ਉਤਾਰਨ ਲਈ ਅਜੇ ਤੱਕ ਕੋਈ ਵਿਉਂਤਬੰਦੀ ਨਹੀਂ ਕੀਤੀ।

ਬਾਬਾ ਬਖਸ਼ੀਸ਼ ਸਿੰਘ ਨੇ ਕਿਹਾ ਕਿ ਪਹਿਲਾਂ ਜੋ ਕਾਨੂੰਨ ਦੀ ਧਾਰਾ 295-1 ਹੈ, ਉਸ ਵਿੱਚ ਸਜ਼ਾ ਬਹੁਤ ਘੱਟ ਹੈ। ਕੋਈ ਵੀ ਬੇਅਦਬੀ ਵਾਲਾ ਦੋਸ਼ੀ ਜੇਲ੍ਹ ਵਿੱਚ ਜਾਂਦਾ ਹੈ ਤੇ ਕੁਝ ਦਿਨਾਂ ਵਿੱਚ ਬਾਹਰ ਆ ਜਾਂਦਾ ਹੈ, ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਸਖਤ ਤੋਂ ਸਖਤ ਕਾਨੂੰਨ ਬਣੇ।ਉਨ੍ਹਾਂ ਸਾਰੇ ਧਰਮਾਂ ਦੇ ਨੁਮਾਇੰਦਿਆਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਹ ਇਸ ਰੋਸ ਧਰਨੇ ਵਿੱਚ ਸ਼ਾਮਲ ਹੋਣ, ਕਿਉਂਕਿ ਇਹ ਜੋ ਰੋਸ ਧਰਨਾ ਚੱਲ ਰਿਹਾ ਹੈ, ਇਹ ਸਾਰੇ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਬਹਾਲ ਕਰਨ ਲਈ ਹੈ।ਬਾਬਾ ਬਖਸ਼ੀਸ਼ ਸਿੰਘ ਨੇ ਕਿਹਾ ਕਿ ਇਸ ਰੋਸ ਧਰਨੇ ਦੇ ਪ੍ਰਬੰਧਕ, ਜੋ ਵੀ ਹੁਕਮ ਕਰਨਗੇ ਅਸੀਂ ਉਨ੍ਹਾਂ ਦੇ ਨਾਲ ਖੜਾਂਗੇ, ਪ੍ਰੰਤੂ ਜੇ ਸਾਡੇ ਵੱਲੋਂ ਰੋਸ ਧਰਨਾ ਲਗਾਇਆ ਹੁੰਦਾ ਤਾਂ ਅਸੀਂ ਰੋਸ ਧਰਨੇ ਨੂੰ ਆਪਣੇ ਤਰੀਕੇ ਨਾਲ ਚਲਾਉਂਦੇ।ਇਸ ਮੌਕੇ ਸਾਬਕਾ ਕੌਂਸਲਰ ਅਮਰਜੀਤ ਸਿੰਘ ਗੁਰਾਇਆ ਤੇ ਮਨਜਿੰਦਰ ਸਿੰਘ ਰਾਣਾ ਸੇਖੋਂ ਹਾਜ਼ਰ ਸਨ।


# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪਟਿਆਲਾ ਦੀ ਮੀਟਿੰਗ



**ਰਾਜਪੁਰਾ (ਰਮੇਸ਼ ਕਟਾਰੀਆ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ, ਹੈੱਡ ਆਫਿਸ ਯੂਨਿਟ ਪਟਿਆਲਾ ਦੀ ਮੀਟਿੰਗ ਸ੍ਰ. ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਹੋਈ।ਮੀਟਿੰਗ ਦੌਰਾਨ ਇੰਜੀ: ਹਰਜੀਤ ਸਿੰਘ ਸਕੱਤਰ ਵੱਲੋਂ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਅਣਦੇਖੀ ਕਰਨ ਦਾ ਬਿਊਰਾ ਦਿੱਤਾ ਗਿਆ ਅਤੇ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਪੈਨਸ਼ਨਰਜ਼ ਦੀਆਂ ਮੰਗਾਂ ਨੂੰ ਅਣਦੇਖੀ ਕਰਨ ਦੇ ਵਿਰੋਧ ਵਿੱਚ ਫੈਸਲਾ ਕੀਤਾ ਗਿਆ ਕਿ ਜ਼ਿਮਨੀ ਚੋਣਾਂ ਦੌਰਾਨ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੋਲ ਖੋਲ੍ਹਣ ਲਈ 10 ਨਵੰਬਰ 2024 ਨੂੰ ਬਰਨਾਲਾ ਵਿਧਾਨ ਹਲਕੇ ਵਿੱਚ ਸਾਂਝੇ ਫਰੰਟ ਵਜੋਂ ਹੋ ਰਹੀ ਰੈਲੀ ਵਿੱਚ ਵਫਦ ਸ਼ਮੂਲੀਅਤ ਕਰੇਗਾ।ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਸਟੇਟ ਬਾਡੀ ਵੱਲੋਂ 13 ਤੇ 14 ਨਵੰਬਰ 2024 ਨੂੰ ਅੰਮ੍ਰਿਤਸਰ ਵਿਖੇ ਹੋ ਰਹੇ ਡੈਲੀਗੇਟ ਅਜਲਾਸ ਵਿੱਚ ਹਿੱਸਾ ਲਿਆ ਜਾਵੇਗਾ। ਇੰਜੀ: ਸੰਤੋਖ ਸਿੰਘ ਬੋਪਾਰਾਏ ਸੂਬਾ ਸਕੱਤਰ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਅਣਦੇਖੀ ਕਰਨ ਦੇ ਸਰਕਾਰ ਨੂੰ ਨਤੀਜੇ ਭੁਗਤਣੇ ਪੈਣਗੇ।ਅਜੇ ਵੀ ਸਮਾਂ ਹੈ ਕਿ ਸਰਕਾਰ ਮੁਲਾਜ਼ਮ ਤੇ ਪੈਨਸ਼ਨਰਜ਼ ਨਾਲ ਗੱਲਬਾਤ ਰਾਹੀਂ ਮਸਲਿਆਂ ਦਾ ਨਿਪਟਾਰਾ ਕਰੇ।ਸ੍ਰ. ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਵੀ ਸਰਕਾਰ ਨੂੰ ਕਰੜੇ ਹੱਥੀਂ ਲਿਆ ਤੇ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਪੈਂਡਿੰਗ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।ਮੀਟਿੰਗ ਵਿੱਚ ਇੰਜੀ: ਕਰਤਾਰ ਸਿੰਘ, ਇੰਜੀ: ਭਾਨ ਸਿੰਘ, ਇੰਜੀ: ਪਰਮਜੀਤ ਸਿੰਘ, ਗੁਰਚਰਨ ਸਿੰਘ, ਮਹਿੰਦਰ ਸਿੰਘ ਟਿਵਾਣਾ, ਬਲਜੀਤ ਸਿੰਘ ਬਰਾੜ, ਸਰੂਪ ਇੰਦਰ ਸਿੰਘ, ਹਰਬੰਸ ਸਿੰਘ ਟਿਵਾਣਾ, ਇੰਜੀ: ਜਗਤਾਰ ਸਿੰਘ, ਵਿਪਨ ਕੁਮਾਰ, ਮਲਕੀਤ ਸਿੰਘ, ਇੰਜੀ: ਸਤਪਾਲ ਸ਼ਰਮਾ, ਮਨਮੋਹਨ ਸਿੰਘ ਸਿੱਧੂ ਤੇ ਭਾਰੀ ਗਿਣਤੀ ਵਿੱਚ ਮੈਂਬਰ ਮੌਜੂਦ ਸਨ।ਮੀਟਿੰਗ ਦੌਰਾਨ ਬਹੁਤ ਸਾਰੇ ਨਵੇਂ ਮੈਂਬਰਾਂ ਨੇ ਵੀ ਸ਼ਮੂਲੀਅਤ ਕੀਤੀ ਗਈ।ਪ੍ਰੈੱਸ ਨੂੰ ਇਹ ਜਾਣਕਾਰੀ ਸਰਕਲ ਪਟਿਆਲ਼ਾ ਪ੍ਰਧਾਨ ਚਰਨਜੀਤ ਸਿੰਘ ਨੇ ਦਿੱਤੀ।

# ਚੌਕੀਮਾਨ ਦੀ ਨਵੀਂ ਪੰਚਾਇਤ ਨੇ ਪ੍ਰਮਾਤਮਾ ਦਾ ਓਟ-ਆਸਰਾ ਲੈਂਦਿਆਂ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ

## 'ਆਪ' ਆਗੂ ਐੱਨ ਐੱਸ ਕੰਗ ਨੇ ਪਿੰਡ ਦੇ ਵਿਕਾਸ ਕੰਮ ਬਿਨਾਂ ਦੇਰੀ ਕਰਵਾਉਣ ਦਾ ਦਿੱਤਾ ਭਰੋਸਾ



**ਚੌਕੀਮਾਨ (ਬਲਬੀਰ ਮਾਨ)**-ਹਲਕਾ ਦਾਖਾ ਦੇ ਮਸ਼ਹੂਰ ਪਿੰਡ ਚੌਕੀਮਾਨ ਦੀ ਨਵੀਂ ਚੁਣੀ ਪੰਚਾਇਤ ਨੇ ਸਰਪੰਚ ਕੇਵਲ ਸਿੰਘ (ਸਾਬਕਾ ਫੌਜੀ) ਦੀ ਅਗਵਾਈ ਵਿੱਚ ਪ੍ਰਮਾਤਮਾ ਦਾ ਓਟ ਆਸਰਾ ਲੈਂਦਿਆਂ ਸ਼ੁਕਰਾਨੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਕਰਵਾ ਕੇ, 8 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਆਪਣੇ ਅਹੁਦੇ ਦਾ ਹਲਫ ਲੈਂਦਿਆਂ, ਅੱਜ ਗੁਰਦੁਆਰਾ ਸਾਹਿਬ ਪੱਤੀ ਧਾਲੀਵਾਲ ਵਿਖੇ ਭੋਗ ਪਾਏ ਗਏ।ਗ੍ਰੰਥੀ ਸਿੰਘ ਭਾਈ ਗੁਰਦਿਆਲ ਸਿੰਘ ਦੀ ਸੇਵਾ ਵਿੱਚ ਭਾਈ ਰਾਜਿੰਦਰ ਸਿੰਘ ਚੌਕੀਮਾਨ ਤੇ ਸਾਥੀਆਂ ਨੇ ਰਸਭਿੰਨੇ ਕੀਰਤਨ ਨਾਲ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ।

ਭੋਗ ਉਪਰੰਤ ਆਮ ਆਦਮੀ ਪਾਰਟੀ ਦੇ ਹਲਕਾ ਦਾਖਾ ਦੇ ਇੰਚਾਰਜ ਐੱਨ ਐੱਸ ਕੰਗ ਦੁਆਰਾ ਸਰਪੰਚ ਕੇਵਲ ਸਿੰਘ ਤੇ ਸਮੂਹ ਪੰਚਾਇਤ ਸਮੇਤ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਪਿਛਲੇ ਸਮੇਂ ਦੌਰਾਨ ਅਧੂਰੇ ਰਹਿ ਗਏ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾ ਕੇ ਵਿਕਾਸ ਕਾਰਜਾਂ ਲਈ ਖੁੱਲ੍ਹੇ ਗੱਫੇ ਵੰਡਦਿਆਂ ਤੇਜ਼ੀ ਲਿਆਂਦੀ ਜਾਵੇਗੀ।ਉੱਘੇ ਸਮਾਜ ਸੇਵੀ ਮਨਜੀਤ ਸਿੰਘ, ਹਰਭਜਨ ਸਿੰਘ ਨੇ ਸੰਗਤਾਂ ਦੇ ਰੂਬਰੂ ਹੁੰਦਿਆਂ ਸਮੁੱਚੀ ਪੰਚਾਇਤ ਨੂੰ ਵਧਾਈ ਦਿੰਦਿਆਂ ਪਿੰਡ ਵਾਸੀਆਂ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਸਰਪੰਚ ਕੇਵਲ ਸਿੰਘ ਤੇ ਮੈਂਬਰ ਪੰਚਾਇਤ ਬਲਬੀਰ ਸਿੰਘ, ਸੁਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਹਰਜੀਤ ਸਿੰਘ, ਸ੍ਰੀਮਤੀ ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਜਸਵੀਰ ਕੌਰ, ਬਲਬੀਰ ਕੌਰ ਆਦਿ ਨੇ ਬਾਹਰੋਂ ਆਏ ਸਰਪੰਚ ਕੁਲਵੰਤ ਸਿੰਘ ਸੋਹੀਆਂ, ਮਨਿੰਦਰ ਸਿੰਘ ਸਿੱਧਵਾਂ ਖੁਰਦ, ਨਵਜੋਤ ਸਿੰਘ ਗੁੜ੍ਹੇ, ਸ਼ਰਨਪ੍ਰੀਤ ਸਿੰਘ ਸਿੱਧਵਾਂ ਕਲਾਂ, ਬਲਰਾਜ ਸਿੰਘ ਕੁਲਾਰ, ਗੁਰਮੇਲ ਸਿੰਘ ਪੱਬੀਆਂ ਆਦਿ ਨੂੰ ਹਲਕਾ ਦਾਖਾ ਇੰਚਾਰਜ ਐੱਨ ਐੱਸ ਕੰਗ ਦੀ ਅਗਵਾਈ ਵਿੱਚ ਸਿਰੋਪਾਉ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਭਾਈ ਗੁਰਦਾਸ ਐਂਬੂਲੈਂਸ ਸੇਵਾ ਸੁਸਾਇਟੀ ਅੱਡਾ ਚੌਕੀਮਾਨ ਦੇ ਸਕੱਤਰ ਗੁਰਦੀਪ ਸਿੰਘ ਮਾਨ, ਬਿੰਦਰ ਸਿੰਘ ਮਾਨ, ਅਮਰਜੀਤ ਸਿੰਘ ਸਿੱਧਵਾਂ, ਬਲਬੀਰ ਸਿੰਘ ਮਾਨ, ਗੁਰਦੀਪ ਸਿੰਘ ਗੁੜ੍ਹੇ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਕੁਲਾਰ, ਸੈਕਟਰੀ ਦਲਵੀਰ ਸਿੰਘ ਪੱਬੀਆਂ, ਲਵਪ੍ਰੀਤ ਸਿੰਘ ਮਾਨ, ਜਸਵੀਰ ਸਿੰਘ, ਅਮਰਿੰਦਰ ਐਮੀ ਅਤੇ ਹੋਰ ਇਲਾਕੇ ਭਰ ਤੋਂ ਪਹੁੰਚੇ ਮੋਹਤਵਾਰ ਆਗੂਆਂ ਨੇ ਨਵੇਂ ਚੁਣੇ ਸਰਪੰਚ ਕੇਵਲ ਸਿੰਘ ਤੇ ਸਮੂਹ ਪੰਚਾਇਤ ਮੈਂਬਰਾਂ ਨੂੰ ਵਧਾਈ ਦਿੱਤੀ।ਆਈ ਸੰਗਤ ਦਾ ਸਟੇਜ ਸਕੱਤਰ ਕਾਮਰੇਡ ਆਤਮਾ ਸਿੰਘ ਮਾਨ ਨੇ ਤਹਿ ਦਿਲੋਂ ਧੰਨਵਾਦ ਕੀਤਾ।

# ਆਲ ਇੰਡੀਆ ਆਸ਼ਾ ਵਰਕਰਜ਼ ਤੇ ਫੈਸੀਲਿਟੇਟਰ ਯੂਨੀਅਨ ਦੀ ਮੀਟਿੰਗ ਸੰਪੰਨ

## 16 ਨੂੰ ਬਰਨਾਲਾ 'ਚ ਭੁੱਖ ਹੜਤਾਲ ਕਰਕੇ ਦਿੱਤਾ ਜਾਵੇਗਾ ਧਰਨਾ : ਦੁਰਗੋ ਬਾਈ



**ਜਲਾਲਾਬਾਦ (ਜੀਤ ਕੁਮਾਰ)**-ਆਲ ਇੰਡੀਆ ਆਸ਼ਾ ਵਰਕਰਜ਼ 'ਤੇ ਫੈਸੀਲਿਟੇਟਰ ਯੂਨੀਅਨ ਜ਼ਿਲ੍ਹਾ ਕਮੇਟੀ ਫਾਜ਼ਿਲਕਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੰਤੋਸ਼ ਰਾਣੀ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ, ਜਿਸ ਵਿੱਚ ਸੂਬਾ ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਉਚੇਚੇ ਤੌਰ 'ਤੇ ਪੁੱਜੇ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਜ਼ ਤੇ ਫੈਸੀਲਿਟੇਟਜ਼ 'ਤੇ ਕੰਮ ਕਰਨ ਦੀ ਉਮਰ ਹੱਦ 58 ਸਾਲ ਪਾਲਿਸੀ ਤਿਆਰ ਕੀਤੀ ਹੈ, ਉਸ ਦੇ ਖਿਲਾਫ ਚੱਲ ਰਹੇ ਸੰਘਰਸ਼ਾਂ ਨੂੰ ਲਾਗੂ ਕਰਨ ਲਈ ਅੱਜ ਇਥੇ ਮੀਟਿੰਗ ਕੀਤੀ ਗਈ। ਸੂਬਾਈ ਆਗੂ ਦੁਰਗੋ ਬਾਈ ਨੇ ਕਿਹਾ ਕਿ 21 ਜੂਨ 2024 ਨੂੰ ਇਸ ਪਾਲਸੀ ਨੂੰ ਇਸ ਪਾਲਸੀ ਨੂੰ ਰੱਦ ਕਰਵਾਉਣ ਲਈ ਗਰਮੀ ਵਿੱਚ ਲਗਾਤਾਰ ਪੂਰੇ ਪੰਜਾਬ ਵਿੱਚ ਐੱਸ.ਐੱਮ.ਓ. ਸਾਹਿਬ ਦੇ ਦਫਤਰਾਂ ਅੱਗੇ ਸਾਂਝੇ ਮੋਰਚੇ ਵੱਲੋਂ (7 ਦਿਨ) 27 ਜੂਨ ਤੱਕ ਰੋਸ ਪ੍ਰਦਰਸ਼ਨ ਜਾਰੀ ਰਹੇ ਤੇ ਅਖੀਰ ਵਿੱਚ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 28 ਜੂਨ 2024 ਨੂੰ ਕੁਬਾਨਾ ਕਲੱਬ ਜਲੰਧਰ ਵਿਖੇ ਸਾਂਝੇ ਮੋਰਚੇ ਦੀਆਂ ਚਾਰ ਜਥੇਬੰਦੀਆਂ ਦੇ ਆਗੂਆਂ ਸਾਹਿਬਾਨਾਂ ਨਾਲ ਸਿਹਤ ਮਹਿਕਮੇ ਦੇ ਪੂਰੇ ਅਮਲੇ ਸਮੇਤ ਬਹੁਤ ਹੀ ਵਧੀਆ ਮਾਹੌਲ ਵਿੱਚ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਆਸ਼ਾ ਦੀ ਕੰਮ ਕਰਨ ਦੀ ਉਮਰ ਹੱਦ 58 ਸਾਲ ਨੂੰ 62 ਸਾਲ ਕਰਨ ਦਾ, ਸੇਵਾ ਮੁਕਤ ਕੀਤੀਆਂ ਆਸ਼ਾ ਵਰਕਰਾਂ ਨੂੰ ਮੁੜ ਬਹਾਲ ਕਰਨਾ, ਫੈਸੀਲਿਟੇਟਰਜ ਦੇ ਫਿੱਕਸ ਭੱਤੇ ਵਿੱਚ 1000 ਰੁਪਏ ਪ੍ਰਤੀ ਮਹੀਨਾ ਵਾਧਾ ਕਰਨਾ, ਮਲਟੀਪਰਪਜ਼ ਹੈਲਥ ਇੰਪਲਾਈਜ਼ ਦੇ ਪੇਪਰ ਪਾਸ ਕਰ ਚੁੱਕੀਆਂ ਆਸ਼ਾ ਵਰਕਰਜ਼ ਫੈਸੀਲਿਟੇਟਰਜ, ਆਂਗਣਵਾੜੀ ਵਰਕਰਜ਼ ਨੂੰ ਨਿਯੁਕਤੀ ਪੱਤਰ ਜਾਰੀ ਕਰਾਉਣ ਆਦਿ ਮੰਗਾਂ ਨੂੰ ਪੂਰਾ ਕਰਨ ਦੀ ਹਰੀ ਝੰਡੀ ਦਿੱਤੀ ਗਈ ਸੀ, ਪਰ ਪੂਰੇ ਚਾਰ ਮਹੀਨੇ ਬੀਤ ਜਾਣ 'ਤੇ ਵੀ ਇਨ੍ਹਾਂ ਮੰਨੀਆਂ ਮੰਗਾਂ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਇਸੇ ਰੋਸ ਵਜੋਂ ਪੰਜਾਬ ਭਰ ਦੀਆਂ ਸੈਂਕੜਿਆ ਦੀ ਗਿਣਤੀ ਵਿੱਚ ਵਰਕਰਾਂ ਬਰਨਾਲਾ ਵਿਖੇ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਵਿੱਚ ਮੰਨੀਆਂ ਮੰਗਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਾਉਣ ਲਈ ਬਰਨਾਲਾ ਵਿਖੇ 16 ਨਵੰਬਰ 2024 ਤੋਂ 48 ਘੰਟਿਆਂ ਦੀ ਭੁੱਖ ਹੜਤਾਲ ਕਰਕੇ ਧਰਨਾ ਦੇਣ ਲਈ ਮਜਬੂਰ ਹੋਣਗੀਆਂ। ਇਸ ਦੇ ਨਿਕਲਣ ਵਾਲੇ ਸਿੱਟਿਆਂ ਦੀ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਮੀਟਿੰਗ ਵਿੱਚ ਬਲਾਕ ਜੰਡਵਾਲਾ ਬੀਮੇਸ਼ਾਹ ਤੋਂ ਸਵਰਨ ਕੌਰ, ਅਵਿਨਾਸ਼ ਰਾਣੀ, ਕਿਰਨਾ ਰਾਣੀ, ਰਜਨੀ ਬਾਲਾ, ਰਾਜ ਰਾਣੀ, ਬਲਾਕ ਖੂਈ ਖੇੜਾ ਤੋਂ ਗੀਤੂ ਬਾਲਾ, ਕਿਰਨਦੀਪ, ਬਲਾਕ ਡੱਬਵਾਲਾ ਕਲਾਂ ਤੋਂ ਰਾਜ ਰਾਣੀ, ਪਰਮਿਲਾ ਦੇਵੀ, ਬਲਾਕ ਸੀਤੋ ਗੁੰਨੋ ਤੋਂ ਰੇਸ਼ਮਾ ਰਾਣੀ, ਮੋਨਿਕਾ, ਕੈਲਾਸ਼, ਬਿੰਦਰ ਆਦਿ ਮੌਜੂਦ ਸਨ।

## ਪਬਲੀਕੇਸ਼ਨ ਨੋਟਿਸ

[illegible]

ਦਰਖਾਸਤ ਤਕਸੀਮ ਅਰਾਜ਼ੀ ਖੇਵਟ/ਖਤੌਨੀ ਨੰਬਰ 110/131 ਹਦਬਸਤ ਨੰਬਰ 144

ਵਾਕਿਆ ਰਕਬਾ ਰਸੂਲਪੁਰ ਕਲਾਂ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਜਮ੍ਹਾਂਬੰਦੀ ਸਾਲ 2020-2021

ਫਰੀਕੈਨ ਅੱਵਲ ਵੱਲੋਂ ਆਪਣੇ ਕੌਂਸਲ ਰਾਹੀਂ ਉਕਤ ਦਰਜ ਖੇਵਟਾਂ ਦੀ ਤਕਸੀਮ ਕਰਨ ਲਈ ਇਸ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਹੈ। ਇਸ ਲਈ ਆਪ ਨੂੰ ਇਸ ਅਖ਼ਬਾਰ ਇਸ਼ਤਿਹਾਰ ਰਾਂਹੀ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਇਸ ਕੇਸ ਵਿੱਚ ਨਿਸ਼ਚਿਤ ਮਿਤੀ 18-11-2024 ਨੂੰ ਸਮਾਂ ਦੁਪਹਿਰ 2 ਵਜੇ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖ਼ਤਾਰ ਰਾਹੀਂ ਹਾਜ਼ਰ ਆ ਕੇ ਕੇਸ ਦੀ ਪੈਰਵਾਈ ਕਰ ਸਕਦੇ ਹੋ! ਨਿਸ਼ਚਿਤ ਮਿਤੀ ਨੂੰ ਕੇਸ ਦੀ ਸੁਣਵਾਈ ਸਮੇਂ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਆਪ ਇਸ ਕੇਸ ਦੀ ਪੈਰਵਾਈ ਨਹੀਂ ਕਰਨਾ ਚਾਹੁੰਦੇ। ਕੇਸ 'ਤੇ ਬਣਦੀ ਕਾਰਵਾਈ ਨਿਯਮਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ 04-11-2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਨਕੋਦਰ।

ਨੰਬਰ: 632- ਰੀਡਰ-2 ਮਿਤੀ: 4-11-24

# ਨਸ਼ਾ ਸਮੱਗਲਰ ਦੀ 14,46,400 ਰੁਪਏ ਦੀ ਜਾਇਦਾਦ ਜ਼ਬਤ

ਨਿਹਾਲ ਸਿੰਘ ਵਾਲਾ (ਨਵਾਂ ਜ਼ਮਾਨਾ ਸਰਵਿਸ)- ਮਾਨਯੋਗ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਚੰਡੀਗੜ੍ਹ ਅਸ਼ਵਨੀ ਕਪੂਰ ਆਈਪੀਐੱਸ ਡਿਪਟੀ ਇੰਸਪੈਕਟਰ ਜਨਰਲ ਪੁਲਸ ਫਰੀਦਕੋਟ ਰੇਂਜ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਜੇ ਗਾਂਧੀ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਮੋਗਾ ਦੀ ਅਗਵਾਈ ਹੇਠ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਨਸ਼ਾ ਸਮੱਗਲਰਾਂ ਤਸਕਰਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਅਨਵਰ ਅਲੀ ਉਪ ਕਪਤਾਨ ਪੁਲਸ ਨਿਹਾਲ ਸਿੰਘ ਵਾਲਾ ਦੀ ਨਿਗਰਾਨੀ ਹੇਠ ਸਬ ਇੰਸਪੈਕਟਰ ਹਰਵਿੰਦਰ ਸਿੰਘ ਮੁੱਖ ਅਫ਼ਸਰ ਨਿਹਾਲ ਸਿੰਘ ਵਾਲਾ ਵੱਲੋਂ ਮੁਕੱਦਮਾ ਨੰਬਰ 57,/ 22/29-61/-85 ਐੱਨਡੀਪੀਐੱਸ ਐਕਟ ਥਾਣਾ ਸਮਾਲਸਰ ਮੁਕੱਦਮਾ 22-/61-85/ ਐੱਨਡੀਪੀਐੱਸ ਐਕਟ ਥਾਣਾ ਸਿਟੀ ਮੋਗਾ ਅਤੇ ਮੁਕੱਦਮਾ ਨੰਬਰ 109/ 22,61-85/ਐੱਨਡੀਪੀਐੱਸ ਐਕਟ ਥਾਣਾ ਨਿਹਾਲ ਸਿੰਘ ਵਾਲਾ ਵਿੱਚ ਦੋਸ਼ੀ ਨਿਰਮਲ ਸਿੰਘ ਉਰਫ਼ ਨਿੰਮਾ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਘੋਲੀਆਂ ਖੁਰਦ ਦੀ ਪ੍ਰਾਪਰਟੀ ਨੂੰ ਅਟੈਚ ਕਰਨ ਸਬੰਧੀ ਉਸਦੇ ਘਰ ਦੇ ਬਾਹਰ ਪੋਸਟਰ ਚਿਪਕਾਏ ਗਏ। ਕਰੀਬ 10 ਮਰਲੇ ਜਗਾ (ਕੀਮਤ ਕਰੀਬ 14,46,400/ਰੁਪਏ) ਉਸਦੇ ਖੁਦ ਦੇ ਨਾਮ ਹੈ ਜਿਸ ਦੀ ਪ੍ਰਾਪਰਟੀ ਬਾਰੇ ਪੜਤਾਲ ਕਰਨ ਤੇ ਇਹ ਗੱਲ ਸਾਹਮਣੇ ਆਈ ਕਿ ਉਕਤ ਪ੍ਰਾਪਰਟੀ ਇਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਖਰੀਦੀ ਹੋਈ ਸੀ।



## ਹੈਰੋਇਨ ਸਮੇਤ ਕਾਬੂ

ਬਲਾਚੌਰ ਨਵੰਬਰ (ਜਸਵਿੰਦਰ ਬੈਂਸ)-ਬਲਾਚੌਰ ਦੇ ਡੀ ਐਸ ਪੀ ਸ਼ਾਮ ਸੁੰਦਰ ਸ਼ਰਮਾ ਦੀ ਯੋਗ ਅਗਵਾਈ ਹੇਠ ਐੱਸ ਆਈ ਸਤਨਾਮ ਸਿੰਘ ਥਾਣਾ ਸਿਟੀ ਬਲਾਚੌਰ ਵਲੋਂ ਮਾੜੇ ਅਨਸਰਾਂ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੱਜ ਉਸ ਟਾਈਮ ਹੋਰ ਹੁਲਾਰਾ ਮਿਲਿਆ ਜਦੋਂ ਸ਼ਾਮ ਵੇਲੇ ਦੌਰਾਨੇ ਗਸ਼ਤ ਭੁਲੇਖਾ ਚੌਕ ਦੇ ਨਜ਼ਦੀਕ ਇਕ ਮੋਨੇ ਵਿਅਕਤੀ ਨੂੰ ਸ਼ੱਕੀ ਹਾਲਤ ਵਿੱਚ ਪੈਂਟ ਦੀ ਸੱਜੀ ਜੇਬ ਵਿਚੋਂ ਕੁਝ ਸੁੱਟਿਆ ਵੇਖਿਆ ਤਾਂ ਉਸ ਨੂੰ ਪਿਛਲੇ ਪਾਸੇ ਭੱਜਦੇ ਨੂੰ ਥਾਣਾ ਸਿਟੀ ਦੀ ਟੀਮ ਦੇ ਏ ਐਸ ਆਈ ਲੇਖਰਾਜ, ਮਲਕੀਤ ਸਿੰਘ, ਮਨਵੀਰ ਸਿੰਘ ਅਤੇ ਡਰਾਈਵਰ ਬਲਿਹਾਰ ਸਿੰਘ ਵਲੋਂ ਉਸ ਨੂੰ ਕਾਬੂ ਕਰਕੇ ਉਸ ਤੋਂ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਜਸਪਾਲ ਸਿੰਘ (ਪਾਲੀ) ਪੁੱਤਰ ਜਰਨੈਲ ਸਿੰਘ ਵਾਸੀ ਕੰਗਣਾ ਬੇਟ ਦੱਸਿਆ। ਉਸ ਕੋਲੋਂ ਸੁੱਟੇ ਲਿਫਾਫੇ ਬਾਰੇ ਜਾਣਕਾਰੀ ਲਈ ਤਾਂ ਉਸ ਨੇ ਕਿਹਾ ਕਿ ਉਸ ਵਿਚ ਹੈਰੋਇਨ ਹੈ। ਲਿਫਾਫੇ ਨੂੰ ਕਬਜ਼ੇ ਵਿੱਚ ਲੈ ਕੇ ਉਸ ਦਾ ਵਜ਼ਨ ਕੀਤਾ ਤਾਂ ਤਿੰਨ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਜਿਸ 'ਤੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## REQUIREMENT

St. Soldier Law College, Jalandhar Invites online applications for the post of Principal on regular/contractual Basis. **www.https://stsoldierlawcollege.in.** Qualification and Grade as per UGC/ NCTE/ Punjab Govt./ GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. A copy of the application alongwith a demand draft of Rs. 1180/- (non-refundable) In favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents alongwith the application as per the list available for Unaided Colleges in the CDC Portal on University website (www.gndu.ac.in). Incomplete application (without the required documents) or the application received after due date will not be entertained.

## ਆਮ ਸੂਚਨਾ

ਮੈਂ, ਕੁਲਵੰਤ ਕੌਰ ਪਤਨੀ ਅਵਤਾਰ ਸਿੰਘ ਵਾਸੀ ਪਿੰਡ ਕੋਹਜਾ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੇ ਕੋਲੋਂ ਮਿਤੀ 25-10-2024 ਨੂੰ ਵਾਕਿਆ ਧਵਨ ਕਲੋਨੀ, ਆਦਮਪੁਰ, ਜ਼ਿਲ੍ਹਾ ਜਲੰਧਰ ਦੀ ਦੁਕਾਨ ਦੀ ਰਜਿਸਟਰੀ ਜਿਸ ਦਾ ਵਸੀਕਾ ਨੰ: 423 ਮਿਤੀ 24-06-2013 ਜੇ ਐਸ ਆਰ ਆਦਮਪੁਰ ਹੈ, ਕਿੱਧਰੇ ਗੁੰਮ ਹੋ ਗਈ ਹੈ। ਜੇਕਰ ਉਕਤ ਰਜਿਸਟਰੀ ਕਿਸੇ ਨੂੰ ਮਿਲੇ ਤਾਂ ਉਪਰੋਕਤ ਪਤੇ ਤੇ ਸੰਪਰਕ ਕਰੇ। ਸਬੰਧਿਤ ਨੋਟ ਕਰਨ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 12, 2000, 7.5 ਹਾਰਸ ਪਾਵਰ, ਜੋ ਕਿ ਸਵਿੰਦਰ ਸਿੰਘ ਪੁੱਤਰ ਮੁਨਸ਼ਾ ਸਿੰਘ ਪਿੰਡ ਚੋਗਾਵਾਂ ਰੂਪੋਵਾਲੀ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਪਰਮਜੀਤ ਕੌਰ ਪਤਨੀ ਸਤਨਾਮ ਸਿੰਘ ਅਤੇ ਸਵਿੰਦਰ ਸਿੰਘ ਪੁੱਤਰ ਮੁਨਸ਼ਾ ਸਿੰਘ ਪਿੰਡ ਮੱਲ੍ਹੀਆਂ ਕੁਹਾਰਾਂ ਰਕਬਾ ਚੋਗਾਵਾਂ ਰੂਪੋਵਾਲੀ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਕੱਥੂਨੰਗਲ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਮੈਂ ਜਗੀਰ ਸਿੰਘ ਪੁੱਤਰ ਲੇਟ ਅਜਾਇਬ ਸਿੰਘ ਵਾਸੀ ਮਕਾਨ ਨੰਬਰ 79, ਵਿਜੈ ਨਗਰ, ਪਿੰਡ ਜਲਾਲ ਭੁਲਾਣਾ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਆਪਣੀ ਭੈਣ ਬਲਵਿੰਦਰ ਕੌਰ, ਭਣਵਈਏ ਜੋਗਿੰਦਰ ਸਿੰਘ ਅਤੇ ਉਨ੍ਹਾਂ ਦੇ ਬੱਚਿਆਂ ਅਰਜਨ ਸਿੰਘ, ਸਿਮਰਜੋਤ ਸਿੰਘ ਸੋਰਵ ਅਤੇ ਟਵਿੰਕਲ ਨਾਲ ਕੋਈ ਰਿਸ਼ਤਾ/ਤਅਲਕ ਵਾਸਤਾ ਨਹੀ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਤੇਜ਼ ਰਫਤਾਰ ਕਾਰ ਨੇ ਮੋਟਰਸਾਈਕਲ ਚਾਲਕ ਨੂੰ ਕੀਤਾ ਜ਼ਖਮੀ

ਬਲਾਚੌਰ (ਜਸਵਿੰਦਰ ਬੈਂਸ) - ਬਲਾਚੌਰ ਬਾਈਪਾਸ ਕੰਗਣਾ ਪੁਲ 'ਤੇ ਇੱਕ ਤੇਜ਼ ਰਫਤਾਰ ਗੱਡੀ ਵਲੋਂ ਮੋਟਰਸਾਈਕਲ ਚਾਲਕ ਨੂੰ ਪਿੱਛੇ ਤੋਂ ਟੱਕਰ ਮਾਰ ਕੇ ਜ਼ਖਮੀ ਕਰਨ ਦੀ ਖਬਰ ਪ੍ਰਾਪਤ ਹੋਈ। ਐਸ ਐਸ ਐਫ ਦੇ ਇੰਚਾਰਜ ਕੁਲਵੀਰ ਸਿੰਘ ਨੇ ਦੱਸਿਆ ਕਿ ਹੀਰੋ ਹਾਂਡਾ ਮੋਟਰਸਾਈਕਲ ਨੰਬਰ ਪੀ ਬੀ 20 ਸੀ 3918 ਜਿਸ ਨੂੰ ਲਵਪ੍ਰੀਤ ਸਿੰਘ ਪੁੱਤਰ ਮਨੋਹਰ ਲਾਲ ਵਾਸੀ ਪਿੰਡ ਔਲੀਆਪੁਰ ਚਲਾ ਰਿਹਾ ਸੀ, ਨੂੰ ਬਲਾਚੌਰ ਕੰਗਣਾ ਪੁਲ ਬਾਈਪਾਸ ਵਿਖੇ ਤੇਜ਼ ਰਫਤਾਰ ਗੱਡੀ ਨੰਬਰ ਪੀ ਬੀ 07 1339 ਦੇ ਅਣਪਛਾਤੇ ਚਾਲਕ ਵਲੋਂ ਪਿੱਛੇ ਤੋਂ ਜ਼ਬਰਦਸਤ ਟੱਕਰ ਮਾਰ ਕੇ ਹਾਦਸਾ ਗ੍ਰਸਤ ਕਰ ਦਿੱਤਾ ਗਿਆ। ਗੱਡੀ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮੋਟਰਸਾਈਕਲ ਦਾ ਪਿਛਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਚਾਲਕ ਵੀ ਗੰਭੀਰ ਜ਼ਖਮੀ ਹੋ ਗਿਆ। ਉਪਰੰਤ ਐਸ ਐਸ ਐਫ ਟੀਮ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਜ਼ਖਮੀ ਮੋਟਰਸਾਈਕਲ ਨੂੰ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾਇਆ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਬੇਦਖਲੀ ਨੋਟਿਸ

ਅਸੀਂ, ਜੋਰਾਵਰ ਸਿੰਘ ਪੁੱਤਰ ਬਲਦੇਵ ਸਿੰਘ ਵਾ ਰਾਜਵਿੰਦਰ ਕੌਰ ਪਤਨੀ ਜੋਰਾਵਰ ਸਿੰਘ ਵਾਸੀ 407-ਪੰਜਾਬੀ ਬਾਗ, ਪਠਾਨਕੋਟ ਰੋਡ, ਜਲੰਧਰ ਹਲਫੀਆ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਰਕਮਲਜੋਤ ਸਿੰਘ, ਜੋਕਿ ਸਾਡੇ ਕਹਿਣੇ ਤੋਂ ਬਾਹਰ ਹੈ। ਇਸਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਉਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। [illegible]

## ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਮੈਂ, ਸੁਖਵਿੰਦਰ ਸਿੰਘ ਪੁੱਤਰ ਮੰਗਲ ਸਿੰਘ ਪਿੰਡ ਖਿਲਚੀਆਂ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਅਤੇ ਮੇਰੀ ਨੂੰਹ ਸਪਨਾ ਪਤਨੀ ਸਤਨਾਮ ਸਿੰਘ ਜੋ ਕਿ ਦੋਵੇਂ ਮੇਰੇ ਕਹਿਣੇਕਾਰ ਤੋਂ ਬਾਹਰ ਹਨ ਅਤੇ ਸਾਡੇ ਸਾਰੇ ਪਰਵਾਰ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਦੋਵਾਂ ਨਾਲ ਕੋਈ ਸੰਬੰਧ ਨਹੀਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਇੰਦਰ ਸਿੰਘ ਪੁੱਤਰ ਸ੍ਰੀ ਸ਼ੇਰ ਸਿੰਘ ਵਾਸੀ ਮਕਾਨ ਨੰਬਰ 13, ਜਨਕ ਨਗਰ, ਬਸਤੀ ਸ਼ੇਖ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਨਵਜੋਤ ਸਿੰਘ ਮੇਰੇ ਕਹਿਣੇਕਾਰ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ, ਮੇਰਾ ਪਰਵਾਰ ਜਾਂ ਮੇਰਾ ਹੋਰ ਕੋਈ ਰਿਸ਼ਤੇਦਾਰ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਗੁਰਮੇਲ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਅੱਛਰਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਦੀਪ ਕੁਮਾਰ ਅਤੇ ਉਸ ਦੀ ਪਤਨੀ ਰੇਖਾ ਮੇਰੇ ਕਹਿਣੇ 'ਚ ਨਾ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੋਹਨ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਰਜ਼ਾਪੁਰ, ਡਾਕ. ਖਾਨੋਵਾਲ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਆਪਣੇ ਲੜਕੇ ਸਾਬੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਬਲਵਿੰਦਰ ਕੌਰ ਪਤਨੀ ਲੇਟ ਸ੍ਰੀ ਸਵਰਨਜੀਤ ਸਿੰਘ ਵਾਸੀ ਮਕਾਨ ਨੰ. 14, ਪੱਤੀ ਮਨਸੂਰ ਦੀ, ਪਿੰਡ ਸੁਲਤਾਨਵਿੰਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨਜੀਤ ਸਿੰਘ ਅਤੇ ਉਸ ਦੀ ਪਤਨੀ ਰਾਜ ਕੌਰ ਮੇਰੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਹਰਦੀਪ ਕੌਰ ਪਤਨੀ ਹਰਭਜਨ ਸਿੰਘ ਵਾਸੀ ਮਕਾਨ ਨੰ. 2569/13, ਗਲੀ ਨੰ. 1, ਤਹਿਸੀਲਪੁਰਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ, ਉਸ ਦੀ ਪਤਨੀ ਗਗਨਦੀਪ ਕੌਰ ਅਤੇ ਇਨ੍ਹਾਂ ਦਾ ਲੜਕਾ ਹਰਮਨਦੀਪ ਸਿੰਘ ਅਤੇ ਲੜਕੀ ਜਸਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਕਮਲੇਸ਼)

## ਨਾਂਅ ਦੀ ਬਦਲੀ

ਮੈਂ, ਕੁਲਵੰਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਗੋਪਾਲਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਨੂੰ ਬਲਵੰਤ ਸਿੰਘ ਅਤੇ ਕੁਲਵੰਤ ਸਿੰਘ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਦੋਵੇਂ ਨਾਂਅ ਮੇਰੇ ਅਤੇ ਇੱਕੋ ਹੀ ਵਿਅਕਤੀ ਦੇ ਹਨ। ਸੰਬੰਧਿਤ ਨੋਟ ਕਰਨ।

## Change of Name

I,Gurwinder Singh S/O Sukhbir Singh R/O Village Darike, PO Bhilowal, Distt. Amritsar, Punjab have changed my name from Gurwinder Singh to Gurwinder as my Given name and Singh as my Surname.Concerned note.

I, Angrez Singh S/o Kashmir Singh R/o Village Janian PO. Bundala Distt Amritsar have changed my name from Angrez Singh to Angrej Singh

I, Kulbeer Kaur W/o Angrej Singh R/o Village Janian PO. Bundala Distt Amritsar have changed my name from Kulbeer Kaur to Kulbir Kaur

I, Pardeep Singh Sehjra S/o Manohar Singh R/o H.No.I-4/1719, New Tej Nagar, Sultanwind Road, Amritsar have changed my name from Pardeep Singh Sehjra to Pardeep Singh

I, Manpreet Kaur W/o Amritpal Singh R/o 16, Near Jaura Phatak, New Golden Avenue, Amritsar, Punjab have changed my name from Manpreet Kaur to Kaur is my surname and Manpreet is my given name.

I, Sukhmeen Kaur D/o Amritpal Singh R/o 16, New Golden Avenue, Amritsar, Punjab have changed my name from Sukhmeen Kaur to Kaur is my surname and Sukhmeen is my given name.

I, Suman Balla W/o Prem Kumar R/o H.No. 21 B-Block, Airport Road, Opp. UK International, Guru Ram Dass Avenue, Amritsar, Punjab-143001 have changed my name from Suman Balla to Suman Bala Uppal.

I, Hardeep Kaur W/o Puran Singh R/o V.P.O. Sikri, Distt. Hoshiarpur, Punjab, India, have changed my daughter's name from Navjot to Navjot Kaur. All concerned please note. (Behl)

I, Balwinder Kaur W/o Surjit Singh Rakhra R/o Near Police Station, Badhni Kalan, Distt. Moga have changed my name from Balwinder Kaur to Balvinder Kaur Rakhra

I, Jasvinder Singh S/o Avtar Singh Gill R/o H.No. 142, Vivek Vihar, PO. Nagra Nandan Pur Road, Jalandhar, Punjab-144013, India have changed my name from Jasvinder Singh to Jasvinder Singh Gill. All concerned please note.

I, Asha Rani W/o Sandeep Kumar R/o 209, Jaimal Nagar, ward no 13, Jalandhar Punjab declare that I have changed my name from Asha Rani Mangu to Asha Rani. Please note. (R)

I, Sadhu Singh S/o Shiv Singh R/o H.No. B-1/420, Anand Nagar, Maqsudan, Jalandhar, Punjab declare that Sadhu Singh and Sandhu Singh is One and the same person.

I, Subag Singh S/o Anokh Singh R/o Patti Dadu Jalla,Sultanwind Pind,Amritsar,Punjab have changed my name from Subag Singh to Subeg Singh.Concerned note.

I, Pooja Suri W/o Vishal Suri R/o H.No. 480, Guru Teg Bahadur Nagar, Near Prithvi Planet, Distt. Jalandhar, after marriage I have changed my name from Pooja Thapar to Pooja Suri. All concerned please note. (10955)

I, Roop Lal S/o Amru Ram Gaddu R/o Patti Dhuniki Phagwara Road, Vill. Jandiala Tehsil Phillaur, Dhaliwal, Jalandhar, have changed my name from Roop Lal to Roop Lal Gaddu. Please note. (10956)

I chatter Singh s/o Thanku Singh R/o 60, Greenwood Avenue, Near KP Stadium, Mithapur, Distt. Jalandhar, have Change my name to Chatter Singh Rawat.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ 27AAACD9887D1ZC

ਕਾਰਪੋਰੇਟ ਪਛਾਣ ਨੰਬਰ L64920MH1994PLC334457

### ਜਨਤਕ ਨੋਟਿਸ

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 26 ਨਵੰਬਰ 2024 ਨੂੰ ਪਠਾਨਕੋਟ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।

ਸ਼ਾਖਾ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ ਸਟੇਟ ਬੈਂਕ ਆਫ਼ ਇੰਡੀਆ ਸਲਾਈ ਰੋਡ, ਪਠਾਨਕੋਟ ਪੰਜਾਬ-145001 ਵਿਖੇ ਸਥਿਤ

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਹੇਠਾਂ ਦਰਸਾਏ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸ਼ਾਖਾ ਦੇ ਨਾਂਅ ਨਾਲ ਸੰਬੰਧਤ ਹਨ।

ਪਠਾਨਕੋਟ ਸ਼ਾਖਾ GL0000000235404, GL0000000234760, GL0000000243050, GL0000000243834, GL0000000231379, GL0000000238040.

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ।

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ ਨੂੰ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ 'ਚ ਤਬਦੀਲੀ ਅਤੇ ਮੁਲਤਵੀ/ਬਿਨਾਂ ਅਗਾਊਂ ਨੋਟਿਸ ਨਿਲਾਮੀ ਰੱਦ ਕਰਨ ਦਾ ਅਧਿਕਾਰ ਹੈ।

ਟਰੂਕੈਪ ਫਾਇਨਾਂਸ ਲਿਮਟਿਡ

## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ 27AAACD9887D1ZC

ਕਾਰਪੋਰੇਟ ਪਛਾਣ ਨੰਬਰ L64920MH1994PLC334457

### ਜਨਤਕ ਨੋਟਿਸ

[illegible]

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ

## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ 27AAACD9887D1ZC

ਕਾਰਪੋਰੇਟ ਪਛਾਣ ਨੰਬਰ L64920MH1994PLC334457

### ਜਨਤਕ ਨੋਟਿਸ

[illegible]

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ

## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ : 27AAACD9887D1ZC

ਕਾਰਪੋਰੇਟ ਪਛਾਣ ਨੰਬਰ : L64920MH1994PLC334457

### ਜਨਤਕ ਨੋਟਿਸ

[illegible]

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ) ਕੰਪਨੀਜ਼ ਐਕਟ ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ, ਰੋਡ, ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚੋਂ ਇੱਕ ਸ਼ਾਖਾ ਰਈਆ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਗੁਰਜੀਤ ਸਿੰਘ ਪੁੱਤਰ ਸ੍ਰੀ ਸਵਿੰਦਰ ਸਿੰਘ ਵਾਸੀ ਪਿੰਡ ਭਲੋਜਲਾ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ [illegible]

[illegible]

ਅਤੇ ਜਵਾਬਦੇਹ ਨੰ: 4 ਨੂੰ ਭੇਜਿਆ ਗਿਆ ਨੋਟਿਸ ਉਨ੍ਹਾਂ ਵੱਲੋਂ ਵੀ ਪ੍ਰਾਪਤ ਕੀਤੇ ਜਾਣ ਤੋਂ ਇਨਕਾਰ ਕੀਤੇ ਜਾਣ ਕਾਰਨ ਵਾਪਸ ਆ ਗਿਆ। ਦੂਸਰੀ ਵਾਰ ਫਿਰ ਜਵਾਬਦੇਹਾਂ ਨੂੰ ਨੋਟਿਸ ਭੇਜੇ ਗਏ ਜੋ ਲਿਫਾਫਿਆਂ ਅਤੇ ਪ੍ਰਾਪਤੀ ਰਸੀਦਾਂ ਦੇ ਨਾਲ ਵਾਪਸ ਆ ਗਏ। ਜਿਸਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੂੰ ਕਾਰਵਾਈਆਂ ਦਾ ਪਤਾ ਹੈ ਅਤੇ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 20.12.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧੀ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 9.11.2024 ਸੁਖਜੀਤ ਸਿੰਘ ਜੌਲੀ

ਜਲੰਧਰ ਸਾਲਸ

## ਪਬਲਿਕ ਨੋਟਿਸ

ਮਰੀਜ਼ਾਂ ਦੇ ਡਾਕਟਰੀ ਰਿਕਾਰਡ ਨਸ਼ਟ ਕਰਨ ਸਬੰਧੀ

### ਅਬਰੋਲ ਮੈਡੀਕਲ ਸੈਂਟਰ

ਬਟਾਲਾ ਰੋਡ, ਗੁਰਦਾਸਪੁਰ

ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਅਬਰੋਲ ਮੈਡੀਕਲ ਸੈਂਟਰ, ਗੁਰਦਾਸਪੁਰ 01/01/2019 31/12/2019 ਦੇ ਸਮੇਂ ਦੇ ਹਸਪਤਾਲ ਨਾਲ ਸਬੰਧਿਤ ਰੋਗੀਆਂ ਦੇ ਇਲਾਜ ਸਬੰਧੀ ਮੈਡੀਕਲ ਰਿਕਾਰਡ ਨੂੰ ਨਸ਼ਟ ਕਰ [illegible] ਹਸਤਾਖ਼ਰ ਸਬੂਤ ਵੀ ਹਣ ਜ਼ਰੂਰੀ ਹਨ।

| ਨਾਮ ਅਤੇ ਹਸਪਤਾਲ ਦਾ ਪਤਾ | ਸੰਪਰਕ ਵਿਅਕਤੀ ਸਬੰਧੀ ਜਾਣਕਾਰੀ |
|---|---|
| ਅਬਰੋਲ ਮੈਡੀਕਲ ਸੈਂਟਰ, ਕੈਲਾਸ਼ ਐਨਕਲੇਵ, ਬਟਾਲਾ ਰੋਡ, ਗੁਰਦਾਸਪੁਰ ਪੰਜਾਬ-143521 | ਵੈੱਲਫੇਅਰ ਡਾਇਰੈਕਟਰ ਕਰਨਲ ਦਿਲਬਾਗ ਸਿੰਘ ਮੋਬਾਈਲ ਨੰਬਰ 98780-15725 |
| ਅਧਿਕਾਰਤ ਹਸਤਾਖ਼ਰ ਕਰਤਾ ਰੈਫਰੈਂਸ ਨੰਬਰ-AMC/MRD/QC/HR/02 | Dated-10-11-2024 |

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

[illegible]

## CREDIFIN LIMITED

(formerly known as PHF Leasing Ltd.)

Registered Office : 87, Radio Colony, Mahavir Marg, BMC Chowk, Jalandhar - 144001, Punjab

CIN No.L65110PB1992PLC012488 Ph.No.+91 91151-00401, Website : www.credif.in Email id : phf_leasingltd@yahoo.co.in

ਮਿਤੀ 30 ਸਤੰਬਰ 2024 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅਰਧ ਸਾਲ ਲਈ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਲੱਖਾਂ 'ਚ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ 30/09/2024 ਅਣ-ਪੜਤਾਲੇ | ਤਿਮਾਹੀ ਖਤਮ 30/06/2024 ਅਣ-ਪੜਤਾਲੇ | ਤਿਮਾਹੀ ਖਤਮ 30/09/2023 ਅਣ-ਪੜਤਾਲੇ | ਅਰਧ ਸਾਲ ਖਤਮ 30/09/2024 ਅਣ-ਪੜਤਾਲੇ | ਅਰਧ ਸਾਲ ਖਤਮ 30/09/2023 ਅਣ-ਪੜਤਾਲੇ | ਸਾਲ ਖਤਮ 31/03/2024 ਪੜਤਾਲੇ |
|---|---|---|---|---|---|---|---|
| 1 | ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਸਧਾਰਨ ਅਤੇ/ਜਾਂ ਗੈਰ-ਸਧਾਰਨ ਆਈਟਮਾਂ ਤੋਂ ਬਾਅਦ) # | 258.91 | 88.17 | 78.61 | 347.08 | 134.32 | 343.87 |
| 2 | ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ) (ਸਧਾਰਨ ਅਤੇ/ਜਾਂ ਗੈਰ-ਸਧਾਰਨ ਆਈਟਮਾਂ ਤੋਂ ਬਾਅਦ) # | 258.91 | 88.17 | 78.61 | 347.08 | 134.32 | 343.87 |
| 3 | ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/(ਹਾਨੀ)ਸਧਾਰਨ ਅਤੇ/ਜਾਂ ਗੈਰ-ਸਧਾਰਨ ਆਈਟਮਾਂ ਤੋਂ ਬਾਅਦ) | 195.67 | 91.91 | 88.93 | 287.58 | 154.92 | 388.82 |
| 4 | ਮਿਆਦ ਲਈ ਕੁੱਲ ਸੰਖੇਪ ਆਮਦਨ [ ਮਿਆਦ ਵਾਸਤੇ (ਟੈਕਸ ਤੋਂ ਬਾਅਦ) ਲਈ/ ਲਾਭ (ਹਾਨੀ) ਸ਼ਾਮਲ ਅਤੇ ਹੋਰ ਸੰਖੇਪ ਆਮਦਨ (ਟੈਕਸ ਤੋਂ ਬਾਅਦ) ] | 186.87 | 92.75 | 80.39 | 279.62 | 155.37 | 380.01 |
| 5 | ਇਕੁਇਟੀ ਸ਼ੇਅਰ ਕੈਪੀਟਲ | 1,238.68 | 1,238.68 | 1,238.68 | 1,238.68 | 1,238.68 | 1,238.68 |
| 6 | ਰਾਖਵੇਂ (ਮੁੜ ਮੁਲਾਂਕਣ ਰਾਖਵਾਂ ਛੱਡ ਕੇ) ਪਿਛਲੇ ਸਾਲ ਦੀ ਪੜਤਾਲੀ ਬਕਾਇਆ ਸੀਟ 'ਚ ਦਰਸਾਏ ਅਨੁਸਾਰ | 3,806.12 | 3,603.51 | 1,640.42 | 3,806.12 | 1,640.42 | 3,526.50 |
| 7 | ਰੁਪਏ 10/- ਹਰੇਕ ਪ੍ਰਤੀ ਸ਼ੇਅਰ ਆਮਦਨੀਆਂ (ਚਾਲੂ ਅਤੇ ਨਾ ਚਾਲੂ ਸੰਚਾਲਨਾਂ ਲਈ | | | | | | |
| | ਬੇਸਿਕ (ਈ) (ਰੁਪਏ) | 1.58 | 0.74 | 0.72 | 2.33 | 1.25 | 3.14 |
| | ਡਲਿਊਟਿਡ (ਰੁਪਏ) | 1.03 | 0.48 | 0.72 | 1.51 | 1.25 | 3.13 |

ਟਿੱਪਣੀਆਂ :-

1. ਮਿਤੀ 30 ਸਤੰਬਰ 2024 ਨੂੰ ਖਤਮ ਹੋਈ ਤਿਮਾਹੀ ਪਿੱਛੋਂ ਕੰਪਨੀ ਨੇ ਮਿਤੀ 21 ਅਕਤੂਬਰ 2024 ਨੂੰ ਇਸ ਦਾ ਨਾਂਅ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ਤੋਂ ਬਦਲ ਕੇ ਕ੍ਰੈਡੀਫਿਨ ਲਿਮਟਿਡ ਰੱਖ ਦਿੱਤਾ ਹੈ।
2. ਕ੍ਰੈਡੀਫਿਨ ਲਿਮਟਿਡ (ਆਮ ਤੌਰ 'ਤੇ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ਵਜੋਂ ਜਾਣੀ ਜਾਂਦੀ) ("ਦਿ ਕੰਪਨੀ") ਦੇ ਉਪਰੋਕਤ ਦਾ ਰੀਵਿਊ ਆਡਿਟ ਕਮੇਟੀ ਵੱਲੋਂ ਕੀਤਾ ਜਾ ਚੁੱਕਾ ਹੈ ਅਤੇ ਮਿਤੀ 09 ਨਵੰਬਰ 2024 ਨੂੰ ਡਾਇਰੈਕਟਰਾਂ ਦੇ ਬੋਰਡ ਦੀ ਹੋਈ ਮੀਟਿੰਗ 'ਚ ਪ੍ਰਵਾਨਗੀ ਦੇ ਦਿੱਤੀ ਗਈ ਹੈ।
3. ਕੰਪਨੀ ਇੱਕ ਡਿਪਾਜ਼ਿਟ ਟੇਕਿੰਗ ਐੱਨ ਬੀ ਐੱਫ ਸੀ ਤੋਂ ਇੱਕ ਨਾਨ-ਡਿਪਾਜ਼ਿਟ-ਟੇਕਿੰਗ ਐੱਨ ਬੀ ਐੱਫ ਸੀ 'ਚ ਬਦਲ ਗਈ ਸੀ ਅਤੇ ਮਿਤੀ 28 ਅਗਸਤ 2024 ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਰਜਿਸਟਰੇਸ਼ਨ ਦਾ ਨਵਾਂ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਸੀ। ਕੰਪਨੀ ਨੂੰ ਉਸ ਮਿਤੀ ਤੋਂ ਮਾਸਟਰ ਡਾਇਰੈਕਸ਼ਨ-ਰਿਜ਼ਰਵ ਬੈਂਕ ਆਫ ਇੰਡੀਆ (ਨਾਨ-ਬੈਂਕਿੰਗ ਵਿੱਤੀ ਕੰਪਨੀ-ਸਕੇਲ ਬੇਸਡ ਰੈਗੂਲੇਸ਼ਨ) ਡਾਇਰੈਕਸ਼ਨਸ 2023 ਅਨੁਸਾਰ ਬੇਸ ਲੇਅਰ ਐੱਨ ਬੀ ਐੱਫ ਸੀ ਵਜੋਂ ਵਰਗੀਗ੍ਰਿਤ ਕੀਤਾ ਗਿਆ ਹੈ।
4. ਵਿੱਤੀ ਨਤੀਜੇ ਕੰਪਨੀ ਦੀ ਵੈੱਬਸਾਈਟ http://www.credif.in ਅਤੇ ਐੱਮ ਐੱਸ ਈ ਆਈ ਦੀ ਵੈੱਬਸਾਈਟ http://www.msei.in ਉਪਰ ਉਪਲੱਬਧ ਹਨ।
5. ਪਿਛਲੀ ਤਿਮਾਹੀ/ਸਾਲ ਦੇ ਅੰਕੜੇ, ਚਾਲੂ ਮਿਆਦ/ਸਾਲ ਲਈ ਤੁਲਨਾ ਹਿੱਤ, ਜਿੱਥੇ ਜ਼ਰੂਰਤ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਬਾ-ਹੁਕਮ ਡਾਇਰੈਕਟਰਾਂ ਦੇ ਬੋਰਡ
ਵਾਸਤੇ ਕ੍ਰੈਡੀਫਿਨ ਲਿਮਟਿਡ
(ਪਹਿਲਾਂ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ਵਜੋਂ ਜਾਣੀ ਜਾਂਦੀ)
ਸਹੀ/-
ਵਿਜੇ ਕੁਮਾਰ ਸਰੀਨ
ਪੂਰੇ ਸਮੇਂ ਲਈ ਡਾਇਰੈਕਟਰ, ਡੀ ਆਈ ਐੱਨ : 07978240

ਸਥਾਨ : ਜਲੰਧਰ
ਮਿਤੀ : 09 ਨਵੰਬਰ 2024

## ਸ਼੍ਰੇਯਾਂਸ ਫਾਈਨੈਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

30 ਸਤੰਬਰ 2024 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ (ਈਪੀਐਸ ਡਾਟਾ ਨੂੰ ਛੱਡ ਕੇ ਰਕਮ ਸੈਕੜੇ ਵਿੱਚ)

| ਵੇਰਵਾ | ਤਿਮਾਹੀ ਖਤਮ 30.09.2024 (ਅਣ-ਪੜਤਾਲੇ) | ਤਿਮਾਹੀ ਖਤਮ 30.09.2023 (ਅਣਪੜਤਾਲੇ) | ਅੱਧਾ ਸਾਲ ਖਤਮ 30.09.2024 (ਅਣਪੜਤਾਲੇ) |
|---|---|---|---|
| ਕੁੱਲ ਆਮਦਨ | 16,355.53 | 16,235.44 | 16,413.74 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | 14,646.71 | 14,680.88 | 13,132.15 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 14,646.71 | 14,680.88 | 13,132.15 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 11,341.61 | 12,407.01 | 9,827.05 |
| ਕੁੱਲ ਕੰਪ੍ਰੀਹੈਂਸਿਵ ਆਮਦਨ | (8,142.06) | 13,302.03 | 1,23,831.51 |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | - |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | 1.13 | 1.24 | 0.98 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੁੱਲ ਫਾਰਮੈਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ਼ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬੱਧ ਹੈ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 09.11.2024
ਸਥਾਂਨ : ਲੁਧਿਆਣਾ

ਰਜ਼ਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਗੁਰਦੀਪ ਸਿੰਘ ਸੰਧੂ, ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਨਕੋਦਰ।

ਪਿੰਡ : ਵੱਡਾ ਲਹਿਣਾ

[illegible] ਗੁਰਬਖਸ਼ ਸਿੰਘ ਵਾਸੀ ਪਿੰਡ ਵੱਡਾ ਲਹਿਣਾ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।

[illegible]

## ਅਦਾਲਤੀ ਇਸ਼ਤਿਹਾਰ

[illegible]

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

[illegible]

ਕਾਨੂੰਨੀ ਵਾਰਸ ਪਹਿਲੀ ਵਾਰ ਉਪਲੱਬਧ ਨਹੀਂ ਸਨ। ਦੂਸਰੀ ਵਾਰ ਫਿਰ ਜਵਾਬਦੇਹਾਂ ਨੂੰ ਨੋਟਿਸ ਭੇਜੇ ਗਏ ਜੋ ਡਾਕ ਵਿਭਾਗ ਦੇ ਅਧਿਕਾਰੀਆਂ ਦੀ ਇਸ ਟਿੱਪਣੀ ਨਾਲ ਵਾਪਸ ਆ ਗਏ ਕਿ ਲੈਣ ਤੋਂ ਇਨਕਾਰ ਕੀਤਾ ਗਿਆ। ਜਿਸਤੋਂ ਸਪੱਸ਼ਟ ਹੈ ਕਿ ਜਵਾਬਦੇਹਾਂ ਨੂੰ ਕਾਰਵਾਈਆਂ ਦਾ ਪਤਾ ਹੈ ਅਤੇ ਜਾਣਬੁੱਝ ਕੇ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 17.12.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧੀ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 7.11.2024 ਸੁਖਜੀਤ ਸਿੰਘ ਜੌਲੀ

ਜਲੰਧਰ ਸਾਲਸ

## ਨਿਲਾਮੀ ਨੋਟਿਸ

ਸਰਕਾਰੀ ਐਲੀਮੈਂਟਰੀ ਸਕੂਲ ਤੁੰਗਬਾਲਾ, ਬਲਾਕ ਅੰਮ੍ਰਿਤਸਰ ਵਿਖੇ 4 ਕਮਰਿਆਂ ਦੇ ਅਨਸੇਫ ਬਲਾਕ ਨੂੰ ਢਾਉਣ ਲਈ ਅਤੇ 15 ਦਿਨਾਂ ਦੇ ਅੰਦਰ ਸਾਈਟ ਕਲੀਅਰ ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਬਲਾਕ ਦਾ ਕੁੱਲ ਰਕਬਾ (1988 ਵਰਗ ਫੁੱਟ) ਜਿਸ ਵਿੱਚ ਕੁੱਲ 4 ਕਮਰੇ, ਦਰਵਾਜ਼ੇ, ਬਾਰੀਆਂ ਹਨ। ਇਸ ਬਲਾਕ ਦੀ ਬਾਹਰਲੀ ਦੀਵਾਰ ਅਤੇ ਬਾਥਰੂਮ ਦੀ ਕੰਧ ਨਹੀਂ ਢਾਹੀ ਜਾਵੇਗੀ। ਨਿਲਾਮੀ ਮਿਤੀ 16-11-2024 ਨੂੰ ਸਵੇਰੇ 10:00 ਵਜੇ ਸਕੂਲ ਦਫਤਰ ਵਿਖੇ ਹੋਵੇਗੀ।

### ਨਿਲਾਮੀ ਦੀਆਂ ਸ਼ਰਤਾਂ :

1. ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 20,000/- ਰੁਪਏ ਦਾ ਡਰਾਫਟ/ਕੈਸ਼ ( Security ਦੇ ਰੂਪ ) ਵਿੱਚ ਨਿਲਾਮੀ ਦੇ 2 ਘੰਟੇ ਪਹਿਲਾਂ ਸਕੂਲ ਦਫਤਰ ਵਿਖੇ ਜਮਾਂ ਕਰਵਾਉਣਗੇ। ਡਰਾਫਟ/ਕੈਸ਼ ਜਮਾਂ ਕਰਵਾਉਣ ਦਾ ਸਮਾਂ ਮਿਤੀ 16-11-2024 ਨੂੰ ਸਵੇਰੇ 8:00 ਵਜੇ ਤੋਂ 9:00 ਵਜੇ ਦਾ ਸਮਾਂ ਹੋਵੇਗਾ।
2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਹੀ ਠੇਕਾ ਦਿੱਤਾ ਜਾਵੇਗਾ।
3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ 4 ਕਮਰਿਆਂ ਦੇ ਬਲਾਕ ਨੂੰ ਨਿੱਜੀ ਰੂਪ ਵਿੱਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਬੋਲੀ ਦਿੱਤੀ ਜਾਵੇ।
4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ, ਉਹ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸਕੂਲ ਦਫਤਰ ਵਿਖੇ ਮਿਤੀ 16-11-2024 ਨੂੰ ਦੁਪਹਿਰ 3:00 ਵਜੇ ਤੱਕ ਜਮਾਂ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮਾਂ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਕਮਰਿਆਂ ਦੇ ਬਲਾਕ ਨੂੰ ਢਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।
5. ਜਿਸ ਨੂੰ ਵੀ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਡਰਾਫਟ/ਕੈਸ਼ ਵਾਪਸ ਕਰ ਦਿੱਤਾ ਜਾਵੇਗਾ।
6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ, ਅਨਸੇਫ ਬਲਾਕ ਢਾਹੁਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਤਾਂ ਉਸਦੀ ਨਿਰੋਲ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਭਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ :

ਸ੍ਰੀ ਕਵਲਜੀਤ ਸਿੰਘ ਜਿ: ਸਿੱ: ਅਫ਼ਸਰ (ਐਲੀ: ਸਿੱ:) ਅਤੇ ਸ੍ਰੀ ਅਵਤਾਰ ਸਿੰਘ (H.T)

ਸ: ਐਲੀ: ਸਕੂਲ ਤੁੰਗਬਾਲਾ, ਮਜੀਠਾ ਰੋਡ, ਅੰਮ੍ਰਿਤਸਰ, ਫੋਨ ਨੰ: 84273-44633

## ਸਮਾਜ ਸੇਵਾ ਸੋਸਾਇਟੀ ਨੇ ਡਾਕਟਰ ਰਜਿੰਦਰ ਗੁਪਤਾ ਦਾ ਮਨਾਇਆ ਜਨਮ ਦਿਨ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਮਾਜ ਸੇਵਾ ਸੋਸਾਇਟੀ ਵੱਲੋਂ ਜਿੱਥੇ ਗੁਰੂ ਹਰਸਹਾਏ ਹਲਕੇ ਦੇ ਲੋਕਾਂ ਲਈ ਸਮੇਂ ਸਮੇਂ 'ਤੇ ਹਰ ਤਰ੍ਹਾਂ ਦੀ ਮਦਦ ਕੀਤੀ ਜਾਂਦੀ ਹੈ, ਉੱਥੇ ਹੀ ਸਮਾਜ ਸੇਵਾ ਸੋਸਾਇਟੀ ਵੱਲੋਂ ਅੱਜ ਆਪਣੇ ਸੋਸਾਇਟੀ ਦੇ ਮੈਂਬਰ ਡਾਕਟਰ ਰਜਿੰਦਰ ਗੁਪਤਾ ਦਾ ਜਨਮ ਦਿਨ ਉਨ੍ਹਾਂ ਦੇ ਘਰ ਵਿਖੇ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਪ੍ਰਧਾਨ ਮਦਨ ਮੋਹਨ ਕੰਧਾਰੀ, ਸੈਕਟਰੀ ਬੂੜ ਚੰਦ ਬਿਰਦਾ, ਕੈਸ਼ੀਅਰ ਆਦਰਸ਼ ਪਾਲ ਧਵਨ, ਸੰਦੀਪ ਮਦਾਨ, ਮਨੋਜ ਛਾਬੜਾ, ਦੀਪਕ ਬਜਾਜ, ਅਸ਼ੋਕ ਮੋਗਾ, ਅਨਿਲ ਕੁੱਕੜ, ਡਾਕਟਰ ਸ਼ਾਮ ਸੁੰਦਰ, ਡਾਕਟਰ ਸ਼੍ਰਮਨ ਬਾਂਸਲ ਵੱਲੋਂ 77 ਸਾਲਾ ਡਾਕਟਰ ਰਜਿੰਦਰ ਗੁਪਤਾ ਦਾ ਕੇਕ ਕੱਟ ਕੇ ਜਨਮ ਦਿਨ ਮਨਾਇਆ ਗਿਆ ਤੇ ਡਾਕਟਰ ਰਜਿੰਦਰ ਗੁਪਤਾ ਅਤੇ ਉਨ੍ਹਾਂ ਦੇ ਪੂਰੇ ਪਰਵਾਰ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਸੋਸਾਇਟੀ ਮੈਂਬਰਾਂ ਨੇ ਦੱਸਿਆ ਕਿ ਡਾਕਟਰ ਰਜਿੰਦਰ ਗੁਪਤਾ ਪਿਛਲੇ ਲੰਬੇ ਸਮੇਂ ਤੋਂ ਗੁਰੂ ਹਰਸਹਾਏ ਹਲਕੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਡਾਕਟਰ ਰਜਿੰਦਰ ਗੁਪਤਾ ਵੱਲੋਂ ਗੁਰੂ ਹਰਸਹਾਏ ਸ਼ਹਿਰ ਵਿੱਚ ਇੱਕ ਸਰਵ ਹਿਤਕਾਰੀ ਸਕੂਲ ਆਪਣੇ ਬੱਚਿਆਂ ਦੇ ਨਾਮ 'ਤੇ ਬਣਾਇਆ ਗਿਆ ਹੈ, ਜਿਸ ਵਿੱਚ ਬੱਚਿਆਂ ਨੂੰ ਬਹੁਤ ਹੀ ਘੱਟ ਖਰਚੇ ਵਿੱਚ ਚੰਗੀ ਸਿੱਖਿਆ ਦਿੱਤੀ ਜਾ ਰਹੀ ਹੈ।

## ਸੰਤ ਬਾਬਾ ਰਤਨ ਸਿੰਘ ਦੀ ਬਰਸੀ ਸੰਬੰਧੀ ਤਿਆਰੀਆਂ ਜ਼ੋਰਾਂ 'ਤੇ

**ਜਗਰਾਉਂ (ਸੰਜੀਵ ਅਰੋੜਾ)**-ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੰਤ ਬਾਬਾ ਰਤਨ ਸਿੰਘ ਅਤਰਸਰ ਸਾਹਿਬ (ਰਾੜਾ ਸਾਹਿਬ) ਵਾਲਿਆਂ ਦੀ ਤੀਸਰੀ ਬਰਸੀ ਗੁਰਦੁਆਰਾ ਗੋਪਾਲਸਰ ਸਾਹਿਬ (ਯਾਦਗਾਰ ਸ਼੍ਰੋਮਣੀ ਭਗਤ ਧੰਨਾ ਜੀ) ਪਿੰਡ ਗਗੜਾ ਵਿਖੇ 22, 23 ਤੇ 24 ਨਵੰਬਰ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਕਮਲਜੀਤ ਸਿੰਘ ਤੇ ਬਾਬਾ ਅਮਰਜੀਤ ਸਿੰਘ ਨੇ ਦੱਸਿਆ ਕਿ ਸੰਤ ਬਾਬਾ ਰਤਨ ਸਿੰਘ ਅਤਰਸਰ ਸਾਹਿਬ (ਰਾੜਾ ਸਾਹਿਬ) ਵਾਲਿਆਂ ਦੀ ਤੀਸਰੀ ਬਰਸੀ ਧੂਮਧਾਮ ਨਾਲ ਮਨਾਈ ਜਾਵੇਗੀ, ਜਿਸ ਵਿੱਚ ਵੱਖ-ਵੱਖ ਸੰਪ੍ਰਦਾਵਾਂ ਦੇ ਸੰਤ ਮਹਾਂਪੁਰਸ਼ ਹਾਜ਼ਰੀ ਭਰਨਗੇ। ਬਾਬਾ ਜੀ ਵੱਲੋਂ ਸਰਬੱਤ ਸੰਗਤ ਨੂੰ ਸਵੇਰੇ 9 ਵਜੇ ਤੋਂ 12 ਵਜੇ ਤੱਕ ਪਹੁੰਚਣ ਦੀ ਕ੍ਰਿਪਾਲਤਾ ਕੀਤੀ ਗਈ।

## ਬਾਹਰੋਂ ਆ ਰਹੇ ਝੋਨੇ ਨੂੰ ਰੋਕਣ ਲਈ ਜਨਤਕ ਜਥੇਬੰਦੀਆਂ ਵੱਲੋਂ ਸ਼ੈਲਰ ਅੱਗੇ ਧਰਨਾ



**ਬਰੇਟਾ (ਰੀਤਵਾਲ)**-ਇਲਾਕੇ ਦੀਆਂ ਜਨਤਕ ਜਥੇਬੰਦੀਆਂ ਵੱਲੋਂ ਸ਼ੈਲਰਾਂ ਵਿੱਚ ਦੇਸ਼ ਦੀਆਂ ਦੂਜੀਆਂ ਮੰਡੀਆਂ ਵਿੱਚੋਂ ਆ ਰਹੇ ਝੋਨੇ ਨੂੰ ਰੋਕਣ ਲਈ ਸ਼ੈਲਰ ਦਾ ਘਿਰਾਓ ਕਰ ਕੇ ਧਰਨਾ ਲਾਇਆ ਗਿਆ।ਇਸ ਧਰਨੇ ਵਿੱਚ ਮੇਜਰ ਸਿੰਘ ਗੋਬਿੰਦਪੁਰਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਹਾਦਰਪੁਰ ਇਕਾਈ ਦੇ ਪ੍ਰਧਾਨ ਲਾਭ ਸਿੰਘ ਹਜੂਰਾ, ਗੁਰਮੀਤ ਸਿੰਘ, ਚਰਨਜੀਤ ਸਿੰਘ ਖਾਲਸਾ, ਬਿੱਕਰ ਸਿੰਘ ਬਹਾਦਰਪੁਰ, ਲਾਭ ਸਿੰਘ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਦਸੌਂਧਾ ਸਿੰਘ ਬਹਾਦਰਪੁਰ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਕੁਲਦੀਪ ਸਿੰਘ, ਬਲੌਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ), ਮਾਸਟਰ ਮੇਲਾ ਸਿੰਘ ਦਿਆਲਪੁਰਾ, ਛੋਟਾ ਸਿੰਘ ਬਹਾਦਰਪੁਰ, ਜੱਸੀ ਸਿੰਘ ਬਹਾਦਰਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਸ਼ਾਮਲ ਹਨ।ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰੇਟਾ ਦੀਆਂ ਦਾਣਾ ਮੰਡੀਆਂ ਤੇ ਪੇਂਡੂ ਦਾਣਾ ਮੰਡੀਆਂ ਵਿੱਚ ਝੋਨੇ ਦੀ ਆਮਦ ਬਹੁਤ ਜ਼ਿਆਦਾ ਹੈ।ਇਸ ਦਾ ਪੰਜਾਬ ਸਰਕਾਰ ਤੇ ਫੂਡ ਸਪਲਾਈ ਵਿਭਾਗ ਪੰਜਾਬ ਦੇ ਅਧਿਕਾਰੀ ਸਮੇਂ ਸਿਰ ਕੋਈ ਪ੍ਰਬੰਧ ਨਹੀਂ ਕਰ ਸਕੇ, ਜਿਸ ਦੇ ਸਦਕਾ ਦਿਵਾਲੀ ਦੇ ਤਿਉਹਾਰ 'ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਰਾਤ ਕੱਟਣ ਲਈ ਮਜਬੂਰ ਹੋਣਾ ਪਿਆ ਅਤੇ ਖੱਜਲ ਖੁਆਰ ਹੋ ਰਹੇ ਹਨ। ਦੂਜੇ ਪਾਸੇ ਸ਼ੈਲਰ ਮਾਲਕ ਤੇ ਫੂਡ ਸਪਲਾਈ ਵਿਭਾਗ ਪੰਜਾਬ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਆਪਣੀ ਮਿਲੀਭੁਗਤ ਨਾਲ ਦੇਸ਼ ਦੀਆਂ ਦੂਜੀਆਂ ਮੰਡੀਆਂ ਵਿੱਚੋਂ ਝੋਨਾ ਲਿਆ ਰਹੇ ਹਨ, ਜਿਸ ਦਾ ਮਿਊਂਸ 18 ਦੀ ਬਜਾਏ 26 ਹੈ।ਇਸ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਮਾਨਸਾ ਵੱਲੋਂ ਜ਼ਿਲ੍ਹਾ ਫੂਡ ਸਪਲਾਈ ਵਿਭਾਗ ਪੰਜਾਬ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਬਾਹਰਲੇ ਜ਼ਿਲ੍ਹਿਆਂ ਵਿੱਚੋਂ ਆ ਰਹੇ ਝੋਨੇ ਨੂੰ ਰੋਕਣ ਦੀ ਹਦਾਇਤ ਕਰ ਚੁੱਕੇ ਹਨ, ਪ੍ਰੰਤੂ ਕੋਈ ਅਸਰ ਨਹੀਂ ਹੋਇਆ। ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਇਸ ਸੰਬੰਧੀ ਮਾਰਕੀਟ ਮੰਡੀ ਬੋਰਡ ਦੇ ਧਿਆਨ ਵਿੱਚ ਲਿਆਉਣਗੇ। ਉਪਰੋਕਤ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਕਿ ਜੇਕਰ ਜਨਤਕ ਜਥੇਬੰਦੀਆਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਰੈਲੀਆਂ ਮੁਜ਼ਾਹਰੇ ਕਰਦੇ ਹਨ ਤਾਂ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਹਰਕਤ ਵਿੱਚ ਆ ਜਾਂਦਾ ਹੈ ਅਤੇ ਹੁਣ ਜ਼ਿਲ੍ਹਾ ਪ੍ਰਸ਼ਾਸਨ ਕਿਉਂ ਚੁੱਪ ਹੈ? ਉਪਰੋਕਤ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਬਾਹਰੋਂ ਆਏ ਝੋਨੇ ਨੂੰ ਨਾ ਰੋਕਿਆ ਤਾਂ ਜਨਤਕ ਜਥੇਬੰਦੀਆਂ ਵੱਲੋਂ ਇਹ ਸੰਘਰਸ਼ ਪੂਰੇ ਪੰਜਾਬ ਵਿੱਚ ਸ਼ੁਰੂ ਕੀਤਾ ਜਾਵੇ।

## ਨਗਰ ਕੌਂਸਲ ਅਫ਼ਸਰਾਂ ਵੱਲੋਂ ਪ੍ਰਵਾਸੀਆਂ ਨੂੰ ਜੱਫੇ, ਪੰਜਾਬੀਆਂ ਨੂੰ ਧੱਫੇ!

### ਸਥਾਨਕ ਦੁਕਾਨਦਾਰਾਂ ਨੂੰ ਜੁਰਮਾਨਾ ਤੇ ਪ੍ਰਵਾਸੀਆਂ ਨੂੰ ਸੜਕ 'ਤੇ ਕਬਜ਼ਾ ਕਰਨ ਦੀ ਖੁੱਲ੍ਹ



**ਦੋਰਾਹਾ (ਹਰਮਿੰਦਰ ਸੇਠ)**-ਨਗਰ ਕੌਂਸਲ ਦੋਰਾਹਾ ਦੇ ਅਧਿਕਾਰੀਆਂ ਦੀ ਸ਼ਹਿਰ ਦੇ ਸਥਾਨਕ ਦੁਕਾਨਦਾਰਾਂ ਨਾਲ ਭੇਦਭਾਵ ਵਾਲੀ ਰਣਨੀਤੀ ਸਮਝ ਤੋਂ ਪਰੇ ਹੈ, ਕਿਉਂਕਿ ਜੇਕਰ ਸ਼ਹਿਰ ਦੇ ਦੁਕਾਨਦਾਰ ਆਪਣਾ ਸਾਮਾਨ ਬਾਹਰ ਰੱਖ ਲੈਣ ਤਾਂ ਨਗਰ ਕੌਂਸਲ ਦੇ ਅਧਿਕਾਰੀ ਆ ਕੇ ਜੁਰਮਾਨੇ ਵੀ ਕਰਦੇ ਹਨ ਤੇ ਸਾਮਾਨ ਵੀ ਚੁੱਕ ਕੇ ਲੈ ਜਾਂਦੇ ਹਨ, ਜਦਕਿ ਦੁਕਾਨਦਾਰ, ਨਗਰ ਕੌਂਸਲ ਨੂੰ ਹਰ ਤਰ੍ਹਾਂ ਦਾ ਟੈਕਸ ਵੀ ਭਰਦੇ ਹਨ ਅਤੇ ਉਨ੍ਹਾਂ ਦੀਆਂ ਵੋਟਾਂ ਨਾਲ ਕੌਂਸਲਰ ਜਿੱਤ ਕੇ ਤਨਖਾਹਾਂ ਲੈਂਦੇ ਹਨ, ਪਰ ਕੌਂਸਲਰ ਦੁਕਾਨਦਾਰਾਂ ਦੀ ਕਦੇ ਬਾਂਹ ਨਹੀਂ ਫੜਦੇ।ਪਰ ਦੂਜੇ ਪਾਸੇ ਪ੍ਰਵਾਸੀ ਲੋਕ ਸ਼ਰੇਆਮ ਸ਼ਹਿਰ ਦੀ ਮੇਨ ਰੇਲਵੇ ਰੋਡ ਉਪਰ ਨਜਾਇਜ਼ ਕਬਜ਼ੇ ਕਰ ਰੇਹੜੀਆਂ ਖੜ੍ਹੀਆਂ ਕਰਕੇ ਫਲ ਫਰੂਟ ਤੇ ਸਬਜ਼ੀਆਂ ਵੇਚਦੇ ਹਨ, ਜਿਨ੍ਹਾਂ ਨੂੰ ਕੌਂਸਲ ਵੱਲੋਂ ਕੋਈ ਰੋਕ ਟੋਕ ਨਹੀਂ ਹੈ, ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਨਗਰ ਕੌਂਸਲ ਦੇ ਉੱਚ ਅਧਿਕਾਰੀਆਂ ਵੱਲੋਂ ਪ੍ਰਵਾਸੀਆਂ ਨੂੰ ਜੱਫੇ, ਪੰਜਾਬੀਆਂ ਨੂੰ ਧੱਫੇ ਮਾਰ ਕੇ ਵਿਲੱਖਣ ਫਾਰਮੂਲਾ ਦਿੱਤਾ ਜਾ ਰਿਹਾ ਹੈ।ਸ਼ੱਕ ਤਾਂ ਇਹ ਵੀ ਕੀਤਾ ਜਾ ਰਿਹਾ ਹੈ ਕਿ ਨਗਰ ਕੌਂਸਲ ਦੋਰਾਹਾ ਦੇ ਅਫ਼ਸਰਾਂ ਦੀ ਮਿਲੀਭੁਗਤ ਨਾਲ ਹੀ ਕੁਝ ਕੁ ਅਧਿਕਾਰੀਆਂ ਦੀ ਚੁੰਝ ਵੀ ਹਰੀ ਹੁੰਦੀ ਹੋਵੇਗੀ, ਕਿਉਂਕਿ ਇੱਕ ਪਾਸੇ ਸਥਾਨਕ ਦੁਕਾਨਦਾਰਾਂ ਨੂੰ ਸਾਮਾਨ ਬਾਹਰ ਰੱਖਣ 'ਤੇ ਜੁਰਮਾਨਾ ਕੀਤਾ ਜਾਂਦਾ ਹੈ ਤੇ ਪ੍ਰਵਾਸੀਆਂ ਨੂੰ ਸੜਕ 'ਤੇ ਕਬਜ਼ਾ ਕਰਨ ਦੀ ਖੁੱਲ੍ਹ ਦੇ ਰੱਖੀ ਹੈ, ਪੰਜਾਬ ਹਿਤੈਸ਼ੀ ਲੋਕ ਇਹ ਵੀ ਕਿਆਫੇ ਲਾ ਰਹੇ ਹਨ ਕਿ ਪੰਜਾਬ ਦਾ ਸੱਭਿਆਚਾਰ ਖਰਾਬ ਕਰਨ ਤੇ ਪੰਜਾਬੀਆਂ ਨੂੰ ਬੇਰੁਜ਼ਗਾਰ ਕਰਨ ਲਈ ਸਾਰਾ ਤਾਣਾ ਬਾਣਾ ਬੁਣਿਆ ਜਾ ਰਿਹਾ ਹੈ।ਪ੍ਰਵਾਸੀਆਂ ਨੂੰ ਪ੍ਰਫੁੱਲਤ ਕਰਨ ਤੇ ਪੰਜਾਬੀਆਂ ਨੂੰ ਕਾਰੋਬਾਰ ਤੋਂ ਦੂਰ ਕਰਨ ਦੀ ਸਾਜ਼ਿਸ਼ ਵੀ ਕਹੀ ਜਾ ਸਕਦੀ ਹੈ।ਤੀਜਾ ਪੱਖ ਇਹ ਵੀ ਹੈ ਕਿ ਜਦੋਂ ਕੋਈ ਗਾਹਕ ਆਪਣੀ ਗੱਡੀ ਦੁਕਾਨ ਦੇ ਬਾਹਰ ਖੜੀ ਕਰਦਾ ਹੈ ਤਾਂ ਦੁਕਾਨਦਾਰ ਹਾਲ ਦੁਹਾਈ ਮਚਾ ਦਿੰਦੇ ਹਨ, ਪਰ ਰੇਹੜੀ ਫੜ੍ਹੀ ਵਾਲੇ ਪ੍ਰਵਾਸੀ ਲੋਕਾਂ ਨਾਲ ਘਿਓ ਖਿੱਚੜੀ ਹੋ ਕੇ ਇਨ੍ਹਾਂ ਤੋਂ ਦੁਕਾਨ ਅੱਗੇ ਖੜਨ ਦੀ ਬਖਸ਼ੀਸ਼ ਪ੍ਰਾਪਤ ਕਰਦੇ ਹਨ।ਨਗਰ ਕੌਂਸਲ ਨੂੰ ਚਾਹੀਦਾ ਹੈ ਕਿ ਸੜਕ 'ਤੇ ਨਜਾਇਜ਼ ਕਬਜ਼ਾ ਕਰਕੇ ਖੜੇ ਰੇਹੜੀ ਵਾਲਿਆਂ ਨੂੰ ਕਾਨੂੰਨ ਅਨੁਸਾਰ ਖੜਨ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਾਂ ਸਬਜ਼ੀ ਮੰਡੀ ਵਿੱਚ ਖੜਨ ਲਈ ਕਿਹਾ ਜਾਵੇ।ਕਾਨੂੰਨ ਅਨੁਸਾਰ ਕੋਈ ਵੀ ਰੇਹੜੀ ਫੜ੍ਹੀ ਵਾਲਾ ਪੱਕੇ ਤੌਰ 'ਤੇ ਨਹੀਂ ਖੜ੍ਹ ਸਕਦਾ, ਪਰ ਤੁਰ ਫਿਰ ਕੇ ਹੀ ਸਾਮਾਨ ਵੇਚ ਸਕਦਾ ਹੈ।

## ਬਲੌਜ਼ਮਜ਼ ਕਾਨਵੈਂਟ ਵਿਖੇ ਮਾਸਟਰ ਸ਼ੈੱਫ ਤੇ ਹਾਊਸਸ ਵਿਚਕਾਰ ਪ੍ਰਤੀਯੋਗਤਾ



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਦੂਸਰੀ ਜਮਾਤ ਦੇ ਵਿਦਿਆਰਥੀਆਂ ਅਤੇ ਹਾਊਸਸ ਵਿਚਕਾਰ ਮਾਸਟਰ ਸ਼ੈਫ ਤੇ ਬਿਨਾਂ ਅੱਗ ਦੇ ਚੀਜ਼ਾਂ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬਿਨਾਂ ਅੱਗ ਬਾਲੇ ਖਾਣ-ਪੀਣ ਦੀਆਂ ਵਸਤਾਂ ਬਣਾਈਆਂ, ਜਿਸ ਵਿੱਚ ਕੇਕ ਫਰੂਟ ਚਾਰਟ, ਲੱਡੂ, ਸੈਂਡਵਿਚ ਆਦਿ ਬਣਾ ਕੇ ਆਪਣੀ ਪ੍ਰਤਿਭਾ ਦਿਖਾਈ। ਇਸ ਸਖ਼ਤ ਮੁਕਾਬਲੇ ਵਿੱਚ ਦਰਸ਼ਮੀਤ ਕੌਰ ਪਹਿਲੇ, ਅਭੀਜੀਤ ਸਿੰਘ ਦੂਸਰੇ, ਗਨਿਸ਼ਕਾ ਤੀਸਰੇ ਸਥਾਨ 'ਤੇ ਰਹੇ ਅਤੇ ਕੌਂਸੋਲੇਸ਼ਨ ਇਨਾਮ ਅਰਪਨਵੀਰ ਕੌਰ ਤੇ ਨਵਰੀਤ ਕੌਰ ਨੂੰ ਦਿੱਤਾ ਗਿਆ। ਇਸ ਦੇ ਨਾਲ ਹੀ ਸਕੂਲ ਵਿੱਚ ਚੱਲ ਰਹੇ ਹਾਊਸਸ ਵਿਚਕਾਰ ਵੀ ਇਹੀ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਵੀ ਬੱਚਿਆਂ ਨੇ ਅਨੇਕਾਂ ਵਸਤਾਂ ਬਣਾਈਆਂ, ਜੋ ਬਿਨਾਂ ਫਾਇਰ ਦੇ ਬਣੀਆਂ, ਜਿਸ ਦੇ ਨਤੀਜਿਆਂ ਵਿੱਚ ਡਾ. ਏ.ਪੀ.ਜੇ. ਪਹਿਲੇ, ਰਬਿੰਦਰ ਨਾਥ ਦੂਸਰੇ ਤੇ ਕਲਪਨਾ ਚਾਵਲਾ ਹਾਊਸ ਤੀਸਰੇ ਸਥਾਨ 'ਤੇ ਰਹੇ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਮਿਸਜ਼ ਰੰਜਨਾ ਕੌਸ਼ਲ ਨੇ ਜੇਤੂ ਵਿਦਿਆਰਥੀਆਂ, ਹਾਊਸ ਮਾਰਸ਼ਲ ਤੇ ਪੂਰੀ ਟੀਮ ਨੂੰ ਵਧਾਈ ਦਿੰਦੇ ਤੇ ਬਾਕੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਇਨਸਾਨ ਨੂੰ ਸਰਬ ਕਲਾ ਸੰਪੂਰਨ ਹੋਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਤੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਹਰ ਇੱਕ ਗਤੀਵਿਧੀ ਦਾ ਹਿੱਸਾ ਬਣਨ ਲਈ ਪ੍ਰੇਰਿਆ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਅੱਜ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ1680 ਸੈਕਟਰ 22 ਬੀ, ਚੰਡੀਗੜ੍ਹ ਜ਼ਿਲ੍ਹਾ ਫਰੀਦਕੋਟ ਇਕਾਈ ਦੀ ਮਹੀਨਾਵਾਰ ਮੀਟਿੰਗ 10 ਨਵੰਬਰ ਨੂੰ ਸਵੇਰੇ 9.30 ਵਜੇ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਰੱਖੀ ਗਈ ਹੈ।ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ ਤੇ ਵਿੱਤ ਸਕੱਤਰ ਸੋਮ ਨਾਥ ਅਰੋੜਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖਿਲਾਫ 17 ਨਵੰਬਰ ਨੂੰ ਗਿੱਦੜਬਾਹਾ ਵਿਧਾਨ ਸਭਾ ਹਲਕੇ 'ਚ ਕੀਤੇ ਜਾਣ ਵਾਲੇ ਝੰਡਾ ਮਾਰਚ ਦੇ ਐਕਸ਼ਨ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਜ਼ਿਲ੍ਹਾ ਫਰੀਦਕੋਟ ਦੇ ਮੁੱਖ ਸਲਾਹਕਾਰ ਅਸ਼ੋਕ ਕੌਸ਼ਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।

## ਸ਼ਿਵ ਮੰਦਰ 'ਚੋਂ ਚਾਂਦੀ ਦੀਆਂ ਤਿੰਨ ਛੱਤਰੀਆਂ ਚੋਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਜ਼ਿਲ੍ਹੇ ਅੰਦਰ ਚੋਰੀ ਤੇ ਸੀਨਾ ਜ਼ੋਰੀ ਦੀਆਂ ਘਟਨਾਵਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਹੁਣ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਧਾਰਮਿਕ ਸਥਾਨਾਂ 'ਤੇ ਵੀ ਚੋਰੀ ਕਰਨ ਤੋਂ ਗੁਰੇਜ਼ ਨਹੀਂ ਕਰਦੇ।ਇਸੇ ਲੜੀ ਤਹਿਤ ਸਿਰਸਾ ਜ਼ਿਲ੍ਹੇ ਦੇ ਡਿੰਗ ਥਾਣਾ ਖੇਤਰ ਦੇ ਪਿੰਡ ਤਾਜੀਆ ਖੇੜਾ ਦੇ ਸ਼ਿਵ ਮੰਦਰ ਵਿੱਚੋਂ ਚੋਰਾਂ ਨੇ ਚਾਂਦੀ ਦੀਆਂ ਤਿੰਨ ਛੱਤਰੀਆਂ ਚੋਰੀ ਕਰ ਲਈਆਂ ਹਨ। ਸ਼ਿਵ ਮੰਦਰ ਤਾਜੀਆ ਖੇੜਾ ਦੇ ਪੁਜਾਰੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਬੀਤੀ ਰਾਤ 12 ਵਜੇ ਤੋਂ 1 ਵਜੇ ਦੇ ਦਰਮਿਆਨ ਮੰਦਰ ਵਿੱਚੋਂ ਤਿੰਨ ਚਾਂਦੀ ਦੀਆਂ ਛੱਤਰੀਆਂ ਅਣਪਛਾਤੇ ਚੋਰਾਂ ਵੱਲੋਂ ਚੋਰੀ ਕਰ ਲਈਆਂ ਗਈਆਂ ਹਨ। ਚੋਰੀ ਹੋਈਆਂ ਛੱਤਰੀਆਂ ਦੀ ਕੀਮਤ 50 ਹਜ਼ਾਰ ਰੁਪਏ ਦੇ ਕਰੀਬ ਸੀ।ਸ਼ਿਵ ਮੰਦਰ ਦੇ ਪੁਜਾਰੀ ਮਦਨ ਲਾਲ ਨੇ ਪੁਲਸ ਨੂੰ ਦੱਸਿਆ ਕਿ ਜਦੋਂ ਉਸ ਨੇ ਚੋਰਾਂ ਦੀ ਆਲੇ-ਦੁਆਲੇ ਭਾਲ ਵੀ ਕੀਤੀ, ਪਰ ਕੋਈ ਸੁਰਾਗ ਨਹੀਂ ਲੱਗਿਆ। ਥਾਣਾ ਡਿੰਗ ਦੀ ਪੁਲਸ ਨੇ ਸ਼ਿਵ ਮੰਦਰ ਦੇ ਪੁਜਾਰੀ ਮਦਨ ਲਾਲ ਵਾਸੀ ਤਾਜੀਆ ਖੇੜਾ ਦੀ ਸ਼ਿਕਾਇਤ 'ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਿਰਮਲੇ ਡੇਰਾ ਲੋਹਗੜ੍ਹ 'ਚ ਸੰਤ ਸਮਾਗਮ ਭਲਕ ਤੋਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਾਨ ਤਿਆਗੀ ਤਪੱਸਵੀ ਸੰਤ ਬਾਬਾ ਮੇਵਾ ਸਿੰਘ, ਬਾਬਾ ਨੰਦ ਸਿੰਘ ਬਾਬਾ ਭਾਨ ਸਿੰਘ, ਸੰਤ ਵੀਰ ਸਿੰਘ, ਬਾਬਾ ਵਿਰੱਕਤ ਸਿੰਘ, ਸੰਤ ਸ਼ੇਰ ਸਿੰਘ, ਬਾਬਾ ਭਗਵੰਤ ਸਿੰਘ ਦੀ ਯਾਦ ਨੂੰ ਸਮਰਪਤ ਸੱਤ ਰੋਜ਼ਾ ਸਾਲਾਨਾ ਸੰਤ ਸਮਾਗਮ ਨਿਰਮਲੇ ਡੇਰਾ ਲੋਹਗੜ੍ਹ ਵਿਖੇ 11 ਤੋਂ 17 ਨਵੰਬਰ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਮੁੱਖ ਸੇਵਾਦਾਰ ਸੰਤ ਚਮਕੌਰ ਸਿੰਘ ਲੋਹਗੜ੍ਹ, ਜਤਿੰਦਰ ਸਿੰਘ ਲਾਡੀ ਅਨੁਸਾਰ ਇਸ ਮੌਕੇ ਪ੍ਰਕਾਸ਼ ਸੰਪਟ ਅਖੰਡ ਪਾਠ ਦੇ ਭੋਗ 17 ਨਵੰਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ।ਉਪਰੰਤ ਸੰਤ ਮਹਾਂਪੁਰਖ, ਪ੍ਰਸਿੱਧ ਰਾਗੀ, ਕਥਾ ਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

## ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਅੱਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** : ਮੀਰੀ-ਪੀਰੀ ਸੇਵਾ ਲਹਿਰ ਮਹਿਲ ਕਲਾਂ ਵੱਲੋਂ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ 10 ਨਵੰਬਰ ਨੂੰ ਸ਼ਾਮ 4 ਵਜੇ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਸ਼ੇਰ ਸਿੰਘ ਖ਼ਾਲਸਾ, ਮੀਰੀ ਪੀਰੀ ਸੇਵਾ ਲਹਿਰ ਦੇ ਆਗੂ ਭਾਈ ਸਵਰਨ ਸਿੰਘ ਖ਼ਾਲਸਾ, ਗਿਆਨੀ ਸਤਨਾਮ ਸਿੰਘ ਮਹਿਲ ਕਲਾਂ ਨੇ ਦੱਸਿਆ ਕਿ ਇਸ ਮੌਕੇ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

## ਭਲਕੇ ਮਨਾਇਆ ਜਾ ਜਾਵੇਗਾ ਫਤਿਹ ਦਿਵਸ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਵੱਲੋਂ ਗੁਰਦੁਆਰਾ ਸ਼ਹੀਦੀ ਮਾਰਗ ਪਾਤਸ਼ਾਹੀ ਨੌਵੀਂ (ਚੀਕਾ ਰੋਡ ਸਮਾਣਾ) ਵਿਖੇ ਫਤਿਹ ਦਿਵਸ ਬੜੀ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਅੱਜ 9 ਨਵੰਬਰ ਨੂੰ ਗੁਰਦੁਆਰਾ ਸ਼ਹੀਦੀ ਮਾਰਗ ਪਾਤਸ਼ਾਹੀ ਨੌਵੀਂ (ਚੀਕਾ ਰੋਡ ਸਮਾਣਾ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ, ਜਿਨ੍ਹਾਂ ਦੇ ਭੋਗ 11 ਨਵੰਬਰ ਨੂੰ ਪਾਏ ਜਾਣਗੇ ਤੇ ਗੁਰਮਤਿ ਸਮਾਗਮ 10 ਵਜੇ ਤੋਂ ਲੈ ਕੇ 2 ਵਜੇ ਤੱਕ ਹੋਵੇਗਾ।ਇਸ ਮੌਕੇ ਗੱਲਬਾਤ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਖਾਲਸਾ ਨੇ ਆਖਿਆ ਕਿ ਨੰਦੇੜ ਸਾਹਿਬ ਤੋਂ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਮਾਣਾ ਫਤਿਹ ਕੀਤਾ ਸੀ।ਇਸ ਸਬੰਧੀ ਜਥੇਬੰਦੀ ਵੱਲੋਂ ਗੁਰਮਤਿ ਸਮਾਗਮ ਰੱਖਿਆ ਗਿਆ ਹੈ, ਜਿਸ ਵਿੱਚ ਮਹਾਨ ਕੀਰਤਨੀ ਜਥੇ ਤੇ ਕਥਾਵਾਚਕਾਂ ਵੱਲੋਂ ਹਾਜ਼ਰੀ ਲਵਾਈ ਜਾਵੇਗੀ।ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕਰਦਿਆਂ ਆਖਿਆ ਕਿ 11 ਨਵੰਬਰ ਨੂੰ ਗੁਰਮਤਿ ਸਮਾਗਮ ਵਿੱਚ ਵੱਧ ਤੋਂ ਵੱਧ ਹਾਜ਼ਰੀ ਲਵਾ ਕੇ ਆਪਣਾ ਜੀਵਨ ਸਫਲ ਕਰੋ।

## ਐੱਸ ਡੀ ਐੱਮ ਦੀ ਅਗਵਾਈ 'ਚ ਟੀਮ ਵੱਲੋਂ ਖਾਦ ਦੀਆਂ ਦੁਕਾਨਾਂ ਦੀ ਚੈਕਿੰਗ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਦੇ ਨਿਰਦੇਸ਼ਾਂ ਤਹਿਤ ਐੱਸ ਡੀ ਐੱਮ ਹਰਕੰਵਲਪ੍ਰੀਤ ਸਿੰਘ ਦੀ ਅਗਵਾਈ ਹੇਠ ਬਲਾਕ ਮਹਿਲ ਕਲਾਂ 'ਚ ਖਾਦ ਦੀਆਂ ਦੁਕਾਨਾਂ ਦੀ ਸ੍ਰੀ ਸਰਵੇਸ਼ ਰਾਜਨ ਤਹਿਸੀਲਦਾਰ, ਹਰਮਨਦੀਪ ਸਿੰਘ ਖੇਤੀਬਾੜੀ ਅਫਸਰ ਤੇ ਸਤਨਾਮ ਸਿੰਘ ਇਨਫੋ ਨੇ ਅਚਾਨਕ ਚੈਕਿੰਗ ਕਰਕੇ ਖਾਦਾਂ ਦਾ ਸਟਾਕ ਤੇ ਬਿੱਲ ਚੈੱਕ ਕੀਤੇ।ਉਨ੍ਹਾਂ ਇਸ ਮੌਕੇ ਖਾਦ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਡੀ.ਏ.ਪੀ. ਖਾਦ ਦੇ ਨਾਲ ਕਿਸੇ ਵੀ ਇੰਨਪੁਟਸ ਦੀ ਟੈਗਿੰਗ ਨਾ ਕੀਤੀ ਜਾਵੇ।ਜੇਕਰ ਕਿਸੇ ਵੀ ਡੀਲਰ ਵੱਲੋਂ ਟੈਗਿੰਗ ਕੀਤੀ ਤਾਂ ਉਸ ਖਿਲਾਫ ਐੱਫ.ਸੀ.ਓ. 1985 ਅਧੀਨ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਤੋਂ ਇਲਾਵਾ ਸਮੂਹ ਡੀਲਰਾਂ ਨੂੰ ਸਖਤ ਹਦਾਇਤ ਕਰਦਿਆਂ ਕਿਹਾ ਕਿ ਖਾਦਾਂ ਦੇ ਸਟਾਕ ਤੇ ਰੇਟ ਨੂੰ ਦਰਸਾਉਂਦਾ ਸਟਾਕ ਬੋਰਡ ਲਗਾਉਣਾ ਯਕੀਨੀ ਬਣਾਇਆ ਜਾਵੇ।ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਦੀਸ਼ ਸਿੰਘ ਨੇ ਕਿਸਾਨਾਂ ਨੂੰ ਕਿਹਾ ਕਿ ਖਾਦਾਂ ਨਾਲ ਕੋਈ ਵੀ ਵਸਤੂ ਟੈਗ ਕਰਨ ਦਾ ਮਾਮਲਾ ਸਾਹਮਣੇ ਆਉਂਦਾ ਹੈ, ਤਾਂ ਉਸ ਦੀ ਸ਼ਿਕਾਇਤ ਮੁੱਖ ਖੇਤੀਬਾੜੀ ਅਫ਼ਸਰ ਦੇ ਦਫ਼ਤਰ ਕੀਤੀ ਜਾਵੇ ਤਾਂ ਜੋ ਐਕਟ ਅਨੁਸਾਰ ਬਣਦੀ ਸਖਤ ਕਾਰਵਾਈ ਕੀਤੀ ਜਾ ਸਕੇ।

## ਇਲਾਕੇ 'ਚ ਡੀ ਏ ਪੀ ਦੇ ਰੈਕ ਲੱਗੇ, ਪ੍ਰੰਤੂ ਕਿਸਾਨ ਖਾਦ ਤੋਂ ਵਾਂਝੇ !

### ਚੋਣਾਂ ਦੇ ਮੱਦੇਨਜ਼ਰ ਗਿੱਦੜਬਾਹਾ ਨੂੰ ਭੇਜੀ ਜਾ ਰਹੀ ਹੈ ਖਾਦ




**ਮਲੋਟ (ਗੁਰਮੀਤ ਸਿੰਘ ਮੱਕੜ)** : ਕਣਕ ਦੀ ਬਿਜਾਈ ਨੂੰ ਲੈ ਕੇ ਮਲੋਟ ਹਲਕੇ ਦੇ ਕਿਸਾਨ ਡੀ.ਏ.ਪੀ. ਖਾਦ ਦੀ ਕਿੱਲਤ ਨਾਲ ਜੂਝ ਰਹੇ ਹਨ, ਜਿੱਥੇ ਪਹਿਲਾਂ ਝੋਨੇ ਦੀ ਖਰੀਦ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨੀ ਦੇ ਆਲਮ ਵਿੱਚ ਸਨ, ਉੱਥੇ ਹੀ ਹੁਣ ਡੀ.ਏ.ਪੀ. ਖਾਦ ਨਾ ਮਿਲਣ ਕਾਰਨ ਕਣਕ ਦੀ ਬਿਜਾਈ ਵਿੱਚ ਹੋ ਰਹੀ ਦੇਰੀ ਨੇ ਕਿਸਾਨਾਂ ਨੂੰ ਫ਼ਿਰ ਤੋਂ ਪ੍ਰੇਸ਼ਾਨੀ ਦੇ ਆਲਮ ਵਿੱਚ ਪਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮਾਲਗੱਡੀ ਰਾਹੀਂ ਡੀ.ਏ.ਪੀ. ਖਾਦ ਦਾ ਰੈਕ ਮਲੋਟ ਪਹੁੰਚਿਆ ਸੀ, ਜਿਸ ਨੂੰ ਚੋਣਾਂ ਦੇ ਮੱਦੇਨਜ਼ਰ ਗਿੱਦੜਬਾਹਾ ਭੇਜ ਦਿੱਤਾ ਗਿਆ, ਪ੍ਰੰਤੂ ਕਿਸੇ ਵੀ ਸਿਆਸੀ ਆਗੂ ਦਾ ਧਿਆਨ ਮਲੋਟ ਹਲਕੇ ਦੇ ਕਿਸਾਨਾਂ ਵੱਲ ਨਹੀਂ ਜਾ ਰਿਹਾ, ਜਦਕਿ ਖੇਤੀਬਾੜੀ ਮੰਤਰੀ ਵੀ ਇਸੇ ਹਲਕੇ ਦੇ ਹਨ, ਪ੍ਰੰਤੂ ਫ਼ਿਰ ਵੀ ਕਿਸਾਨਾਂ ਦੀ ਸਾਰ ਨਹੀਂ ਲਈ ਜਾ ਰਹੀ। ਜੇਕਰ ਕਿਸੇ ਦੁਕਾਨਦਾਰ ਕੋਲ ਡੀ.ਏ.ਪੀ. ਖਾਦ ਦਾ ਸਟਾਕ ਪਿਆ ਹੈ ਤਾਂ ਉਹ ਦੁਕਾਨਦਾਰ ਵੀ ਕਿਸਾਨਾਂ ਨੂੰ ਹੋਰ ਕੀਟਨਾਸ਼ਕ ਦਵਾਈਆਂ ਨਾਲ ਲੈਣ ਦੀ ਸ਼ਰਤ 'ਤੇ ਡੀ.ਏ.ਪੀ. ਖਾਦ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇੱਕ ਰੈਕ ਮਲੋਟ ਹਲਕੇ ਵਿੱਚ ਆਉਣ ਦੀ ਸੰਭਾਵਨਾ ਹੈ, ਪ੍ਰੰਤੂ ਉਸ ਨੂੰ ਗਿੱਦੜਬਾਹਾ ਵਿਖੇ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਦਕਿ ਗਿੱਦੜਬਾਹਾ ਵਿੱਚ ਇੰਨੀ ਮਾਤਰਾ ਵਿੱਚ ਡੀ.ਏ.ਪੀ. ਖਾਦ ਮੰਗ ਵੀ ਨਹੀਂ ਹੈ। ਖੇਤੀਬਾੜੀ ਮਹਿਕਮਾ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਨਾਕਾਮ ਰਿਹਾ ਹੈ, ਜਿਸ ਨਾਲ ਖਾਦ ਦੀ ਕਾਲਾਬਾਜ਼ਾਰੀ ਤੇ ਗੈਰ-ਮਿਆਰੀ ਖਾਦ ਦੀ ਵਿੱਕਰੀ ਜ਼ੋਰਾਂ 'ਤੇ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਆਪਣੀਆਂ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ ਤੇ ਕੇਂਦਰ ਸਰਕਾਰ ਵੱਲੋਂ ਕਿਸਾਨ ਨਾਲ ਬਦਲੂ ਲਓ ਨੀਤੀ ਤਹਿਤ ਪੰਜਾਬ ਦੇ ਚੌਲਾਂ ਨੂੰ ਵੀ ਗੈਰ-ਮਿਆਰੀ ਦੱਸਿਆ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦਾ ਕਿਸਾਨ ਬਦਨਾਮ ਹੋ ਰਿਹਾ ਹੈ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਕਿਸਾਨਾਂ ਪ੍ਰਤੀ ਹਾਂ-ਪੱਖੀ ਰਵੱਈਆ ਅਪਨਾਵੇ, ਨਹੀਂ ਤਾਂ ਉਹ ਵੱਡੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

## ਡਿੰਪੀ ਢਿੱਲੋਂ ਦੇ ਹੱਕ 'ਚ ਕੀਤਾ ਡੋਰ ਟੂ ਡੋਰ ਚੋਣ ਪ੍ਰਚਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਖੇ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਕੈਬਿਨਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋ ਦੇ ਹੱਕ ਵਿੱਚ ਡੋਰ ਟੂ ਡੋਰ ਚੋਣ ਪ੍ਰਚਾਰ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਦੇ ਨਾਲ ਪਿੰਡ ਚੱਕ ਦੂਹੇਵਾਲਾ ਦੇ ਨੌਜਵਾਨ ਆਗੂ ਰਜਨੀਸ਼ ਕੁਮਾਰ ਗੁਗਾ ਸਰਪੰਚ ਵੀ ਮੌਜੂਦ ਸਨ।ਇਸ ਚੋਣ ਪ੍ਰਚਾਰ ਦੌਰਾਨ ਗਿੱਦੜਬਾਹਾ ਹਲਕੇ ਦੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਡਿੰਪੀ ਢਿੱਲੋਂ ਦੇ ਹੱਕ ਵਿੱਚ ਵੋਟ ਦਾ ਪ੍ਰਯੋਗ ਕਰਕੇ ਸਰਕਾਰ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਗਈ।ਇਸ ਦੌਰਾਨ ਨੌਜਵਾਨ ਸਰਪੰਚ ਰਜਨੀਸ਼ ਕੁਮਾਰ ਗੁਗਾ ਨੇ ਦੱਸਿਆ ਕਿ ਇਸ ਚੋਣ ਪ੍ਰਚਾਰ ਦੌਰਾਨ ਗਿੱਦੜਬਾਹਾ ਹਲਕੇ ਦੇ ਲੋਕਾਂ ਦਾ ਕਾਫ਼ੀ ਚੰਗਾ ਸਮਰਥਨ ਮਿਲਿਆ।ਉਹ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਕਾਫੀ ਖ਼ੁਸ਼ ਦਿਖਾਈ ਦਿੱਤੇ।ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰ੍ਹਾਂ ਗਿੱਦੜਬਾਹਾ ਹਲਕੇ ਦੇ ਲੋਕ ਵੀ ਇਸ ਵਾਰ ਬਦਲਾਅ ਲਿਆਉਣ ਦੇ ਮੂਡ ਵਿੱਚ ਹਨ।

## ਕਮਿਸ਼ਨਰ ਵੱਲੋਂ ਐੱਲ ਐਂਡ ਟੀ ਨੂੰ ਸੜਕਾਂ ਦੀ ਮੁਰੰਮਤ ਪੰਦਰਾਂ ਦਿਨਾਂ 'ਚ ਕਰਨ ਦੀ ਸਖ਼ਤ ਹਦਾਇਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਡਾ. ਰਜਤ ਓਬਰਾਏ ਨੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ 24 ਘੰਟੇ 7 ਦਿਨ ਨਹਿਰੀ ਪਾਣੀ ਸਪਲਾਈ ਦੇ ਪ੍ਰੋਜੈਕਟ ਅਧੀਨ ਐੱਲ. ਐਂਡ ਟੀ. ਵੱਲੋਂ ਪੁੱਟੀਆਂ ਸੜਕਾਂ ਦੀ ਰੀਸਟੋਰੇਸ਼ਨ ਦੇ ਕੰਮ ਵਿੱਚ ਹੋ ਰਹੀ ਦੇਰੀ ਦਾ ਸਖ਼ਤ ਨੋਟਿਸ ਲੈਂਦੇ ਹੋਏ ਕੰਪਨੀ ਦੇ ਨੁਮਾਇੰਦਿਆਂ, ਸੀਵਰੇਜ ਬੋਰਡ ਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਡਾ. ਓਬਰਾਏ ਨੇ ਕੰਪਨੀ ਦੇ ਨੁਮਾਇੰਦਿਆਂ ਨੂੰ ਸਖਤ ਹਦਾਇਤ ਕੀਤੀ ਕਿ ਜਿਨ੍ਹਾਂ ਸੜਕਾਂ ਦੀ ਰੀਸਟੋਰੇਸ਼ਨ ਦਾ ਕੰਮ ਕੰਪਨੀ ਵੱਲੋਂ ਕੀਤਾ ਜਾਣਾ ਹੈ, ਉਹ ਬਿਨਾਂ ਕਿਸੇ ਦੇਰੀ ਤੋਂ ਸ਼ੁਰੂ ਕੀਤਾ ਜਾਵੇ ਤੇ ਅਗਲੇ 15 ਦਿਨਾਂ ਦੇ ਅੰਦਰ ਅੰਦਰ ਸਮੂਹ ਸੜਕਾਂ ਦੀ ਰੀਸਟੋਰੇਸ਼ਨ ਦਾ ਕੰਮ ਮੁਕੰਮਲ ਕੀਤਾ ਜਾਵੇ।ਮੀਟਿੰਗ ਵਿੱਚ ਸੀਵਰੇਜ ਬੋਰਡ ਵੱਲੋਂ ਕੁੱਝ ਸੜਕਾਂ ਦੀ ਐੱਨ.ਓ.ਸੀ. ਜਾਰੀ ਕੀਤੀ ਜਾਣੀ ਸੀ, ਜਿਸ ਕਰਕੇ ਨਗਰ ਨਿਗਮ ਵੱਲੋਂ ਕੀਤਾ ਜਾਣ ਵਾਲਾ ਸੜਕਾਂ ਦਾ ਕੰਮ ਵੀ ਰੁਕਿਆ ਹੋਇਆ ਸੀ, ਲਈ ਇਹ ਐੱਨ.ਓ.ਸੀ. ਵੀ ਸੀਵਰੇਜ ਬੋਰਡ ਦੇ ਅਧਿਕਾਰੀਆਂ ਵੱਲੋਂ ਮੌਕੇ 'ਤੇ ਹੀ ਪ੍ਰਾਪਤ ਕਰਕੇ ਇੰਜੀਨੀਅਰਿੰਗ ਸ਼ਾਖਾ ਦੇ ਹਵਾਲੇ ਕਰ ਦਿੱਤੀ ਗਈ ਹੈ।ਇਸ ਐੱਨ.ਓ.ਸੀ. ਦੇ ਪ੍ਰਾਪਤ ਹੋਣ ਨਾਲ ਨਿਗਮ ਵੱਲੋਂ ਅਜੀਤ ਨਗਰ, ਹੀਰਾ ਨਗਰ, ਮਜੀਠੀਆ ਇਨਕਲੇਵ, ਬਡੂੰਗਰ, ਮਹਿੰਦਰਾ ਕਾਲਜ ਤੇ ਢਿੱਲੋਂ ਕਲੋਨੀ, ਨਾਭਾ ਰੋਡ ਤੋਂ ਟਿਵਾਣਾ ਚੌਕ, ਫੈਕਟਰੀ ਏਰੀਆ ਬੰਨਾ ਤੋਂ ਉਪਕਾਰ ਨਗਰ, ਏਕਤਾ ਨਗਰ, ਭੁਪਿੰਦਰਾ ਪਲਾਜ਼ਾ ਤੋਂ ਰੇਲਵੇ ਲਾਈਨ ਤੇ ਘੁੰਮਣ ਨਗਰ ਦੇ ਵਿਕਾਸ ਕੰਮਾਂ ਦੇ ਟੈਂਡਰ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਮੀਟਿੰਗ ਵਿੱਚ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਤੇ ਦੀਪਜੋਤ ਕੌਰ, ਨਿਗਰਾਨ ਇੰਜੀਨੀਅਰ ਹਰਕਿਰਨ ਪਾਲ ਸਿੰਘ ਤੇ ਗੁਰਪ੍ਰੀਤ ਸਿੰਘ ਵਾਲੀਆ, ਕਾਰਜਕਾਰੀ ਇੰਜੀਨੀਅਰ ਸੀਵਰੇਜ ਬੋਰਡ ਵਿਕਾਸ ਧਵਨ ਤੇ ਐੱਲ. ਐਂਡ ਟੀ. ਦੇ ਪ੍ਰੋਜੈਕਟ ਮੈਨੇਜਰ ਸੁਖਦੇਵ ਝਾ ਵੀ ਮੌਜੂਦ ਸਨ।

## 21ਵੇਂ ਸਾਲਾਨਾ ਸਮਾਗਮ ਸੰਬੰਧੀ ਪੋਸਟਰ ਜਾਰੀ

### 6 ਗਰੀਬ ਤੇ ਬੇਸਹਾਰਾ ਲੜਕੀਆਂ ਦੇ ਵਿਆਹ ਕੀਤੇ ਜਾਣਗੇ : ਬਾਬਾ ਹਰਜਿੰਦਰ ਸਿੰਘ



**ਜਲਾਲਾਬਾਦ, (ਜੀਤ ਕੁਮਾਰ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ) ਵੱਲੋਂ ਸੱਚ ਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਸਮੂਹ ਸੰਗਤਾਂ ਦੇ ਸਹਿਯੋਗ ਨਾਲ 6 ਗਰੀਬ ਤੇ ਬੇਸਹਾਰਾ ਲੜਕੀਆਂ ਦੇ ਸਮੂਹਕ ਵਿਆਹ 8 ਦਸੰਬਰ ਐਤਵਾਰ ਨੂੰ ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਸੇਵਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।

ਇਸ ਸਬੰਧੀ ਹੋਣ ਵਾਲੇ 21ਵੇਂ ਸਾਲਾਨਾ ਧਾਰਮਿਕ ਸਮਾਗਮ ਨੂੰ ਲੈ ਕੇ ਡਾ. ਬਹਾਲ ਚੰਦ ਕਲੀਨਿਕ ਜਲਾਲਾਬਾਦ ਵਿਖੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਦੀ ਅਗਵਾਈ ਹੇਠ ਸੇਵਾਦਾਰਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨਵਾਲਾ, ਸਾਬਕਾ ਸਰਪੰਚ ਸਤਨਾਮ ਸਿੰਘ ਫਲੀਆਂਵਾਲਾ, ਸੁਖਵਿੰਦਰ ਸਿੰਘ ਸਰਾਰੀ, ਮਨੂੰ ਛਾਬੜਾ, ਡਾ. ਜਗਸੀਰ ਸਿੰਘ ਸ਼ੀਰਾ ਚੱਕ ਸੈਦੋਕੇ, ਸੁਰਿੰਦਰ ਜੈਲਦਾਰ, ਪ੍ਰੇਮ ਕੰਬੋਜ, ਗੁਰਪ੍ਰੀਤ ਸਿੰਘ ਆਦਿ ਮੌਜੂਦ ਸਨ। ਇਥੇ ਪੋਸਟਰ ਜਾਰੀ ਕਰਨ ਉਪਰੰਤ ਮੀਟਿੰਗ ਕਰਕੇ ਇਸ ਸਮਾਗਮ ਦੀ ਤਿਆਰੀ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਸਮਾਜ ਸੇਵੀ ਡਾ. ਓਮ ਪ੍ਰਕਾਸ਼ ਹਿਸਾਨ ਵਾਲਾ ਨੇ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ ਹੈ, ਜਿਸ ਤਹਿਤ ਸੇਵਾਦਾਰ ਬਾਬਾ ਹਰਜਿੰਦਰ ਸਿੰਘ, ਜੋ ਪਿਛਲੇ 20 ਸਾਲਾਂ ਤੋਂ ਗਰੀਬ ਤੇ ਬੇਸਹਾਰਾ ਲੋੜਵੰਦ ਲੜਕੀਆਂ ਦੀਆਂ ਸ਼ਾਦੀਆਂ ਸੇਵਾ ਭਾਵਨਾ ਨਾਲ ਕਰ ਰਹੇ ਹਨ, ਇਹ ਵੀ ਇੱਕ ਸਭ ਤੋਂ ਉੱਤਮ ਸੇਵਾ ਹੈ, ਜਿਸ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇਗਾ। ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਨੇ ਉਕਤ ਲੋੜਵੰਦ ਲੜਕੀਆਂ ਦੇ ਵਿਆਹ ਕਰਨ ਵਿੱਚ ਇਲਾਕਾ ਵਾਸੀਆਂ ਨੂੰ ਸਹਿਯੋਗ ਕਰਨ ਦਾ ਸੰਦੇਸ਼ ਦਿੱਤਾ ਤਾਂ ਜੋ ਇਸ ਧਾਰਮਿਕ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ।

## ਰਾਜ ਸਭਾ ਮੈਂਬਰ ਸੀਚੇਵਾਲ ਵੱਲੋਂ ਖੰਡਰ ਹੋਏ ਹੋਂਦ ਚਿੱਲੜ ਦਾ ਦੌਰਾ

### 40 ਸਾਲਾਂ ਬਾਅਦ ਵੀ ਪੀੜਤਾਂ ਨੂੰ ਨਿਆਂ ਤੇ ਇਨਸਾਫ ਨਾ ਮਿਲਣਾ ਸ਼ਰਮਨਾਕ ਵਰਤਾਰਾ : ਸੰਤ ਸੀਚੇਵਾਲ



**ਜਗਰਾਉਂ (ਸੰਜੀਵ ਅਰੋੜਾ)**-ਪਿੰਡ ਹੋਂਦ ਚਿੱਲੜ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਅਰਦਾਸ ਸਮਾਗਮ ਮੌਕੇ ਹੋਂਦ ਚਿੱਲੜ ਇਨਸਾਫ਼ ਕਮੇਟੀ ਵੱਲੋਂ ਵਿੱਢੇ ਤਰੱਦਦ ਸਦਕਾ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਭਾਈ ਦਰਸ਼ਨ ਸਿੰਘ ਘੋਲੀਆ ਦੇ ਨਾਲ ਇਸ ਉਜੜੇ ਪਿੰਡ ਦੇ ਦਰਦਾਂ ਦੀ ਦਵਾਈ ਬਣਨ ਲਈ ਹਰਿਆਣਾ ਦੇ ਪ੍ਰਸ਼ਾਸਨ ਨੂੰ ਨਾਲ ਲੈ ਕੇ ਖੰਡਰ ਤੇ ਵਿਰਾਨ ਪਏ ਪਿੰਡ ਹੋਂਦ ਦਾ ਦੌਰਾ ਕੀਤਾ ਗਿਆ। ਇਸ ਬੀਆਬਾਨ ਪਿੰਡ ਨੂੰ ਮੁੜ ਤੋਂ ਹਰਿਆ-ਭਰਿਆ ਬਣਾਉਣ ਲਈ ਪਿੰਡ ਅੰਦਰ ਵੱਡੀ ਗਿਣਤੀ ਵਿੱਚ ਬੂਟੇ ਲਗਾਉਂਦਿਆਂ ਸੰਤ ਸੀਚੇਵਾਲ ਨੇ ਆਖਿਆ ਕਿ ਸਿੱਖਾਂ ਦੀ ਨਸਲਕੁਸ਼ੀ ਦੇ ਇਸ ਕੌਮੀ ਮਸਲੇ ਨੂੰ ਉਹ ਪੂਰੀ ਤਨਦੇਹੀ ਦੇ ਨਾਲ ਕੇਂਦਰ ਤੇ ਹਰਿਆਣਾ ਸਰਕਾਰ ਕੋਲ ਉਠਾਉਣਗੇ ਤਾਂ ਕਿ ਪੀੜਤ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਚਾਰਾਜੋਈ ਕੀਤੀ ਜਾ ਸਕੇ ਅਤੇ ਪਿੰਡ ਦੇ ਜ਼ਮੀਨੀ ਰਕਬੇ ਨੂੰ ਜੋ ਹੌਲੀ-ਹੌਲੀ ਘੱਟ ਰਿਹਾ ਹੈ, ਪੂਰਾ ਕਰਨ ਤੋਂ ਇਲਾਵਾ ਸ਼ਹੀਦੀ ਯਾਦਗਾਰ ਉਸਾਰਨ ਦਾ ਰਾਹ ਪੱਧਰਾ ਕੀਤਾ ਜਾ ਸਕੇ। ਉਨ੍ਹਾਂ ਰਿਵਾੜੀ ਦੇ ਡੀ ਸੀ ਨਾਲ ਵੀ ਮੌਕੇ 'ਤੇ ਹੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਕਤਲੇਆਮ ਮਨੁੱਖਤਾ ਦੇ ਮੱਥੇ 'ਤੇ ਕਲੰਕ ਵਜੋਂ ਉੱਭਰ ਕੇ ਪੂਰੇ ਸਮਾਜ ਨੂੰ ਸ਼ਰਮਸਾਰ ਕਰ ਦਿੰਦੇ ਹਨ, ਜੋ ਕਿ ਕਦੇ ਵੀ ਨਹੀਂ ਵਾਪਰਨੇ ਚਾਹੀਦੇ। ਇਸ ਮੌਕੇ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ, ਗੁਰਜੀਤ ਸਿੰਘ ਪਟੌਂਦੀ, ਦਿਆ ਸਿੰਘ ਸੀਚੇਵਾਲ, ਚਿੱਲੜ ਪਿੰਡ ਦੇ ਸਰਪੰਚ ਪ੍ਰਿਅੰਕਾ ਦੇਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਸੁਰਜੀਤ ਸਿੰਘ ਖਾਲਸਾ, ਜੀਵਨਾ ਬਾਈ ਪਟੌਂਦੀ, ਪੀੜਤ ਪਰਿਵਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪ੍ਰਸ਼ਾਸਨਕ ਅਧਿਕਾਰੀ ਹਾਜ਼ਰ ਸਨ।

# ਸੂਬੇ 'ਚ 400 ਡਾਕਟਰਾਂ ਦੀ ਭਰਤੀ ਜਲਦ ਹੋਵੇਗੀ : ਡਾ. ਬਲਬੀਰ ਸਿੰਘ

### ਸਿਹਤ ਵਿਭਾਗ ਦੀ ਜਾਗਰੂਕਤਾ ਕਾਰਨ ਡੇਂਗੂ ਦੇ ਮਾਮਲਿਆਂ 'ਚ ਕਮੀ ਆਈ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਵੱਲੋਂ ਰਾਜ ਅੰਦਰ ਸਿਹਤ ਸੇਵਾਵਾਂ ਦੇ ਵਿਸਥਾਰ ਤੇ ਲੋਕਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ, ਇਲਾਜ ਮੁਹੱਈਆ ਕਰਵਾਉਣ ਲਈ ਰਾਜ ਵਿੱਚ 400 ਡਾਕਟਰਾਂ ਦੀ ਭਰਤੀ ਜਲਦ ਕੀਤੀ ਜਾਵੇਗੀ ਅਤੇ ਇਸ ਸਬੰਧੀ ਸਾਰੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਇਸ ਤੋਂ ਇਲਾਵਾ ਸੂਬੇ ਨੂੰ ਮੈਡੀਕਲ ਸਿੱਖਿਆ ਵਿੱਚ ਮੋਹਰੀ ਸੂਬਾ ਬਣਾਉਣ ਲਈ ਚਾਰ ਜ਼ਿਲ੍ਹਿਆਂ ਵਿੱਚ ਹੋਰ ਨਵੇਂ ਮੈਡੀਕਲ ਕਾਲਜ ਖੋਲ੍ਹੇ ਜਾਣਗੇ। ਇਹ ਪ੍ਰਗਟਾਵਾ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਵਿੱਦਿਅਕ ਅਦਾਰਿਆਂ, ਘਰਾਂ, ਦਫਤਰਾਂ ਆਦਿ ਵਿੱਚੋਂ ਡੇਂਗੂ ਦਾ ਲਾਰਵਾ ਲੱਭਣ ਤੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਚਲਾਈ ਗਈ ਰਾਜ ਪੱਧਰੀ ਮੁਹਿੰਮ ਦੀ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਅਤੇ ਡਾ. ਮਹਿੰਦਰ ਸਿੰਘ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਤੋਂ ਜ਼ਿਲ੍ਹਾ ਪੱਧਰੀ ਜਾਗਰੂਕਤਾ ਮੁਹਿੰਮ ਦੀ ਅਗਵਾਈ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਡੇਂਗੂ ਖਿਲਾਫ ਛੇੜੀ ਗਈ ਜੰਗ ਵਿੱਚ ਰਾਜ ਵਾਸੀਆਂ, ਵਿੱਦਿਅਕ ਸੰਸਥਾਵਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ।

ਇਸ ਮੌਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਅਤੇ ਡਾ. ਮਹਿੰਦਰ ਬਰਾੜ ਸਾਂਭੀ ਨੇ ਸਰਕਾਰੀ ਕੰਨਿਆ ਸਕੂਲ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਵਿਸ਼ੇਸ਼ ਉਪਰਾਲਿਆਂ ਤੇ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਅਤੇ ਚੌਕਸੀ ਕਾਰਨ ਪੰਜਾਬ ਵਿੱਚ ਇਸ ਸਾਲ ਡੇਂਗੂ ਦੇ ਕੇਸਾਂ ਵਿੱਚ ਵੱਡੀ ਪੱਧਰ 'ਤੇ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਜ਼ਿਲ੍ਹੇ ਵਿੱਚ ਪਿਛਲੇ ਸਾਲ 654 ਡੇਂਗੂ ਦੇ ਕੇਸ ਸਾਹਮਣੇ ਆਏ ਸਨ ਤੇ ਇਸ ਵਾਰ 120 ਮਾਮਲੇ ਹੀ ਸਾਹਮਣੇ ਆਏ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਸਰਕਾਰੀ ਹਸਪਤਾਲਾਂ ਦੀ ਕਾਇਆ ਕਲਪ ਤੇ ਹੇਠਲੇ ਪੱਧਰ 'ਤੇ ਸਰਬ ਉੱਤਮ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰੀ ਹਸਪਤਾਲਾਂ ਵਿੱਚ ਪ੍ਰਾਈਵੇਟ ਤੋਂ ਵੀ ਵਧੀਆ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ 881 ਆਮ ਆਦਮੀ ਕਲੀਨਿਕਾਂ ਤੋਂ 2 ਕਰੋੜ 25 ਲੱਖ ਤੋਂ ਵਧੇਰੇ ਲੋਕ ਇਲਾਜ ਕਰਵਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਜਲਦ ਹੀ ਜ਼ਿਲ੍ਹਾ ਪੱਧਰੀ ਤੇ ਸਬ ਡਵੀਜ਼ਨ ਪੱਧਰ ਦੇ ਹਸਪਤਾਲਾਂ ਵਿੱਚ ਡਾਕਟਰ ਤੇ ਸਹਾਇਕ ਸਟਾਫ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਸਪਤਾਲਾਂ ਵਿੱਚ ਦਵਾਈਆਂ ਦੀ ਘਾਟ ਨੂੰ ਪੂਰਾ ਕੀਤਾ ਜਾਵੇਗਾ ਅਤੇ ਲੋਕ ਨੁਮਾਇੰਦਿਆਂ, ਡਾਕਟਰਾਂ ਤੇ ਸਟਾਫ ਦੀ ਸਲਾਹ ਨਾਲ ਹਰ ਤਰ੍ਹਾਂ ਦੇ ਸੁਧਾਰ ਨੂੰ ਯਕੀਨੀ ਬਣਾਇਆ ਜਾਵੇਗਾ।

ਇਸ ਤੋਂ ਪਹਿਲਾਂ ਐੱਮ.ਐੱਲ.ਏ. ਗੁਰਦਿੱਤ ਸਿੰਘ ਸੇਖੋਂ ਨੇ ਸਿਹਤ ਮੰਤਰੀ ਨੂੰ 'ਜੀ ਆਇਆਂ' ਕਹਿੰਦਿਆਂ ਉਨ੍ਹਾਂ ਵੱਲੋਂ ਡੇਂਗੂ ਖਿਲਾਫ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਦੀ ਸਰਾਹਨਾ ਕਰਦਿਆਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਲਾਜ ਨਾਲੋਂ ਪਰਹੇਜ਼ ਚੰਗਾ ਹੈ ਤੇ ਸਾਨੂੰ ਸਾਰਿਆਂ ਨੂੰ ਡੇਂਗੂ ਖਿਲਾਫ ਪੰਜਾਬ ਸਰਕਾਰ ਵੱਲੋਂ ਵਿੱਢੀ ਗਈ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣ ਕੇ ਇਸ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਲਈ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਫ਼ਰੀਦਕੋਟ ਦੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਬਾਰੇ ਵੀ ਸਿਹਤ ਮੰਤਰੀ ਨੂੰ ਜਾਣੂ ਕਰਵਾਇਆ ਤੇ ਉਨ੍ਹਾਂ ਇਹ ਆਸ਼ਵਾਸਨ ਦਿਵਾਇਆ। ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਉਪ-ਕੁਲਪਤੀ ਡਾ. ਰਾਜੀਵ ਸੂਦ ਨੇ ਮੰਤਰੀ ਨੂੰ ਯਕੀਨ ਦਿਵਾਇਆ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਵੱਲੋਂ ਡੇਂਗੂ ਖਿਲਾਫ ਵਿੱਢੀ ਗਈ ਮੁਹਿੰਮ ਵਿੱਚ ਹਰ ਤਰ੍ਹਾਂ ਦਾ ਸਾਥ ਦਿੱਤਾ ਜਾਵੇਗਾ। ਉਨ੍ਹਾਂ ਇਸ ਮੌਕੇ ਮੰਤਰੀ ਜੀ ਨੂੰ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ, ਕੀਤੇ ਜਾਣ ਵਾਲੇ ਕੰਮਾਂ ਤੇ ਸਮੱਸਿਆਵਾਂ ਤੋਂ ਜਾਣੂ ਕਰਵਾਇਆ।

## ਸਦਭਾਵਨਾ ਦੇ ਸੁਨੇਹੇ ਨਾਲ ਸੰਪੂਰਨ ਹੋਈ ਦੂਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਤਰਰਾਸ਼ਟਰੀ ਕਾਨਫਰੰਸ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਡ ਯੂਨੀਵਰਸਿਟੀ ਵਿਖੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਸਫ਼ਲਤਾਪੂਰਨ ਸਮਾਪਨ ਹੋਇਆ।ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਸਿੰਘ ਨੇ ਆਖਿਆ ਕਿ ਅੱਜ ਵਿਸ਼ਵ ਨੂੰ ਸਾਂਝੀਵਾਲਤਾ ਤੇ ਸਦਭਾਵਨਾ ਦੀ ਵੱਡੀ ਲੋੜ ਹੈ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।ਵਿਦਾਇਗੀ ਸੈਸ਼ਨ ਦੇ ਮੁੱਖ ਵਕਤਾ ਵਜੋਂ ਪ੍ਰੋ. ਪਰਮਵੀਰ ਸਿੰਘ ਮੁਖੀ ਸਿੱਖ ਵਿਸ਼ਵ ਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਖਿਆ ਕਿ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੀ ਗਈ ਇਹ ਸਾਲਾਨਾ ਕਾਨਫਰੰਸ ਨਵੀਂ ਪੀੜ੍ਹੀ ਲਈ ਆਸ ਦੀ ਕਿਰਨ ਹੈ।ਉਨ੍ਹਾਂ ਆਖਿਆ ਕਿ ਅੱਜ ਮਨੁੱਖਤਾ ਸਾਹਮਣੇ ਇਹ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ ਕਿ ਪੇਸ਼ੇਵਰ ਮੁਹਾਰਤ ਪੱਖੋਂ ਸਿੱਖਿਅਤ ਮਨੁੱਖ ਵੀ ਕਿਰਦਾਰ ਪੱਖੋਂ ਊਣੇ ਸਾਬਿਤ ਹੋ ਰਹੇ ਹਨ, ਇਸ ਲਈ ਧਰਮ ਗ੍ਰੰਥ ਦੀ ਸੇਧ ਰਾਹੀਂ ਨਵੀਂ ਪੀੜ੍ਹੀ ਦੇ ਕਿਰਦਾਰ ਨੂੰ ਪੇਸ਼ੇ ਦੇ ਨਾਲ ਨਾਲ ਨੈਤਿਕਤਾ ਪੱਖੋਂ ਵੀ ਉਸਾਰਨ ਦੀ ਲੋੜ ਹੈ।ਵਿਦਾਇਗੀ ਸੈਸ਼ਨ ਵਿੱਚ ਸਵਾਗਤੀ ਭਾਸ਼ਣ ਦਿੰਦੇ ਹੋਏ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ, ਅਕਾਦਮਿਕ ਮਾਮਲੇ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਜੀਵਨ ਦੇ ਹਰੇਕ ਪੱਖ ਨੂੰ ਵੱਡਮੁੱਲੀ ਸੇਧ ਦਿੰਦੀ ਹੈ। ਕਾਨਫਰੰਸ ਦੀ ਰਿਪੋਰਟ ਪੇਸ਼ ਕਰਦਿਆਂ ਡਾ. ਹਰਦੇਵ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਨੇ ਦੱਸਿਆ ਕਿ ਇਸ ਕਾਨਫਰੰਸ ਦੇ ਚਾਰ ਭਾਗਾਂ ਵਿੱਚ ਹੋਈ ਵੱਡੀ ਗਿਣਤੀ ਵਿੱਚ ਰਜਿਸਟਰੇਸ਼ਨ ਨੂੰ ਧਿਆਨ ਵਿੱਚ ਰੱਖਦਿਆਂ ਹਰੇਕ ਭਾਗ ਨੂੰ ਅੱਗੇ ਦੋ ਉਪ ਹਿੱਸਿਆਂ ਵਿੱਚ ਵੰਡ ਕੇ ਵੱਖੋ ਵੱਖ ਅਕਾਦਮਿਕ ਸੈਸ਼ਨ ਵਿੱਚ ਵੰਡਿਆ ਗਿਆ ਜਿੱਥੇ ਇਕ ਸੌ ਪੱਚੀ ਵਿਦਵਾਨਾਂ ਤੇ ਖੋਜਾਰਥੀਆਂ ਨੇ ਖੋਜ ਪਰਚੇ ਪੇਸ਼ ਕੀਤੇ ਹਨ।ਵਿਧਾਇਕੀ ਸੈਸ਼ਨ ਵਿੱਚ ਸਿੱਖ ਐਜੂਕੇਸ਼ਨ ਕੌਂਸਲ ਯੂਕੇ ਦੇ ਨੁਮਾਇੰਦੇ ਪ੍ਰੋਫੈਸਰ ਰਜਨੀਸ਼ ਕੌਰ ਆਰਕਟਿਕ ਯੂਨੀਵਰਸਿਟੀ ਨਾਰਵੇ ਨੇ ਆਖਿਆ ਕਿ ਕਾਨਫਰੰਸ ਵਿੱਚ ਪੇਸ਼ ਹੋਏ ਪਰਚਿਆਂ ਨੂੰ ਮਿਆਰੀ ਪੁਸਤਕ ਰੂਪ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕੀਤਾ ਜਾਣਾ ਚਾਹੀਦਾ ਹੈ।ਵਿਧਾਇਕ ਸੈਸ਼ਨ ਦੌਰਾਨ ਸਟੇਜ ਸੰਚਾਲਨ ਡਾ. ਹਰਨੀਤ ਬਲਿੰਗ ਮੁਖੀ ਸਿੱਖਿਆ ਵਿਭਾਗ ਨੇ ਕੀਤਾ ਤੇ ਧੰਨਵਾਦ ਦਾ ਮਤਾ ਡਾ. ਅੰਕਦੀਪ ਕੌਰ, ਕੋਆਰਡੀਨੇਟਰ ਯੂਨੀਵਰਸਿਟੀ ਆਈਕਿਊਏਸੀ ਸੈੱਲ ਨੇ ਕੀਤਾ।ਦੂਜੇ ਦਿਨ ਦੇ ਅਕਾਦਮਿਕ ਸੈਸ਼ਨਾਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ: ਬਾਣੀਕਾਰ, ਸੰਕਲਨ ਵਿਸ਼ਵ ਧਰਮ, ਦਰਸ਼ਨ ਤੇ ਵਿਆਖਿਆ ਸੈਕਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਮਲਕਿੰਦਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੀਤੀ।ਇਸ ਸੈਕਸ਼ਨ ਵਿਚ ਲੈਫਟੀਨੈਂਟ ਜਨਰਲ ਰਜਿੰਦਰ ਸਿੰਘ ਸੁਜਲਾਣਾ, ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਡਾ. ਹਰਦੇਵ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਨੇ ਵਿਸ਼ਾ ਮਾਹਰ ਦੇ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਸੈਕਸ਼ਨ ਵਿੱਚ 25 ਬੁਲਾਰਿਆਂ ਨੇ ਆਪਣੇ ਖੋਜ ਪਰਚੇ ਪੇਸ਼ ਕੀਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ: ਗੁਰਮਤਿ ਸੰਗੀਤ ਸੈਕਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਜਸਪਾਲ ਕੌਰ ਕਾਂਗ, ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਨੇ ਕੀਤੀ।ਇਸ ਸੈਕਸ਼ਨ ਵਿਚ ਡਾ. ਹਰਜਸ ਕੌਰ, ਸਾਬਕਾ ਵਾਈਸ ਪ੍ਰਿੰਸੀਪਲ ਸਰਕਾਰੀ ਕਾਲਜ ਰੋਪੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਡਾ. ਕਿਰਨਦੀਪ ਕੌਰ ਸਹਾਇਕ ਪ੍ਰੋਫੈਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਤੇ ਹਰਪ੍ਰੀਤ ਸਿੰਘ ਮੁਖੀ ਗੁਰਮਤਿ ਸੰਗੀਤ ਵਿਭਾਗ ਨੇ ਵਿਸ਼ਾ ਮਾਹਰ ਦੇ ਤੌਰ 'ਤੇ ਸ਼ਮੂਲੀਅਤ ਕੀਤੀ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨ ਪ੍ਰਬੰਧ ਤੇ ਤਕਨੀਕ ਸੈਕਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਜਗਬੀਰ ਸਿੰਘ ਸੇਵਾ ਮੁਕਤ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ ਤੇ ਡਾ. ਚਰਨ ਕਮਲ ਵਿਸ਼ਾ ਮਾਹਰ ਵਜੋਂ ਸ਼ਾਮਲ ਹੋਏ।ਦੋ ਆਨਲਾਈਨ ਸੈਸ਼ਨਾ ਸਮੇਂ ਚੇਅਰ ਪਰਸਨ ਵਜੋਂ ਪ੍ਰੋਫੈਸਰ ਗੁਰਨਾਮ ਕੌਰ, ਸੇਵਾ ਮੁਕਤ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਪ੍ਰੋਫੈਸਰ ਪ੍ਰੀਤਮ ਸਿੰਘ, ਸੇਵਾ ਮੁਕਤ, ਅਰਥਸ਼ਾਸਤਰ ਵਿਭਾਗ, ਆਕਸਫੋਰਡ ਯੂਨੀਵਰਸਿਟੀ ਨੇ ਸ਼ਿਰਕਤ ਕੀਤੀ।

## ਸਟੇਟ ਪੱਧਰੀ ਕ੍ਰਿਕਟ ਮੁਕਾਬਲਿਆਂ 'ਚ ਕਲੇਰੀਅਨ ਬੱਚਿਆਂ ਨੇ ਜਿੱਤਿਆ ਸੋਨ ਤਮਗਾ



**ਬਠਿੰਡਾ (ਰਾਜੀਵ ਗੋਇਲ)** : ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦੇ ਕ੍ਰਿਕਟ ਖਿਡਾਰੀਆਂ ਨੇ ਮੋਗਾ ਜ਼ਿਲ੍ਹੇ ਦੀ ਟੀਮ ਵੱਲੋਂ ਅੰਡਰ-19 ਲੜਕਿਆਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੁਹਾਲੀ ਵਿਖੇ ਕਰਵਾਏ ਗਏ ਪੰਜਾਬ ਸਟੇਟ ਪੱਧਰ ਦੇ ਕ੍ਰਿਕਟ ਮੁਕਾਬਲਿਆਂ ਵਿੱਚ ਭਾਗ ਲਿਆ, ਜਿਸ ਵਿੱਚ ਪਹਿਲਾ ਮੈਚ ਮੋਗਾ ਬਨਾਮ ਹੁਸ਼ਿਆਰਪੁਰ ਵਿੱਚ ਖੇਡਿਆ ਗਿਆ ਤੇ ਹੁਸ਼ਿਆਰਪੁਰ ਨੇ 127 ਦੌੜਾ ਬਣਾਈਆਂ, ਜਦਕਿ ਮੋਗੇ ਦੀ ਕ੍ਰਿਕਟ ਟੀਮ ਨੇ 12 ਓਵਰਾਂ ਵਿੱਚ ਪਹਿਲਾ ਮੈਚ ਜਿੱਤਿਆ। ਦੂਜਾ ਮੈਚ ਮੋਗਾ ਬਨਾਮ ਮਾਨਸਾ ਦੀ ਟੀਮ ਨਾਲ ਹੋਇਆ ਤੇ ਉਨ੍ਹਾਂ ਨੇ 90 ਦੌੜਾਂ ਬਣਾਈਆਂ ਅਤੇ ਮੋਗੇ ਦੀ ਟੀਮ ਨੇ 9 ਓਵਰਾਂ ਤੇ 2 ਵਿਕਟਾਂ ਨਾਲ ਮੈਚ ਜਿੱਤ ਲਿਆ। ਤੀਜਾ ਮੈਚ ਮੋਗਾ ਬਨਾਮ ਪਟਿਆਲਾ ਦੀਆਂ ਟੀਮਾਂ ਵਿੱਚ ਹੋਇਆ ਤੇ ਪਟਿਆਲਾ ਨੇ 108 ਦੌੜਾਂ ਬਣਾਈਆਂ, ਜਦਕਿ ਮੋਗੇ ਦੀ ਟੀਮ ਨੇ 14 ਓਵਰਾਂ ਵਿੱਚ ਹੀ ਵਿਰੋਧੀ ਟੀਮ ਨੂੰ ਮਾਤ ਦੇ ਦਿੱਤੀ। ਚੌਥਾ ਮੈਚ ਸੈਮੀਫਾਈਨਲ ਮੋਗਾ ਬਨਾਮ ਲੁਧਿਆਣਾ ਦੀ ਟੀਮ ਵਿੱਚ ਖੇਡਿਆ ਗਿਆ ਤੇ ਇਸ ਵਿੱਚ ਲੁਧਿਆਣਾ ਨੇ 171 ਦੌੜਾਂ ਦਾ ਟੀਚਾ ਰੱਖਿਆ ਤੇ ਮੋਗੇ ਦੀ ਟੀਮ ਨੇ 19 ਓਵਰਾਂ ਵਿੱਚ ਹੀ ਵਿਰੋਧੀ ਟੀਮ ਨੂੰ ਪਛਾੜ ਕੇ ਫਾਈਨਲ ਵਿੱਚ ਆਪਣੀ ਥਾਂ ਬਣਾਈ। ਫਾਈਨਲ ਮੈਚ ਮੋਗਾ ਬਨਾਮ ਅੰਮ੍ਰਿਤਸਰ ਦੀਆਂ ਟੀਮਾਂ ਵਿੱਚ ਹੋਇਆ ਤੇ ਇਹ ਮੈਚ ਮੋਗੇ ਦੀ ਟੀਮ ਨੇ 9 ਵਿਕਟਾਂ ਦੇ ਨਾਲ ਜਿੱਤ ਕੇ ਇਤਿਹਾਸ ਰਚ ਦਿੱਤਾ। ਇਸ ਫਾਈਨਲ ਮੈਚ ਵਿੱਚ ਮੋਗਾ ਦੀ ਟੀਮ ਦੇ ਖਿਡਾਰੀਆਂ ਹਰੀਸ਼ ਕੁਮਾਰ ਨੇ 65 ਤੇ ਸਿਧਾਰਥ ਸ਼ਰਮਾ ਨੇ 60 ਦੌੜਾਂ ਬਣਾਈਆਂ ਅਤੇ ਜਸਕਰਨ ਨੇ 1 ਵਿਕਟ ਲੈ ਕੇ ਵਿਰੋਧੀ ਟੀਮ ਨੂੰ ਖੂੰਜੇ ਲਾ ਦਿੱਤਾ ਤੇ ਟਰਾਫ਼ੀ ਜਿੱਤ ਲਈ। ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ ਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਕ੍ਰਿਕਟ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਲਖਵਿੰਦਰ ਸਿੰਘ ਬਰਾੜ ਤੇ ਅਰਸ਼ਦੀਪ ਸਿੰਘ ਮਰਾੜ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਇੱਕ ਹੋਰ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਕਲੇਰ ਸਕੂਲ ਦੇ 6 ਕ੍ਰਿਕਟ ਖਿਡਾਰੀਆਂ ਸਿਧਾਰਥ ਸ਼ਰਮਾ, ਗੁਰਬਲਜੀਤ ਸਿੰਘ, ਸਾਗਰ ਖੱਤਰੀ, ਹਰੀਸ਼ ਕੁਮਾਰ, ਜਸਕਰਨ ਸਿੰਘ ਤੇ ਜਗਮਨਦੀਪ ਸਿੰਘ ਨੂੰ ਨੈਸ਼ਨਲ ਪੱਧਰ ਦੇ ਕ੍ਰਿਕਟ ਮੁਕਾਬਲਿਆਂ ਲਈ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਇਸ ਇਤਿਹਾਸਕ ਜਿੱਤ ਉਨ੍ਹਾਂ ਦੇ ਕ੍ਰਿਕਟ ਕੋਚ ਲਖਵਿੰਦਰ ਸਿੰਘ ਬਰਾੜ ਤੇ ਅਰਸ਼ਦੀਪ ਸਿੰਘ ਮਰਾੜ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਸਕੂਲ ਪਹੁੰਚਣ ਉਪਰੰਤ ਕ੍ਰਿਕਟ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਦਾ ਨਿੱਘਾ ਸਵਾਗਤ ਕੀਤਾ ਗਿਆ।

# ਨੌਜਵਾਨ ਦੇ ਸਿਰ 'ਚ ਗੰਡਾਸੀ ਮਾਰ ਕੇ ਕਤਲ ਕਰਨ ਵਾਲਾ ਕਾਬੂ

**ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ)**

ਹਲਕਾ ਭੁਲੱਥ ਦੇ ਪਿੰਡ ਨੰਗਲ ਲੁਬਾਣਾ ਵਿਖੇ ਉਧਾਰ ਦਿੱਤੇ ਪੈਸਿਆਂ ਨੂੰ ਵਾਪਸ ਮੰਗਣ ਨੂੰ ਲੈ ਕੇ ਹੋਏ ਝਗੜੇ ਵਿਚ ਪੈਸੇ ਉਧਾਰ ਦੇਣ ਵਾਲੇ ਨੌਜਵਾਨ ਦੇ ਸਿਰ ਵਿਚ ਗੰਡਾਸੀ ਮਾਰ ਕੇ ਉਸ ਦਾ ਕਤਲ ਕਰਨ ਵਾਲੇ ਵਿਅਕਤੀ ਨੂੰ ਬੇਗੋਵਾਲ ਪੁਲਸ ਨੇ ਕਾਬੂ ਕਰ ਲਿਆ ਹੈ। ਇਹ ਜਾਣਕਾਰੀ ਡੀ.ਐੱਸ.ਪੀ.ਭੁਲੱਥ ਕਰਨੈਲ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਪਹਿਲੀ ਨਵੰਬਰ ਨੂੰ ਮਨਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਨੰਗਲ ਲੁਬਾਣਾ ਦੇਰ ਸ਼ਾਮ ਆਪਣੇ ਚਾਚੇ ਕੁਲਵੰਤ ਸਿੰਘ ਨੂੰ ਨਾਲ ਲੈ ਕੇ ਆਪਣੇ ਉਧਾਰ ਦਿੱਤੇ ਪੈਸਿਆਂ ਦੀ ਗੱਲ ਕਰਨ ਲਈ ਪਿੰਡ ਵਿਚ ਹੀ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਦੇ ਘਰ ਜਾ ਰਹੇ ਸੀ ਤਾਂ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਰਮਨਪ੍ਰੀਤ ਕੌਰ ਕਿਤੇ ਨੂੰ ਆਪਣੇ ਘਰ ਤੋਂ ਥੋੜ੍ਹਾ ਪਿੱਛੇ ਹੀ ਗਲੀ ਵਿਚ ਮਿਲ ਪਏ , ਜਿਥੇ ਮਨਪ੍ਰੀਤ ਸਿੰਘ ਨੇ ਗੁਰਪ੍ਰੀਤ ਸਿੰਘ ਨੂੰ ਉਧਾਰ ਦਿੱਤੇ ਪੈਸਿਆਂ ਬਾਰੇ ਪੁੱਛਿਆ। ਇਥੇ ਦੋਵਾਂ ਦੀ ਆਪਸ ਵਿਚ ਤੂੰ-ਤੂੰ, ਮੈਂ-ਮੈਂ ਹੋ ਪਈ।ਝਗੜੇ ਵਿਚ ਗੁਰਪ੍ਰੀਤ ਸਿੰਘ ਨੇ ਗੰਡਾਸੀ ਦਾ ਵਾਰ ਮਨਪ੍ਰੀਤ ਸਿੰਘ ਦੇ ਸਿਰ ਵਿਚ ਕੀਤਾ ਤੇ ਮਨਪ੍ਰੀਤ ਸਿੰਘ ਬੇਹੋਸ਼ ਹੋ ਕੇ ਜਮੀਨ 'ਤੇ ਡਿੱਗ ਪਿਆ , ਜਿਸ ਨੂੰ ਉਸ ਦੇ ਚਾਚੇ ਕੁਲਵੰਤ ਸਿੰਘ ਨੇ ਸਵਾਰੀ ਦਾ ਪ੍ਰਬੰਧ ਕਰਕੇ ਇਲਾਜ ਲਈ ਸਿਵਲ ਹਸਪਤਾਲ ਭੁਲੱਥ ਲਿਆਂਦਾ। ਇਥੇ ਡਾਕਟਰ ਨੇ ਮੁਢਲੀ ਸਹਾਇਤਾ ਦੇ ਕੇ ਮਨਪ੍ਰੀਤ ਸਿੰਘ ਨੂੰ ਸਿਵਲ ਹਸਪਤਾਲ ਕਪੂਰਥਲਾ ਰੈਫਰ ਕਰ ਦਿੱਤਾ। ਸਿਵਲ ਹਸਪਤਾਲ ਕਪੂਰਥਲਾ ਪੁੱਜਣ 'ਤੇ ਉਥੇ ਡਿਊਟੀ ਡਾਕਟਰ ਨੇ ਚੈੱਕ ਕਰਨ ਤੋਂ ਬਾਅਦ ਇਲਾਜ ਲਈ ਗੁਰੂ ਨਾਨਕ ਸਿਵਲ ਹਸਪਤਾਲ ਅੰਮ੍ਰਿਤਸਰ ਰੈਫਰ ਕਰ ਦਿੱਤਾ, ਜਿੱਥੇ ਮਨਪ੍ਰੀਤ ਸਿੰਘ ਦੀ 4 ਨਵੰਬਰ ਨੂੰ ਸਿਰ ਵਿਚ ਜ਼ਿਆਦਾ ਸੱਟ ਹੋਣ ਕਾਰਨ ਇਲਾਜ ਦੌਰਾਨ ਮੌਤ ਹੋ ਗਈ ਸੀ।ਡੀਐੱਸਪੀਭੁਲੱਥ ਕਰਨੈਲ ਸਿੰਘ ਨੇ ਦੱਸਿਆ ਕਿ ਕੁਲਵੰਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਨੰਗਲ ਲੁਬਾਣਾ ਨੇ ਇਸ ਸੰਬੰਧੀ ਬੇਗੋਵਾਲ ਪੁਲਸ ਨੂੰ ਦਿੱਤੇ ਬਿਆਨਾਂ ਰਾਹੀਂ ਦਸਿਆ ਕਿ ਉਸ ਦਾ ਭਤੀਜਾ ਮਨਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਨੰਗਲ ਲੁਬਾਣਾ ਪਿੰਡ ਵਿਚ ਹੀ ਖੇਤੀਬਾੜੀ ਦਾ ਕੰਮ ਕਾਰ ਕਰਦਾ ਸੀ ਅਤੇ ਉਸ ਨਾਲ ਦਿਲ ਦੀ ਹਰ ਗੱਲ ਸਾਂਝੀ ਕਰ ਲੈਂਦਾ ਸੀ। ਮਨਪ੍ਰੀਤ ਸਿੰਘ ਨੇ ਉਸ ਨੂੰ ਲਗਭਗ 2 ਮਹੀਨੇ ਪਹਿਲਾਂ ਦੱਸਿਆ ਸੀ ਕਿ ਉਸ ਨੇ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਨੂੰ 40 ਹਜ਼ਾਰ ਰੁਪਏ ਉਧਾਰੇ ਦਿੱਤੇ ਸਨ ਕਈ ਵਾਰ ਪੈਸੇ ਮੰਗਣ 'ਤੇ ਵੀ ਉਸ ਨੇ ਪੈਸੇ ਵਾਪਸ ਨਹੀਂ ਕੀਤੇ, ਜਿਸ ਦਾ ਲਿਖਤੀ ਰਾਜ਼ੀਨਾਮਾ ਵੀ ਹੋਇਆ ਸੀ।ਡੀਐੱਸਪੀਭੁਲੱਥ ਨੇ ਦਸਿਆ ਕਿ ਇਸ ਮਾਮਲੇ ਵਿਚ ਬੇਗੋਵਾਲ ਪੁਲਸ ਵੱਲੋਂ ਪਿਛਲੇ ਦਿਨੀਂ ਕੁਲਵੰਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਨੰਗਲ ਲੁਬਾਣਾ ਦੇ ਬਿਆਨਾਂ 'ਤੇ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਉਸਦੀ ਪਤਨੀ ਰਮਨਪ੍ਰੀਤ ਕੌਰ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਬੇਗੋਵਾਲ ਪੁਲਸ ਵੱਲੋਂ ਕਤਲ ਕੇਸ ਵਿੱਚ ਲੋੜੀਂਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ।

# ਪੈਨਸ਼ਨਰਾਂ ਲਈ 'ਸਪਰਸ਼ ਆਊਟਰੀਚ ਪ੍ਰੋਗਰਾਮ' 14 ਨੂੰ

**ਜਲੰਧਰ, (ਰਾਜੇਸ਼ ਥਾਪਾ)**- ਕੰਟਰੋਲਰ ਜਨਰਲ ਆਫ਼ ਡਿਫੈਂਸ ਅਕਾਊਂਟਸ, ਦਿੱਲੀ ਛਾਉਣੀ ਦੀਆਂ ਹਦਾਇਤਾਂ ਅਨੁਸਾਰ, ਸਪਰਸ਼ ਪੈਨਸ਼ਨਰਾਂ/ਪਰਿਵਾਰਕ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੀ ਪਛਾਣ ਅਤੇ ਹੱਲ ਲਈ ਜਲੰਧਰ ਵਿਖੇ ਪ੍ਰਿੰਸੀਪਲ ਕੰਟਰੋਲਰ ਆਫ਼ ਡਿਫੈਂਸ ਅਕਾਊਂਟਸ (ਆਰਮੀ), ਚੰਡੀਗੜ੍ਹ ਵੱਲੋਂ ਸਪਰਸ਼ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਪ੍ਰੋਗਰਾਮ 14ਨਵੰਬਰ (ਵੀਰਵਾਰ) ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4:00 ਵਜੇ ਤੱਕ ਵਜਰਾ ਸੈਨਿਕ ਇੰਸਟੀਚਿਊਟ ਦੁਸਹਿਰਾ ਗਰਾਊਂਡ ਦੇ ਪਿੱਛੇ ਜਲੰਧਰ ਛਾਉਣੀ ਵਿਖੇ ਕਰਵਾਇਆ ਜਾਵੇਗਾ। ਡਿਫੈਂਸ ਪੈਨਸ਼ਨਰ ਕਿਰਪਾ ਕਰਕੇ ਪੈਨਸ਼ਨ ਬੁੱਕ, ਡਿਸਚਾਰਜ ਬੁੱਕ, ਆਈ ਕਾਰਡ, ਬੈਂਕ ਪਾਸ ਬੁੱਕ, ਪੀਪੀਓ, ਅਧਾਰ ਕਾਰਡ, ਅਧਾਰ/ਸਪਰਸ਼ ਨਾਲ ਲਿੰਕ ਕੀਤਾ ਮੋਬਾਈਲ, ਆਪਣੀਆਂ ਪੈਨਸ਼ਨ ਸੰਬੰਧੀ ਸ਼ਿਕਾਇਤਾਂ ਅਤੇ ਸਾਲਾਨਾ ਜੀਵਨ ਪਛਾਣ ਦੇ ਨਿਪਟਾਰੇ ਲਈ ਸਾਰੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਅਤੇ ਆਪਣੇ ਨਾਲ ਲਿਆਉਣਾ ਯਕੀਨੀ ਬਣਾਓ।ਸ਼ਿਕਾਇਤ ਨਾਲ ਸਬੰਧਤ ਹੋਰ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਵੀ ਨਾਲ ਲੈ ਕੇ ਆਓ।

## ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਨੇ ਵਿੱਦਿਅਕ ਸੈਸ਼ਨ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਕੁਰਾਲੀ (ਮੋਹਨ ਅੰਗਰਵਾਲ)**-ਦੇਸ਼ ਭਗਤ ਡੈਂਟਲ ਕਾਲਜ ਅਤੇ ਹਸਪਤਾਲ ਮੰਡੀ ਗੋਬਿੰਦਗੜ੍ਹ ਵੱਲੋਂ ਵਾਹਿਗੁਰੂ ਦਾ ਆਸ਼ੀਰਵਾਦ ਲੈਣ ਲਈ ਡੈਂਟਲ ਹਸਪਤਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਹ ਧਾਰਮਿਕ ਸਮਾਗਮ ਅਕਾਦਮਿਕ ਸੈਸ਼ਨ 2024 ਲਈ ਕਲਾਸਾਂ ਦੀ ਸ਼ੁਰੂਆਤ ਤੋਂ ਪਹਿਲਾਂ ਕਰਵਾਇਆ ਗਿਆ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਪਵਿੱਤਰ ਪਾਠ ਦੌਰਾਨ ਉਪ ਕੁਲਪਤੀ ਡਾ. ਅਭਿਜੀਤ ਜੋਸ਼ੀ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਅਤੇ ਡਾ. ਸੁਰਜੀਤ ਕੌਰ ਪਥੇਜਾ ਵੀ ਮੌਜੂਦ ਸਨ। ਇਸ ਸਮਾਗਮ ਦੇ ਕਨਵੀਨਰ ਵਾਈਸ ਪ੍ਰਿੰਸੀਪਲ ਡਾ. ਤੇਜਵੀਰ ਸਿੰਘ ਨੇ ਪਤਵੰਤਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ।ਦੇਸ਼ ਭਗਤ ਡੈਂਟਲ ਕਾਲਜ ਅਤੇ ਹਸਪਤਾਲ ਦੇ ਸਮੂਹ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਆਸ਼ੀਰਵਾਦ ਲੈਣ ਲਈ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਏ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸ਼ਬਦ ਕੀਰਤਨ ਕੀਤਾ ਗਿਆ, ਜਿਸ ਨੇ ਸਮੁੱਚੇ ਮਾਹੌਲ ਨੂੰ ਪਵਿੱਤਰਤਾ ਅਤੇ ਆਸ਼ਾਵਾਦ ਨਾਲ ਭਰ ਦਿੱਤਾ।

# ਸਫਾਈ ਕਰਮਚਾਰੀਆਂ ਦੀਆਂ ਮੰਗਾਂ ਪ੍ਰਵਾਨ ਨਾ ਹੋਈਆਂ ਤਾਂ ਸੰਘਰਸ਼ ਤੇਜ਼ ਕਰਾਂਗੇ : ਤਰਸੇਮ, ਮਾਇਆ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਓਂਕਾਰ ਸਿੰਘ)**



ਟਾਂਡਾ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਨੂੰ ਖ਼ਤਮ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਫਾਈ ਸੇਵਕ ਯੂਨੀਅਨ ਟਾਂਡਾ ਦੀ ਪ੍ਰਧਾਨ ਮਾਇਆ ਦੀ ਅਗਵਾਈ ਵਿੱਚ ਨਗਰ ਕੌਂਸਲ ਦੇ ਦਫਤਰ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੰਜਾਬ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਦੇ ਪੰਜਾਬ ਜਨਰਲ ਸਕੱਤਰ ਕੁਲਵੰਤ ਸਿੰਘ, ਨਗਰ ਨਿਗਮ ਹੁਸ਼ਿਆਰਪੁਰ ਦੇ ਸਫਾਈ ਸੇਵਕ ਸੋਮ ਆਦਿਆ ਕਮੇਟੀ ਮੈਂਬਰ ਅਤੇ ਕਰਮਚਾਰੀ ਸੰਗਠਨ ਯੂਨੀਅਨ ਕੌਂਸਲ ਟਾਂਡਾ ਦੇ ਪ੍ਰਧਾਨ ਤਰਸੇਮ ਲਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਤਰਸੇਮ ਲਾਲ ਅਤੇ ਸ੍ਰੀਮਤੀ ਮਾਇਆ ਨੇ ਕਿਹਾ ਕਿ ਕਾਫੀ ਸਮੇਂ ਤੋਂ ਲਟਕਦੀਆਂ ਆ ਰਹੀਆਂ ਸਫਾਈ ਸੇਵਕਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਅਤੇ ਉਨ੍ਹਾਂ ਨੂੰ ਦਰਪੇਸ਼ ਔਕੜਾਂ ਨੂੰ ਖ਼ਤਮ ਨਾ ਕਰਨ ਕਾਰਨ ਸਫਾਈ ਕਰਮਚਾਰੀਆਂ ਵਿੱਚ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ, ਜਿਸ ਨੂੰ ਕਰਮਚਾਰੀ ਸੰਗਠਨ ਯੂਨੀਅਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਪੰਜਾਬ ਸਰਕਾਰ ਅਤੇ ਸਥਾਨਕ ਕੌਂਸਲ ਅਧਿਕਾਰੀਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਫਾਈ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਜਲਦ ਪਰਵਾਨ ਨਾ ਕੀਤੀਆਂ ਅਤੇ ਦਰਪੇਸ਼ ਔਕੜਾਂ ਖ਼ਤਮ ਨਾ ਕੀਤੀਆਂ ਤਾਂ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਜਾਵੇਗਾ। ਮੌਕੇ 'ਤੇ ਪਹੁੰਚੇ ਨਗਰ ਕੌਂਸਲ ਟਾਂਡਾ ਦੇ ਕਾਰਜ ਸਾਧਕ ਅਫਸਰ ਰਾਮ ਪ੍ਰਕਾਸ਼ ਅਤੇ ਸੈਨੇਟਰੀ ਇੰਸਪੈਕਟਰ ਨੇ ਸਫਾਈ ਕਰਮਚਾਰੀ ਯੂਨੀਅਨ ਦੇ ਸਮੂਹ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਸਫਾਈ ਕਰਮਚਾਰੀਆਂ ਨੂੰ ਦਰਪੇਸ਼ ਔਕੜਾਂ ਨੂੰ ਜਲਦ ਖ਼ਤਮ ਕਰ ਦਿੱਤਾ ਜਾਵੇਗਾ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਸਰਕਾਰ ਨੂੰ ਲਿਖਤੀ ਰੂਪ ਵਿੱਚ ਭੇਜ ਦਿੱਤੀਆਂ ਜਾਣਗੀਆਂ ਅਤੇ ਸਰਕਾਰ ਵੱਲੋਂ ਪ੍ਰਵਾਨਗੀ ਮਿਲਣ ਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਗੋਲਡੀ, ਰਾਕੇਸ਼ ਕੁਮਾਰ, ਰਜੇਸ਼ ਕੁਮਾਰ, ਭੋਲੀ ਵਾਈਸ ਪ੍ਰਧਾਨ, ਮਦਨ ਲਾਲ, ਦੀਪਕ ਮੱਟੂ, ਅਜੇ ਕੁਮਾਰ ਖੋਸਲਾ, ਪਰਮਜੀਤ ਖੋਸਲਾ, ਪੰਕਜ ਖੋਸਲਾ, ਸੋਹਨ ਲਾਲ ਭੱਟੀ, ਪ੍ਰਿਥਵੀ ਮੱਟੂ, ਜਤਿੰਦਰ ਕੁਮਾਰ, ਰਾਣੀ, ਨੀਰਜ ਭੱਟੀ, ਸੀਤਲ ਮੱਟੂ, ਵਿਨੀ ਹੈਪੀ ਮੱਟੂ, ਮਨੀ ਹੰਸ ਅਤੇ ਹੋਰ ਸਫਾਈ ਕਰਮਚਾਰੀ ਹਾਜ਼ਰ ਸਨ।

# ਦੁਕਾਨ 'ਚ ਦੂਜੀ ਵਾਰ ਚੋਰੀ, ਪੁਲਸ ਨੇ ਦੋਨੋਂ ਵਾਰ ਨਹੀਂ ਕੀਤੀ ਕਾਰਵਾਈ



**ਭੋਗਪੁਰ- (ਗੁਰਪ੍ਰੀਤ ਸਿੰਘ ਭੋਗਲ)**

ਭੋਗਪੁਰ ਅਧੀਨ ਪੈਂਦੇ ਪਿੰਡ ਲੁਹਾਰਾਂ (ਮ) ਦੇ ਅੱਡੇ 'ਤੇ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੁਕਾਨ ਦੇ ਮਾਲਕ ਕੀਰਤਨ ਸਿੰਘ ਨੇ ਦੱਸਿਆ ਕਿ ਲੰਘੀ ਦੀਵਾਲੀ ਦੀ ਰਾਤ ਉਹ ਆਪਣੀ ਦੁਕਾਨ ਬੰਦ ਕਰਕੇ ਘਰ ਗਏ ਸਨ। ਜਦੋਂ ਉਹਨਾਂ ਸਵੇਰੇ ਆ ਕੇ ਆਪਣੀ ਦੁਕਾਨ ਦੇ ਤਾਲੇ ਖੋਲ੍ਹੇ ਤਾਂ ਦੇਖਿਆ ਤੇ ਦੁਕਾਨ ਦੀ ਪਿਛਲੀ ਕੰਧ ਪਾੜੀ ਹੋਈ ਸੀ। ਅਣਪਛਾਤੇ ਚੋਰ ਦੁਕਾਨ ਦੇ ਅੰਦਰ ਦਾਖਲ ਹੋ ਕੇ ਦੁਕਾਨ ਵਿੱਚੋਂ ਘਿਓ ਦੇ ਟੀਨ, ਠੰਡਾ ਅਤੇ ਹੋਰ ਸਾਮਾਨ ਚੁੱਕ ਕੇ ਲੈ ਗਏ, ਜਿਸ ਦੀ ਕੀਮਤ 25 ਤੋਂ 30 ਹਜ਼ਾਰ ਬਣਦੀ ਹੈ। ਇਸ ਬਾਰੇ ਦਰਖਾਸਤ 2 ਨਵੰਬਰ ਸਵੇਰ ਨੂੰ ਭੋਗਪੁਰ ਥਾਣੇ ਵਿਖੇ ਦੇ ਦਿੱਤੀ ਗਈ ਸੀ। ਇੱਕ ਹਫਤਾ ਬੀਤ ਜਾਣ 'ਤ ਵੀ ਘਟਨਾ 'ਤੇ ਪੁਲਸ ਮੁਲਾਜ਼ਮ ਮੌਕਾ ਦੇਖਣ ਨਹੀਂ ਪਹੁੰਚੇ। ਇਸ ਮੌਕੇ ਕੀਰਤਨ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਹਿਲਾਂ ਵੀ ਦੁਕਾਨ 'ਤੇ ਚੋਰੀ ਹੋ ਚੁੱਕੀ ਹੈ। ਪਹਿਲਾਂ ਵੀ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਅਤੇ ਹੁਣ ਵੀ ਭੋਗਪੁਰ ਪੁਲਸ ਇੱਕ ਹਫਤਾ ਬੀਤ ਜਾਣ 'ਤੇ ਨਹੀਂ ਪਹੁੰਚੀ।

# ਕਰੀਮਪੁਰੀ ਦੇ ਪੰਜਾਬ ਪ੍ਰਧਾਨ ਬਣਨ 'ਤੇ ਵਕੀਲਾਂ ਨੇ ਵੰਡੇ ਲੱਡੂ



**ਹੁਸ਼ਿਆਰਪੁਰ (ਓ ਪੀ ਰਾਣਾ)**

ਬਹੁਜਨ ਸਮਾਜ ਪਾਰਟੀ ਸੁਪਰੀਮੋ ਮਾਇਆਵਤੀ ਵਲੋਂ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੂੰ ਬਸਪਾ ਪੰਜਾਬ ਦਾ ਪ੍ਰਧਾਨ ਲਗਾਉਣ 'ਤੇ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਮੈਂਬਰਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਬਸਪਾ ਸੁਪਰੀਮੋ ਮਾਇਆਵਤੀ ਦੇ ਫੈਸਲੇ ਦਾ ਭਰਵਾਂ ਸਵਾਗਤ ਕੀਤਾ।ਇਸ ਮੌਕੇ ਐਡਵੋਕੇਟ ਧਰਮਿੰਦਰ ਕੁਮਾਰ ਦਾਦਰਾ ਮੈਂਬਰ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਸਾਬਕਾ ਵਾਈਸ ਪ੍ਰਧਾਨ ਅਤੇ ਐਡਵੋਕੇਟ ਪਲਵਿੰਦਰ ਕੁਮਾਰ ਮਾਨਾ ਨੇ ਬਸਪਾ ਸੁਪਰੀਮੋ ਮਾਇਆਵਤੀ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸਿਰਫ ਬਹੁਜਨ ਸਮਾਜ ਪਾਰਟੀ ਹੀ ਇਕ ਅਜਿਹੀ ਰਾਸ਼ਟਰੀ ਪਾਰਟੀ ਹੈ ਜੋ ਗਰੀਬਾਂ, ਸੋਸ਼ਤਾਂ, ਪਛੜਿਆਂ, ਮਜ਼ਦੂਰਾਂ, ਕਿਸਾਨਾਂ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦੀ ਹੈ।ਪਿਛਲੇ ਸਮੇਂ ਤੋਂ ਬਸਪਾ ਦੇ ਨਿਘਾਰ ਵੱਲ ਜਾਣ ਕਰਕੇ ਇਨ੍ਹਾਂ ਵਰਗਾਂ ਲਈ ਕੋਈ ਅੰਦੋਲਨ ਨਹੀਂ ਹੋਇਆ, ਜਿਸ ਕਰਕੇ ਸੰਵਿਧਾਨਕ ਹੱਕਾਂ ਨੂੰ ਭਾਰੀ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਅਵਤਾਰ ਸਿੰਘ ਕਰੀਮਪੁਰੀ ਬਹੁਤ ਸੁਲਝੇ ਹੋਏ ਤੇ ਬਸਪਾ ਸੰਗਠਨ ਨੂੰ ਮਜ਼ਬੂਤ ਕਰਨ, ਲੋਕ ਹਿਤਾਂ ਲਈ ਵੱਡੇ ਅੰਦੋਲਨ ਚਲਾਉਣ ਦੀ ਮੁਹਾਰਤ ਰੱਖਦੇ ਹਨ। ਇਸ ਲਈ ਕਰੀਮਪੁਰੀ ਦੇ ਮੁੜ ਬਸਪਾ ਪੰਜਾਬ ਪ੍ਰਧਾਨ ਬਣਨ 'ਤੇ ਆਗੂਆਂ, ਵਰਕਰਾਂ ਦੇ ਨਾਲ ਨਾਲ ਮੁਲਾਜਮ, ਵਕੀਲ ਭਾਈਚਾਰੇ ਵਿਚ ਵੀ ਭਾਰੀ ਉਤਸ਼ਾਹ, ਜੋਸ਼ ਅਤੇ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਐਡਵੋਕੇਟ ਬੀ ਆਰ ਦਾਦਰਾ, ਐਡ.ਕੇ ਐਸ ਭੱਟੀ, ਐਡ. ਕਮਲਜੀਤ ਸਰੋਆ, ਐਡ. ਦਲਬੀਰ ਬੰਗਾ, ਐਡ.ਰਣਜੀਤ ਕਲਸੀ, ਐਡ ਕੁਲਦੀਪ ਸਿੰਘ, ਐਡ. ਗੁਰਇਕਬਾਲ ਸਿੰਘ, ਐਡ. ਬਲਜਿੰਦਰ ਸਿੰਘ, ਐਡ. ਕੈਲਾਸ਼ ਕਟਨੋਰਿਆ, ਐਡ.ਪਰਮਜੀਤ ਸਿੰਘ, ਐਡ. ਲਸ਼ਕਰ ਸਿੰਘ ਸਾਬਰਾ, ਐਡ. ਪਦਮ, ਐਡ. ਐਸ ਐਸ ਕੋਟਲੀ, ਐਡ. ਜਯੋਤੀ ਸੂਦ, ਐਡ ਨੈਨਸੀ, ਐਡ.ਰਨਦੀਪ, ਐਡ.ਗੁਰਪ੍ਰੀਤ ਕੌਰ, ਐਡ. ਪ੍ਰੀਤੀ, ਐਡ. ਅੰਜੁਲੀ, ਐਡ. ਪੂਨਮ, ਐਡ. ਸ਼ੁਬਮ ਮਰਵਾਹਾ, ਐਡ.ਥੈਰੀ ਥਰਲੀਨ ਵੀ ਹਾਜ਼ਰ ਸਨ।

# 'ਕੋਈ ਵੀ ਨਾਗਰਿਕ ਗਰੀਬੀ ਕਾਰਨ ਇਨਸਾਫ਼ ਪ੍ਰਾਪਤੀ ਤੋਂ ਵਾਂਝਾ ਨਾ ਰਹੇ'

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ 'ਇਨਸਾਫ ਸਭਨਾਂ ਲਈ' ਦੇ ਉਦੇਸ਼ ਨੂੰ ਲੈ ਕੇ ਲੀਗਲ ਸਰਵਿਸਿਜ਼ ਅਥਾਰਟੀ ਐਕਟ-1987 ਮਿਤੀ 09-11-1965 ਨੂੰ ਦੇਸ਼ ਭਰ ਵਿੱਚ ਲਾਗੂ ਕੀਤਾ ਗਿਆ ਸੀ। ਇਸ ਲਈ ਇਸ ਦਿਨ ਨੂੰ ਕਾਨੂੰਨੀ ਸੇਵਾਵਾਂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ-39 ਏ ਦੇ ਉਪਬੰਧ ਅਨੁਸਾਰ ਸਰਕਾਰਾਂ ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਇਸ ਵਿਚਾਰ ਨਾਲ ਕਾਨੂੰਨੀ ਸਹਾਇਤਾ ਦੇਣਗੀਆਂ ਕਿ ਨਿਆਂ ਪ੍ਰਣਾਲੀ ਉਨ੍ਹਾਂ ਦੀ ਪਹੁੰਚ ਦੇ ਅੰਦਰ ਹੋਵੇ। ਇਹ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਆਰਥਿਕ ਕਾਰਨਾਂ ਜਾਂ ਅਜਿਹੀ ਕਿਸੇ ਹੋਰ ਘਾਟ ਦੇ ਕਾਰਨ ਕੋਈ ਨਾਗਰਿਕ ਨਿਆਂ ਪ੍ਰਾਪਤ ਕਰਨ ਤੋਂ ਵਾਂਝਾ ਨਾ ਰਹਿ ਜਾਵੇ। ਇਸ ਐਕਟ ਅਧੀਨ ਮਿਤੀ 04-10-1996 ਨੂੰ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਗਠਨ ਕੀਤਾ ਗਿਆ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਇਸ ਅਥਾਰਟੀ ਦੇ ਪੈਟਰਨ-ਇਨ-ਚੀਫ ਹਨ। ਸਮੁੱਚੇ ਪ੍ਰੋਗਰਾਮ ਨੂੰ ਹੇਠਲੇ ਪੱਧਰ ਤੇ ਲਾਗੂ ਕਰਨ ਲਈ ਜ਼ਿਲ੍ਹਾ ਅਤੇ ਉਪ ਮੰਡਲ ਪੱਧਰ ਤੇ ਵੀ ਅਥਾਰਿਟੀ ਦੀਆਂ ਇਕਾਈਆਂ ਦਾ ਗਠਨ ਕੀਤਾ ਗਿਆ ਹੈ। ਅਥਾਰਟੀ ਵਲੋਂ ਸਮਾਜ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਉਹਨਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਕੌਣ ਲੋਕ ਹਨ ਮੁਫ਼ਤ ਕਾਨੂੰਨੀ ਸਹਾਇਤਾ ਦੇ ਹੱਕਦਾਰ ? ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਮੈਂਬਰ, ਵੱਡੀ ਮੁਸੀਬਤ/ਕੁਦਰਤੀ ਆਫਤਾਂ ਦੇ ਪੀੜਤ, ਬੰਧੂਆ ਮਜ਼ਦੂਰੀ ਦਾ ਸ਼ਿਕਾਰ, ਉਦਯੋਗਿਕ ਕਾਮੇ, ਔਰਤਾਂ/ਬੱਚੇ, ਹਵਾਲਾਤੀ, ਮਾਨਸਿਕ ਰੋਗੀ/ਅਪੰਗ ਅਤੇ ਜਿਸ ਵਿਅਕਤੀ ਦੇ ਪਰਵਾਰ ਦੀ ਸਾਲਾਨਾ ਆਮਦਨ 3,00,000 ਰੁਪਏ ਤੋਂ ਘੱਟ ਹੋਵੇ ਮੁਫਤ ਕਾਨੂੰਨੀ ਸੇਵਾ ਲੈਣ ਦੇ ਹੱਕਦਾਰ ਹਨ। ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਅਥਾਰਟੀ ਵੱਲੋਂ ਮੁਫਤ ਜਾਰੀ ਕੀਤੇ ਜਾਂਦੇ ਨਿਰਧਾਰਤ ਪ੍ਰੋਫਾਰਮਾ ਭਰ ਕੇ ਸਬੰਧਿਤ ਮਾਣਯੋਗ ਅਦਾਲਤ, ਅਥਾਰਟੀ ਦੇ ਫਰੰਟ ਅਫਿਸ, ਲੀਗਲ ਏਡ ਕਲੀਨਿਕ, ਲੀਗਲ ਲਿਟਰੈਸੀ ਕੱਲਬ ਪਾਸ ਪੇਸ਼ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਅਥਾਰਟੀ ਵਲੋਂ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਟੋਲ ਫਰੀ ਨੰਬਰ 1968 ਵੀ ਜਾਰੀ ਕੀਤਾ ਗਿਆ ਹੈ। ਮੁਫਤ ਕਾਨੂੰਨੀ ਸਹਾਇਤਾ ਵਿੱਚ ਕੀ ਮਿਲਦਾ ਹੈ। ਮੁਫਤ ਕਾਨੂੰਨੀ ਸਹਾਇਤਾ ਵਿੱਚ ਕੇਸ ਲੜਨ ਜਾਂ ਕਾਨੂੰਨੀ ਸਲਾਹ ਲਈ ਵਕੀਲਾਂ ਦੀਆਂ ਸੇਵਾਵਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆ ਹਨ। ਵਕੀਲਾਂ ਦੀਆਂ ਸੇਵਾਵਾਂ ਦੀ ਫੀਸ, ਕੋਰਟ ਫੀਸ, ਤਲਬਾਨਾ ਫੀਸ, ਗਵਾਹਾਂ ਦੇ ਖਰਚੇ ਅਤੇ ਹੋਰ ਸਬੰਧਿਤ ਫੁਟਕਲ ਖਰਚਿਆਂ ਦੀ ਅਦਾਇਗੀ ਅਥਾਰਟੀ ਵੱਲੋਂ ਕੀਤੀ ਜਾਂਦੀ ਹੈ।




# ਬਾਬਾ ਖਾਟੂ ਸ਼ਿਆਮ ਦੇ ਜਨਮ ਦਿਨ ਦੇ ਸੰਬੰਧ 'ਚ ਸ਼ੋਭਾ ਯਾਤਰਾ ਭਲਕੇ

**ਮਹਿਤਪੁਰ (ਰਾਜਾ)**- ਸ਼ਿਵ ਮੰਦਰ ਮਹਿਤਪੁਰ ਵਿਖੇ ਬਾਬਾ ਖਾਟੂ ਸ਼ਿਆਮ ਜੀ ਦਾ ਜਨਮ ਦਿਹਾੜਾ 11 ਨਵੰਬਰ ਨੂੰ ਬੜੀ ਹੀ ਸ਼ਰਧਾ ਪੂਰਵਕ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕਮੇਟੀ ਮੈਂਬਰਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ 11 ਨਵੰਬਰ ਨੂੰ ਸ਼ੋਭਾ ਯਾਤਰਾ ਸ਼ਿਵ ਮੰਦਰ ਤੋਂ 12 ਵਜੇ ਦੁਪਹਿਰ ਰਵਾਨਾ ਹੋਵੇਗੀ। ਬਾਬਾ ਖਾਟੂ ਸਿਆਮ ਜੀ ਦਾ ਗੁਣਗਾਨ ਬੱਸ ਸਟੈਂਡ ਮਹੱਤਪੁਰ ਵਿਖੇ 8 ਵਜੇ ਰਾਤ ਨੂੰ ਕੀਤਾ ਜਾਵੇਗਾ, ਜਿਸ ਵਿੱਚ ਮੁਸਕਾਨ ਐਂਡ ਪਾਰਟੀ ਦਿੱਲੀ ਵਾਲੇ ਗੁਣਗਾਨ ਕਰਨਗੇ ਅਤੇ ਕੇਕ ਦੀ ਰਸਮ ਰਾਤ 12 ਵਜੇ ਹੋਵੇਗੀ। ਇਸ ਮੌਕੇ ਲੰਗਰ ਅਟੁੱਟ ਵਰਤਾਇਆ ਜਾਵੇਗਾ।

# ਕਿਸਾਨਾਂ ਨੂੰ ਮੰਡੀਆਂ 'ਚ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ : ਡਿਪਟੀ ਕਮਿਸ਼ਨਰ

**ਜਲੰਧਰ, (ਸ਼ੈਲੀ ਐਲਬਰਟ)**-ਪੰਜਾਬ ਸਰਕਾਰ ਵਲੋਂ ਝੋਨੇ ਦਾ ਇਕ-ਇਕ ਦਾਣਾ ਖਰੀਦਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ ਖ਼ਰੀਦ ਕੀਤੇ ਗਏ ਝੋਨੇ ਦੀ 1792 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 803739 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 799429 ਮੀਟ੍ਰਿਕ ਟਨ ਝੋਨੇ ਦੀ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਭਰ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਤੇਜ਼ੀ ਨਾਲ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਬੀਤੇ ਦਿਨ ਤੱਕ 398789 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ, ਜਿਸ ਸਬੰਧੀ ਅਧਿਕਾਰੀਆਂ ਨੂੰ ਸਮੇਂ-ਸਮੇਂ 'ਤੇ ਹਦਾਇਤਾਂ ਕੀਤੀਆਂ ਜਾ ਰਹੀਆਂ ਹਨ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਪੱਸ਼ਟ ਕਿਹਾ ਕਿ ਝੋਨੇ ਦੀ ਖ਼ਰੀਦ ਪ੍ਰਕਿਰਿਆ ਵਿੱਚ ਦੇਰੀ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਣਗਹਿਲੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਸੁਚੱਜੇ ਅਤੇ ਅਸਰਦਾਰ ਢੰਗ ਨਾਲ ਝੋਨੇ ਦੀ ਚੁਕਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਬੰਧਤ ਐਸ.ਡੀ.ਐਮਜ਼ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਪ੍ਰਕਿਰਿਆ 'ਤੇ ਬਾਰੀਕੀ ਨਾਲ ਨਜ਼ਰ ਰੱਖਣ, ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਡਾ. ਅਗਰਵਾਲ ਨੇ ਪੰਜਾਬ ਸਰਕਾਰ ਦੀ ਕਿਸਾਨਾਂ ਦੀ ਫ਼ਸਲ ਖ਼ਰੀਦ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਕੋਈ ਕਮੀ ਨਹੀਂ ਰਹਿਣ ਦੇਵੇਗਾ।

# 398789 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ : ਡਿਪਟੀ ਕਮਿਸ਼ਨਰ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਰਕਾਰ ਵਲੋਂ ਝੋਨੇ ਦਾ ਇੱਕ-ਇੱਕ ਦਾਣਾ ਖਰੀਦਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ ਖ਼ਰੀਦ ਕੀਤੇ ਗਏ ਝੋਨੇ ਦੀ 1792 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 803739 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 799429 ਮੀਟ੍ਰਿਕ ਟਨ ਝੋਨੇ ਦੀ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦ ਕੀਤੀ ਜਾ ਚੁੱਕੀ ਹੈ ਅਤੇ ਬੀਤੇ ਦਿਨ ਤੱਕ 398789 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਝੋਨੇ ਦੀ ਖ਼ਰੀਦ ਪ੍ਰਕਿਰਿਆ ਵਿੱਚ ਦੇਰੀ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਣਗਹਿਲੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਬੰਧਿਤ ਐਸੱਡੀਐਮੱਜ਼ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਪ੍ਰਕਿਰਿਆ 'ਤੇ ਨਜ਼ਰ ਰੱਖਣ, ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਹੱਪੋਵਾਲ ਦੀ ਪੰਚਾਇਤ ਵੱਲੋਂ ਸ਼ੁਕਰਾਨਾ ਸਮਾਗਮ



**ਬੰਗਾ (ਅਵਤਾਰ ਕਲੇਰ)** ਪਿੰਡ ਹੱਪੋਵਾਲ ਦੀ ਨਵੀਂ ਬਣੀ ਪੰਚਾਇਤ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਏ ਗਏ।ਡਾ: ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਡਾ: ਸੁੱਖੀ ਨੇ ਕਿਹਾ ਕਿ ਪਿੰਡ ਦੇ ਵਿਕਾਸ ਲਈ ਲਈ ਹਰ ਤਰ੍ਹਾਂ ਦਾ ਸਾਥ ਦਿੱਤਾ ਜਾਵੇਗਾ ਅਤੇ ਗ੍ਰਾਂਟਾਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ।ਉਹਨਾਂ ਨਵੀਂ ਚੁਣੀ ਗਈ ਪੰਚਾਇਤ ਨੂੰ ਮੁਬਾਰਕਬਾਦ ਦਿੱਤੀ ਅਤੇ ਸਰਪੰਚ ਗੁਰਿੰਦਰ ਸਿੰਘ ਨੂੰ ਸਿਰੋਪਾਓ ਦੇ ਕੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਸੋਹਣ ਲਾਲ ਢੰਡਾ, ਗੁਰਮੁੱਖ ਸਿੰਘ ਪੰਚ, ਸੁਖਪ੍ਰੀਤ ਸਿੰਘ ਪੰਚ, ਕੁਲਵਿੰਦਰ ਕੌਰ ਪੰਚ, ਰਾਜ ਕੁਮਾਰ ਪੰਚ, ਜਸਵੀਰ ਕੌਰ ਪੰਚ, ਤ੍ਰਿਪਤਾ ਰਾਣੀ ਪੰਚ, ਕੇਵਲ ਰਾਮ ਪੰਚ, ਲੰਬਰਦਾਰ ਬਲਵੀਰ ਰਾਮ, ਲੰਬਰਦਾਰ ਕੁਲਦੀਪ ਸਿੰਘ, ਮੋਹਨ ਸਿੰਘ ਕੰਦੋਲਾ, ਬਲਦੇਵ ਰਾਜ ਬੱਸੀ, ਹਰਦੀਪ ਰਾਏ, ਸੁਖਵੀਰ ਸਿੰਘ, ਗੁਰਦੇਵ ਸਿੰਘ, ਕੁਲਦੀਪ ਕੁਮਾਰ ਹਾਜ਼ਰ ਸਨ।

# ਠੱਗੀ ਦਾ ਸ਼ਿਕਾਰ ਹੋਣ ਵਾਲਿਆਂ ਦਾ ਕੇਸ ਲੜਨਗੇ ਗੁਰਮੋਹਨ ਪ੍ਰੀਤ ਸਿੰਘ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**



ਪਿਛਲੇ ਦਿਨਾਂ ਵਿੱਚ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਨੋਸਰਬਾਜਾਂ ਵੱਲੋਂ ਲੱਖਾਂ ਦੀਆਂ ਠੱਗੀਆਂ ਮਾਰੀਆਂ ਗਈਆਂ ਸਨ, ਜਿਨਾਂ ਨੂੰ ਅੰਮ੍ਰਿਤਸਰ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।ਇਹਨਾਂ ਨੋਸਰਬਾਜਾਂ ਵੱਲੋਂ ਜਿਨ੍ਹਾਂ ਜਿਨ੍ਹਾਂ ਲੋਕਾਂ ਨਾਲ ਠੱਗੀਆਂ ਮਾਰੀਆਂ ਗਈਆਂ ਸਨ, ਉਹਨਾਂ ਦੇ ਕੇਸ ਲੜਨ ਦਾ ਐਲਾਨ ਸ਼੍ਰੀ ਅਨੰਦਪੁਰ ਸਾਹਿਬ ਦੇ ਰਹਿਣ ਵਾਲੇ ਹਾਈਕੋਰਟ ਦੇ ਉੱਘੇ ਵਕੀਲ ਗੁਰਮੋਹਨ ਪ੍ਰੀਤ ਸਿੰਘ ਨੇ ਕੀਤਾ ਹੈ। ਉਹਨਾਂ ਕਿਹਾ ਕਿ ਇਹਨਾਂ ਨੋਸਰਬਾਜਾਂ ਵੱਲੋਂ ਜਿਹੜੀਆਂ ਠੱਗੀਆਂ ਮਾਰੀਆਂ ਗਈਆਂ ਬਾਅਦ ਵਿੱਚ ਪਤਾ ਲੱਗਿਆ ਕਿ ਇਹ ਠੱਗੀਆਂ ਇਕੱਲੀਆਂ ਆਨੰਦਪੁਰ ਸਾਹਿਬ ਹੀ ਨਹੀਂ ਸਗੋ,ਅੰਮ੍ਰਿਤਸਰ ਦੇ ਵਿੱਚ ਵੀ ਮਾਰੀਆਂ ਗਈਆਂ। ਉਨ੍ਹਾਂ ਕਿਹਾ ਕਿ ਮੈਂ ਸਾਰੇ ਕੇਸਾਂ ਇਲਾਕੇ ਦੇ ਲੋਕਾਂ ਲਈ ਕਾਨੂੰਨੀ ਪੈਰਵਾਈ ਕਰ ਰਿਹਾ ਹਾਂ ।ਉਨ੍ਹਾਂ ਕਿਹਾ ਨੋਸਰਬਾਜਾਂ ਦਾ ਇੱਕ ਛੋਟਾ ਭਰਾ ਕੱਲ੍ਹ ਇੱਕ ਬਾਣਾਧਾਰੀ ਨਿਹੰਗ ਸਿੰਘਾਂ ਦੀ ਜਥੇਬੰਦੀ ਦੁਆਰਾ ਪੁਲਸ ਦੇ ਸਪੁਰਦ ਕੀਤਾ ਗਿਆ ਤੇ ਇਸ ਦਾ ਵੱਡਾ ਭਰਾ ਮੌਕੇ ਤੋਂ ਫਰਾਰ ਹੋ ਗਿਆ । ਗੁਰਮੋਹਨਪ੍ਰੀਤ ਸਿੰਘ ਦੱਸਿਆ ਕਿ ਮੈਂ ਆਨੰਦਪੁਰ ਵਾਸੀਆਂ ਨੂੰ ਇੱਕ ਵਾਰ ਫਿਰ ਅਪੀਲ ਕਰਦਾ ਹਾਂ ਕਿ ਠੱਗੀ ਦਾ ਸ਼ਿਕਾਰ ਹੋਏ ਲੋਕ ਮੇਰੇ ਨਾਲ ਸੰਪਰਕ ਕਰਨ।

# ਡੇਂਗੂ ਦੇ ਮਾਮਲਿਆਂ 'ਚ ਵਾਧੇ ਦੀ ਸੰਭਾਵਨਾ ਨੂੰ ਵੇਖਦੇ ਸਿਹਤ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਵਿਚ ਡੇਂਗੂ ਦੇ ਮਾਮਲਿਆਂ ਵਿਚ ਵਾਧੇ ਦੀ ਸੰਭਾਵਨਾ ਨੂੰ ਵੇਖਦੇ ਹੋਏ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਸ਼ਨ ਲਾਲ ਪਵਾਰ ਅਤੇ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਨੂੰ ਪੱਤਰ ਲਿਖ ਕੇ ਸਥਾਨਕ ਸਰਕਾਰਾਂ ਤੇ ਪਿੰਡਾਂ ਵਿਚ ਫੋਗਿੰਗ ਸਮੇਤ ਡੇਂਗੂ ਕੰਟ੍ਰੋਲ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਿਰਦੇਸ਼ ਕਰਨ ਦੀ ਅਪੀਲ ਕੀਤੀ ਹੈ। ਆਮ ਜਨਤਾ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਘਰ ਜਾਂ ਨੇੜਲੀਆਂ ਥਾਂਵਾਂ ਵਿਚ ਪਾਣੀ ਨੂੰ ਜਮ੍ਹਾਂ ਨਾ ਹੋਣ ਦੇਣ।ਸਿਹਤ ਮੰਤਰੀ ਨੇ ਪੱਤਰ ਵਿਚ ਲਿਖਿਆ ਕਿ ਮਾਨਸੂਨ ਤੋਂ ਬਾਅਦ ਦੇ ਸਮੇਂ ਸੂਬੇ ਵਿਚ ਡੇਂਗੂ ਦੇ ਮਾਮਲੇ ਸਾਹਮਣੇ ਆਉਂਦੇ ਹਨ ਅਤੇ ਆਮ ਤੌਰ 'ਤੇ ਅਕਤੂਬਰ ਦੇ ਮਹੀਨੇ ਵਿਚ ਇਨ੍ਹਾਂ ਵਿਚ ਵਾਧਾ ਦੇਣ ਨੂੰ ਮਿਲਦਾ ਹੈ, ਜਦੋਂ ਕਿ ਨਵੰਬਰ ਵਿਚ ਤਾਪਮਾਨ ਵਿਚ ਗਿਰਾਵਟ ਨਾਲ ਇਸ ਵਿਚ ਤੇਜ਼ੀ ਨਾਲ ਗਿਰਾਵਟ ਆਉਂਦੀ ਹੈ। ਪਰ ਇਸ ਸਾਲ, ਅਕਤੂਬਰ ਦੇ ਮੱਧ ਤੋਂ ਨਵੰਬਰ ਦੀ ਸ਼ੁਰੂਆਤ ਤਕ ਤਾਪਮਾਨ ਵਿਚ ਗਿਰਾਵਟ ਨਹੀਂ ਹੋਈ, ਜਿਸ ਨਾਲ ਡੇਂਗੂ ਦੇ ਫੈਲਣ ਲਈ ਅਨੁਕੂਲ ਜਲਵਾਯੂ ਸਥਿਤੀਆਂ ਬਣ ਰਹੀ ਹੈ। ਇਸ ਲਈ ਵੱਧ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿਚ ਫੋਗਿੰਗ ਨਾਲ ਡੇਂਗੂ ਕੰਟ੍ਰੋਲ ਗਤੀਵਿਧੀਆਂ ਨੂੰ ਮਜ਼ਬੂਤ ਕਰਨ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ।ਸਿਹਤ ਵਿਭਾਗ ਵੱਲੋਂ ਡੇਂਗੂ ਦੇ ਮਾਮਲਿਆਂ ਵਿਚ ਵਾਧਾ ਰੋਕਣ ਲਈ ਵੇਕਟਰ ਕੰਟ੍ਰੋਲ ਗਤੀਵਿਧੀਆਂ ਕੀਤੀ ਜਾ ਰਹੀ ਹੈ ਅਤੇ ਡੇਂਗੂ ਦੇ ਮਾਮਲੇ ਸਾਹਮਣੇ ਆਉਣ ਵਾਲੇ ਘਰਾਂ ਦੇ ਨੇੜਲੇ ਫੋਗਿੰਗ ਵੀ ਕੀਤੀ ਜਾ ਰਹੀ ਹੈ। ਉੱਥੇ ਸ਼ਹਿਰੀ ਖੇਤਰਾਂ ਵਿਚ ਸਥਾਨਕ ਸਰਕਾਰ ਅਤੇ ਪਿੰਡਾਂ ਵਿਚ ਪੰਚਾਇਤ ਰਾਜ ਸੰਸਥਾਨ ਨੂੰ ਫੋਗਿੰਗ ਕਰਵਾਉਣ ਦੀ ਜਿਜ਼ਮੇਵਾਰੀ ਸੌਂਪੀ ਗਈ ਹੈ। ਇਸ ਲਈ ਡਿਪਟੀ ਕਮਿਸ਼ਨਰਾਂ, ਸਬੰਧਤ ਨਿਗਮਾਂ ਦੇ ਅਧਿਕਾਰੀਆਂ ਅਤੇ ਪੰਚਾਇਤ ਰਾਜ ਸੰਸਥਾਵਾਂ ਨੂੰ ਰੋਜ਼ਾਨਾ ਆਧਾਰ 'ਤੇ ਡੇਂਗੂ ਕੰਟ੍ਰੋਲ ਗਤੀਵਿਧੀਆਂ ਦੀ ਨਿਗਰਾਨੀ ਕਰਨ। ਸਿਹਤ ਵਿਭਾਗ ਵੱਲੋਂ ਆਮ ਜਨਤਾ ਨੂੰ ਲਗਾਤਾਰ ਡੇਂਗੂ ਤੋਂ ਬਚਾਓ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਜੋ ਕਿ ਮਾਦਾ ਏਡੀਜ ਏਜਿਪਟਾਈ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਅਤੇ ਜ਼ਿਆਦਾਤਰ ਸਾਫ ਪਾਣੀ ਵਿਚ ਹੀ ਪਨਪਤਾ ਹੈ। ਅਜਿਹੇ ਵਿਚ ਸਿਹਤ ਵਿਭਾਗ ਆਮ ਜਨਤਾ ਨੂੰ ਇਸ ਮੱਛਰ ਨਾਲ ਬਚਾਓ ਦੇ ਹਰ ਸੰਭਵ ਯਤਨ ਕਰ ਰਿਹਾ ਹੈ।

# ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦੀ ਖਿਡਾਰਨ ਨੇ ਜਿੱਤਿਆ ਮੈਡਲ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਸਰ ਮਾਰਸ਼ਲ ਸਕੂਲ ਐਜੂਕੇਸ਼ਨਲ ਸੋਸਾਇਟੀ ਵੱਲੋਂ ਚਲਾਈ ਜਾ ਰਹੀ ਵੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਰਾਜ ਪੱਧਰੀ ਖੇਡਾਂ ਵਿੱਚ ਹੈਮਰ ਥਰੋ ਵਿੱਚੋਂ ਚਾਂਦੀ ਦਾ ਮੈਡਲ ਜਿੱਤਿਆ। ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਸਕੂਲ ਦੀ ਹੋਣਹਾਰ ਖਿਡਾਰਨ ਗੁਰਲੀਨ ਕੌਰ ਜਮਾਤ ਨੌਵੀਂ ਦੀ ਵਿਦਿਆਰਥੀਣ ਨੇ ਆਪਣੇ ਸਕੂਲ, ਇਲਾਕੇ ਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਜੇਤੂ ਰਹੀ ਖਿਡਾਰਨ ਹਰਲੀਨ ਕੌਰ ਨੂੰ ਮੁਬਾਰਕਬਾਦ ਦਿੰਦੇ ਹੋਏ ਹੋਰਨਾਂ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਸੀਂ ਆਪਣੀ ਮਿਹਨਤ ਉੱਤੇ ਲਗਨ ਨਾਲ ਖੇਡਾਂ ਵਿੱਚ ਭਾਗ ਲੈ ਕੇ ਜਿੱਥੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰ ਸਕਦੇ ਹਾਂ ਉੱਥੇ ਹੀ ਅਸੀਂ ਖੇਡਾਂ ਵਿੱਚ ਭਾਗ ਲੈ ਕੇ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਦੇ ਹਾਂ। ਇਸ ਮੌਕੇ ਉਨ੍ਹਾਂ ਗੁਰਲੀਨ ਕੌਰ ਦੀ ਇਸ ਸ਼ਾਨਦਾਰ ਪ੍ਰਾਪਤੀ ਤੋਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਲੈਣ ਲਈ ਕਿਹਾ ਅਤੇ ਉਨਾਂ ਵਿਸ਼ਵਾਸ ਦਿਵਾਇਆ ਕਿ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਕੂਲ ਵੱਲੋਂ ਵਿਸ਼ੇਸ਼ ਸਤਿਕਾਰ ਤੇ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਕੁਲਵਿੰਦਰ ਕੌਰ ਮਾਰਸ਼ਲ, ਕੁਲਵੰਤ ਸਿੰਘ ਮਾਰਸ਼ਲ, ਪ੍ਰਿੰਸੀਪਲ ਕਮਲਪ੍ਰੀਤ ਸਿੰਘ, ਵਾਈਸ ਪ੍ਰਿੰਸੀਪਲ ਕੁਨਿਕਾ, ਸੁਖਲਿੰਦਰਪਾਲ ਸਿੰਘ, ਬੋਰਡ ਮੈਂਬਰ ਬਲਵਿੰਦਰ ਕੌਰ ਮਾਰਸ਼ਲ ਆਦਿ ਮੌਜੂਦ ਸਨ।

# ਲਿਫਟਿੰਗ ਨਾ ਕਰਨ ਦਾ ਸਖਤੀ ਨਾਲ ਕੀਤਾ ਜਾਵੇਗਾ ਵਿਰੋਧ : ਰਣਧੀਰ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਪੰਡੋਰੀ ਮਾਇਲ ਮੰਡੀ 'ਚੋਂ ਤੁਲ ਚੁੱਕੇ ਝੋਨੇ ਦੀ ਲਿਫਟਿੰਗ ਨਾ ਹੋਣ ਦਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਆਗੂ ਰਣਧੀਰ ਸਿੰਘ ਅਸਲਪੁਰ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਕਿਸਾਨਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਸਾਨ ਆਗੂ ਰਣਧੀਰ ਸਿੰਘ ਅਸਲਪੁਰ ਨੇ ਕਿਹਾ ਕਿ ਪੰਡੋਰੀ ਮਾਇਲ ਮੰਡੀ ਅਸਲਪੁਰ ਸੈਲਰ ਮਾਲਕਾਂ ਨੂੰ ਅਲਾਟ ਕੀਤੀ ਹੋਈ ਹੈ ਜਿਨ੍ਹਾਂ ਵੱਲੋਂ ਕਿਸਾਨਾਂ ਦੇ ਤੁਲ ਚੁੱਕੇ ਝੋਨੇ ਦੀ ਲਿਫਟਿੰਗ ਨਹੀਂ ਕੀਤੀ ਜਾ ਰਹੀ ਜਿਸ ਦੇ ਵਿਰੋਧ ਵਿੱਚ ਇਲਾਕੇ ਤੋਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਸੈਲਰ ਦੇ ਬਾਲ ਧਰਨਾ ਪ੍ਰਦਰਸ਼ਨ ਕਰਨਗੀਆਂ ਇਸ ਮੌਕੇ ਕਿਸਾਨ ਆਗੂ ਨੇ ਦੱਸਿਆ ਕਿ ਮੰਡੀ ਦੇ ਆੜਤੀ ਬਲਜੀਤ ਸਿੰਘ ਕਲੋਟੀ ਦੇ ਇੱਕ ਵੀ ਦਾਣੇ ਦੀ ਲਿਫਟਿੰਗ ਨਹੀਂ ਹੋਈ ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਅਸਲਪੁਰ ਸੈਲਰ ਮਾਲਕਾਂ ਵੱਲੋਂ ਹੋਰ ਮੰਡੀਆਂ ਤੋਂ ਝੋਨੇ ਦੀ ਲਿਫਟਿੰਗ ਕੀਤੀ ਜਾ ਰਹੀ ਹੈ, ਪਰ ਪੰਡੋਰੀ ਮਾਲ ਮੰਡੀ ਚੋ ਝੋਨੇ ਦੀ ਲਿਫਟਿੰਗ ਨਹੀਂ ਕੀਤੀ ਜਾ ਰਹੀ ਜਿਸ ਨਾਲ ਮੰਡੀ ਵਿੱਚ ਝੋਨੇ ਦੇ ਅੰਬਰ ਲੱਗੇ ਹੋਏ ਹਨ ਕੱਲ ਇਸ ਸਮੱਸਿਆ ਸੰਬੰਧੀ ਕਿਸਾਨਾਂ ਦਾ ਇੱਕ ਵਫਦ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮਿਲਿਆ ਸੀ ਤੇ ਉਨ੍ਹਾਂ ਨੇ ਬਿਨਾਂ ਕੱਟ ਝੋਨੇ ਦੀ ਤਲਾਈ ਅਤੇ ਚੁਕਾਈ ਲਈ ਸਖਤ ਹੁਕਮ ਦਿੱਤੇ ਸਨ, ਪਰ ਸ਼ੈਲਰ ਮਾਲਕ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕੀ। ਇਸ ਸਮੇਂ ਮਨਜੀਤ ਸਿੰਘ ਲੰਬੜਦਾਰ, ਹੈਪੀ ਧਾਰੀਵਾਲ, ਇੱਕਬਾਲ ਸਿੰਘ ਢੱਡੇ ਫਤਿਹ ਸਿੰਘ, ਹਰਪ੍ਰੀਤ ਸਿੰਘ ਲਾਲੀ, ਹਿੰਮਤਪਾਲ ਸਿੰਘ, ਜਸਪ੍ਰੀਤ ਸਿੰਘ ਫਤਿਹਪੁਰ, ਅਜਮੇਰ ਸਿੰਘ ਭੱਕਲਾ, ਸਾਬਕਾ ਸਰਪੰਚ ਉਪਕਾਰ ਸਿੰਘ ਭੱਕਲਾ, ਹਰਵਿੰਦਰ ਸਿੰਘ ਢੱਡੇ, ਮਨਦੀਪ ਸਿੰਘ ਅਸਲਪੁਰ, ਰਵਿੰਦਰ ਸਿੰਘ ਅਸਲਪੁਰ, ਬਰਿੰਦਰ ਸਿੰਘ, ਹਰਜਿੰਦਰ ਸਿੰਘ ਤੇ ਸੁਰਿੰਦਰ ਸਿੰਘ ਭੱਕਲਾ ਆਦਿ ਹਾਜ਼ਰ ਸਨ।

# ਰਾਜਪੁਰ ਭਾਈਆਂ 'ਚ ਰਣਜੀਤ ਕੁਮਾਰ ਦੇ ਹੱਕ 'ਚ ਵਰਕਰਾਂ ਵੱਲੋਂ ਚੋਣ ਪ੍ਰਚਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਹਲਕਾ ਚੱਬੇਵਾਲ ਅਧੀਨ ਆਉਂਦੇ ਪਿੰਡ ਰਾਜਪੁਰ ਭਾਈਆਂ ਵਿਖੇ ਕਾਂਗਰਸ ਪਾਰਟੀ ਹਲਕਾ ਚੱਬੇਵਾਲ ਦੇ ਪੜ੍ਹੇ ਲਿਖੇ ਇਮਾਨਦਾਰ ਅਤੇ ਮਿਹਨਤੀ ਉਮੀਦਵਾਰ ਦੇ ਹੱਕ ਵਿੱਚ ਕਾਂਗਰਸ ਪਾਰਟੀ ਵਰਕਰਾਂ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਅਸ਼ਵਨੀ ਸ਼ਰਮਾ ਪ੍ਰਧਾਨ ਕਾਂਗਰਸ ਪਾਰਟੀ ਰੋਪੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਐਡਵੋਕੇਟ ਰਣਜੀਤ ਕੁਮਾਰ ਨੂੰ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚ ਕਾਂਗਰਸੀ ਵਰਕਰਾਂ ਦੀ ਟੀਮ ਬਣਾ ਕੇ ਵੱਖ ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਸੀਨੀਅਰ ਆਗੂ ਅਸ਼ਵਨੀ ਸ਼ਰਮਾ ਜ਼ਿਲਾ ਪ੍ਰਧਾਨ ਕਾਂਗਰਸ ਆਈ ਰੋਪੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਹਲਕਾ ਚੱਬੇਵਾਲ ਦੇ ਆਉਂਦੇ ਵੱਖ-ਵੱਖ ਪਿੰਡਾਂ ਵਿੱਚੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਨੂੰ ਵੋਟਰਾਂ ਵੱਲੋਂ ਭਾਰੀ ਸਮਰਥਨ ਮਿਲ ਰਿਹਾ ਹੈ। ਇਸ ਮੌਕੇ ਅਸ਼ਵਨੀ ਸ਼ਰਮਾ ਪ੍ਰਧਾਨ ਕਾਂਗਰਸ ਆਈ ਰੋਪੜ, ਰਾਣਾ ਵਿਸ਼ਵ ਪਾਲ ਸਿੰਘ, ਰਾਣਾ ਸੰਦੀਪ ਸਿੰਘ, ਰਾਣਾ ਬਲਵੀਰ ਸਿੰਘ, ਹਰੀ ਰਾਮ, ਡਾਕਟਰ ਪਰਮਜੀਤ ਬੱਬਲੂ ਪੰਚ ਨੰਦ, ਲਾਲ ਸਾਬਕਾ ਸਰਪੰਚ, ਮਾਸਟਰ ਪਰਮਿੰਦਰ ਸਿੰਘ ਕਰਨੈਲ ਸਿੰਘ ਪੰਚ, ਮੋਹਨ ਸਿੰਘ, ਸੰਦੀਪ ਕੁਮਾਰ ਆਦਿ ਹਾਜ਼ਰ ਸਨ।

# ਸਰਕਾਰੀ ਕਾਲਜ ਹੁਸ਼ਿਆਰਪੁਰ ਦਾ ਸਾਲਾਨਾ ਮੈਗਜ਼ੀਨ 'ਤ੍ਰਿਗਰਤ' ਜਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਰਕਾਰੀ ਕਾਲਜ ਹੁਸ਼ਿਆਰਪੁਰ ਦੀ ਸਲਾਨਾ ਮੈਗਜ਼ੀਨ 'ਤ੍ਰਿਗਰਤ' ਨੂੰ ਕਾਜਲ ਦੇ ਪ੍ਰਿੰਸੀਪਲ ਅਨੀਤਾ ਸਾਗਰ ਅਤੇ ਵਾਇਸ ਪ੍ਰਿੰਸੀਪਲ ਪ੍ਰੋ. ਵਿਜੇ ਕੁਮਾਰ ਨੇ ਰੀਲੀਜ਼ ਕੀਤਾ । ਇਸ ਦੀ ਮੁੱਖ ਸੰਪਾਦਕ ਪ੍ਰੋ. ਨਵਦੀਪ ਕੌਰ ਹਨ।ਇਸ ਵਿੱਚ ਕਾਲਜ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਸ਼ਾਮਲ ਹਨ।ਇਸ ਮੌਕੇ ਪ੍ਰਿੰਸੀਪਲ ਅਨੀਤਾ ਸਾਗਰੀ ਤੋਂ ਇਲਾਵਾ ਕਾਲਜ ਕੌਂਸਲ ਦੇ ਮੈਂਬਰ ਪ੍ਰੋ. ਵਿਜੇ ਕੁਮਾਰ, ਪ੍ਰੋ. ਨਵਦੀਪ ਕੌਰ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਹਰਜਿੰਦਰ ਪਾਲ ਅਤੇ ਪ੍ਰੋ. ਰਣਜੀਤ ਕੁਮਾਰ ਵੀ ਹਾਜ਼ਰ ਸਨ।



# ਝੋਨੇ ਦੀ ਖਰੀਦ ਤੇ ਚੁਕਾਈ ਨਾ ਹੋਣ ਦੇ ਰੋਸ ਵਜੋਂ ਕਿਸਾਨ ਮੰਡੀਆਂ 'ਚ ਕਰਨਗੇ ਅੱਜ ਅਰਥੀ ਫੂਕ ਮੁਜ਼ਾਹਰੇ



**ਰੂਪਨਗਰ :** ਇਥੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਸੀਨੀਅਰ ਕਿਸਾਨ ਆਗੂ ਦਲੀਪ ਸਿੰਘ ਘਨੌਲਾ, ਸਰਪੰਚ ਪਵਨ ਕੁਮਾਰ ਚੱਕ ਕਰਮਾ ਅਤੇ ਭਗਤ ਸਿੰਘ ਬਿਕੋ ਨੇ ਇੱਕ ਮੀਟਿੰਗ ਤੋਂ ਬਾਅਦ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਅੱਜ 10 ਨਵੰਬਰ ਨੂੰ ਜ਼ਿਲ੍ਹਾ ਭਰ ਦੀਆਂ ਅਨਾਜ ਮੰਡੀਆਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਅਰਥੀਆਂ ਫੂਕ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਤੋਂ ਬਾਅਦ 11 ਨਵੰਬਰ ਨੂੰ ਮਨਾਲੀ ਚੰਡੀਗੜ੍ਹ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਲਈ ਮੰਡੀਆਂ ਵਿੱਚ ਰੁਲਣਾ ਪੇ ਰਿਹਾ ਹੈ। ਆੜ੍ਹਤੀਆਂ ਵੱਲੋਂ ਕਾਟ ਕੱਟੀ ਜਾ ਰਹੀ ਹੈ ਜੋ ਕਿ ਸਰਕਾਰ ਦੀ ਮਿਲੀਭੁਗਤ ਤੋਂ ਬਿਨਾਂ ਇਹ ਕਾਰਨਾਮਾ ਨਹੀਂ ਹੋ ਸਕਦਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਝੋਨੇ ਦੀ ਖਰੀਦ ਅਤੇ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ।ਡਾਇਆ ਖਾਦ ਦੀ ਸਪਲਾਈ ਕੀਤੀ ਜਾਵੇ। ਕਿਸਾਨ ਆਗੂਆਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਮੰਡੀਆਂ ਵਿੱਚ ਅਰਥੀ ਫੂਕ ਪ੍ਰਦਰਸ਼ਨਾਂ ਵਿਚ ਸ਼ਮੂਲੀਅਤ ਵੱਡੀ ਗਿਣਤੀ ਵਿੱਚ ਕਰਨ। ਜੇਕਰ ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਹਿੱਤਾਂ ਲਈ ਕੋਈ ਕਦਮ ਨਾ ਚੁੱਕਿਆ ਤਾਂ ਸੰਯੁਕਤ ਕਿਸਾਨ ਮੋਰਚਾ ਸੰਘਰਸ਼ ਹੋਰ ਤੇਜ਼ ਕਰਨ ਲਈ ਮਜਬੂਰ ਹੋਵੇਗਾ।

# ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦਾ ਚੱਬੇਵਾਲ ਦੀ ਜ਼ਿਮਨੀ ਚੋਣ 'ਚ ਰਹੇਗਾ ਅਹਿਮ ਰੋਲ : ਫੁਗਲਾਣਾ, ਸੰਘਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟੇਗਰੀ ਫਰੰਟ ਪੰਜਾਬ ਅਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਹਲਕਾ ਚੱਬੇਵਾਲ ਵਿੱਚ ਹੋ ਰਹੀ ਜ਼ਿਮਨੀ ਚੋਣ ਵਿੱਚ ਦੋਆਬਾ ਜਨਰਲ ਕੈਟੇਗਰੀ ਫਰੰਟ ਪੰਜਾਬ ਦਾ ਅਹਿਮ ਰੋਲ ਰਹੇਗਾ ਅਤੇ ਹਾਰ ਜਿੱਤ ਦਾ ਫੈਸਲਾ ਵੀ ਫਰੰਟ ਦੇ ਸਿਰ ਰਹੇਗਾ। ਦੋਆਬਾ ਜਨਰਲ ਕੈਟੇਗਰੀ ਫਰੰਟ ਪੰਜਾਬ ਜੋ ਕਿ ਲੰਬੇ ਸਮੇਂ ਤੋਂ ਜਨਰਲ ਮੰਗਾਂ ਸਬੰਧੀ ਸਰਕਾਰਾਂ ਨਾਲ ਲੜਾਈ ਲੜਦਾ ਆ ਰਿਹਾ ਹੈ ਜਿਸ ਵਿੱਚ ਜਨਰਲ ਕਮਿਸ਼ਨ ਰਿਜ਼ਰਵ ਹਲਕੇ ਰੋਟੇਟ ਅਤੇ ਰਾਖਵਾਂਕਰਨ ਆਰਥਿਕ ਪੱਖੋਂ ਕਮਜ਼ੋਰ ਹਰ ਵਰਗ ਲਈ ਮੰਗ ਕਰਦਾ ਹੈ। ਪੰਜਾਬ ਦੇ ਮੁੱਖ ਮੰਤਰੀ ਜੋ ਕਿ ਕਿਸਾਨਾਂ ਮੁਲਾਜ਼ਮਾਂ ਅਤੇ ਜਨਰਲ ਜਥੇਬੰਦੀਆਂ ਨੂੰ ਵਾਰ ਵਾਰ ਸਮਾਂ ਦੇ ਕੇ ਟਾਲਮਟੋਲ ਦੀ ਨੀਤੀ ਅਪਣਾਉਂਦੇ ਰਹੇ ਹਨ ਅਤੇ ਅੱਜ ਪੰਜਾਬ ਦਾ ਕਿਸਾਨ ਮੰਡੀਆਂ ਦੇ ਵਿੱਚ ਰੁਲ ਰਿਹਾ ਹੈ ਅਤੇ ਕਿਸਾਨਾਂ ਦੀ ਝੋਨੇ ਦੀ ਫਸਲ ਉਪਰ ਕੱਟ ਲਗਾ ਕੇ ਸਰਕਾਰ ਦੀ ਮਿਲੀਭੁਗਤ ਨਾਲ ਸ਼ਰੇਆਮ ਲੁੱਟ ਹੋ ਰਹੀ ਹੈ ਜੋ ਕਿ ਅੱਜ ਤੱਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਸ਼ਰੇਆਮ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਜੋ ਇਸ ਵਾਰ ਇਹਨਾਂ ਜ਼ਿਮਨੀ ਚੋਣਾ ਵਿੱਚ ਹਿੱਸਾ ਨਹੀਂ ਲੈ ਰਿਹਾ ਜਿਸ ਦੇ ਜ਼ਿਆਦਾਤਰ ਵੋਟ ਜਨਰਲ ਵਰਗ ਨਾਲ ਸਬੰਧ ਰੱਖਦੇ ਹਨ। ਦੋਆਬਾ ਜਨਰਲ ਕੈਟੇਗਰੀ ਫਰੰਟ ਦੇ ਆਗੂ ਸੁਰਜੀਤ ਸਿੰਘ ਭੁੰਗਰਨੀ, ਜਗਤਾਰ ਸਿੰਘ ਭੁੰਗਰਨੀ, ਗੁਰਦਿਆਲ ਸਿੰਘ ਜਲਵੇੜਾ, ਕਰਨਜੀਤ ਸਿੰਘ ਅਟਵਾਲ, ਮਾਸਟਰ ਮਲਕੀਅਤ ਸਿੰਘ, ਜਗਦੇਵ ਸਿੰਘ ਕੁਕੋਵਾਲ, ਬਲਵਿੰਦਰ ਸਿੰਘ ਭਾਮ, ਜਸਵੀਰ ਸਿੰਘ ਜਸਵਾਲ, ਜਸਵਿੰਦਰ ਸਿੰਘ ਹਰਖੋਵਾਲ, ਲੰਬੜਦਾਰ ਤਰਲੋਚਨ ਸਿੰਘ ਪੱਟੀ, ਲੰਬੜਦਾਰ ਸਰਜਿੰਦਰ ਸਿੰਘ ਕਿੰਗ, ਵਰਿੰਦਰ ਸਿੰਘ ਭਿੰਡਰ, ਮਝੈਲ ਸਿੰਘ ਹਰਮੋਏ ਜੋ ਕਿ ਲਗਾਤਾਰ ਆਪਣੇ ਸਾਥੀਆਂ ਨਾਲ ਸੰਪਰਕ ਬਣਾ ਰਹੇ ਹਨ ਅਤੇ 16 ਨਵੰਬਰ ਨੂੰ ਜਨਰਲ ਫਰੰਟ ਆਪਣੀ ਤਾਕਤ ਦਾ ਪ੍ਰਦਰਸ਼ਨ ਕਰੇਗਾ ਅਤੇ ਜ਼ਿਮਨੀ ਚੋਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

10-Nov-PAGE-9.qxd 11/9/2024 9:09 PM Page 1



# ਡੀ ਟੀ ਐੱਫ ਦਾ ਵਫਦ ਡੀ ਈ ਓ (ਐਲੀਮੈਂਟਰੀ) ਨੂੰ ਮਿਲਿਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਰਾਸ਼ਟਰੀ ਪਰਖ ਸਰਵੇਖਣ (ਸੀ ਈ ਪੀ) ਦੇ ਨਾਮ 'ਤੇ ਅਧਿਆਪਕਾਂ ਦੀਆਂ ਛੁੱਟੀਆਂ 'ਤੇ ਰੋਕ ਲਗਾਉਣ ਵਾਲੇ ਪੱਤਰ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ (ਡੀ ਟੀ ਐੱਫ) ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦਾ ਇੱਕ ਵਫ਼ਦ ਜ਼ਿਲ੍ਹਾ ਸ਼ਾਮ 'ਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਵਰਿੰਦਰ ਸੈਣੀ ਅਤੇ ਮਨਜੀਤ ਸਿੰਘ ਬਾਬਾ ਆਦਿ ਆਗੂ ਸ਼ਾਮਲ ਸਨ ਡਿਪਟੀ ਡੀ ਈ ਓ (ਐਲੀਮੈਂਟਰੀ) ਸੁਖਵਿੰਦਰ ਸਿੰਘ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਅਧਿਆਪਕਾਂ ਦੀਆਂ ਛੁੱਟੀਆਂ 'ਤੇ ਰੋਕ ਲਗਾਉਣ ਵਾਲੇ ਪੱਤਰ ਨਾਲ ਜਿਲ੍ਹੇ ਦੇ ਅਧਿਆਪਕਾਂ 'ਚ ਵਿਭਾਗ ਪ੍ਰਤੀ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਵੈਸੇ ਵੀ ਸਿਵਲ ਸਰਵਿਸਿਜ ਨਿਯਮਾਂ ਅਨੁਸਾਰ ਹਰੇਕ ਕਰਮਚਾਰੀ ਲੋੜ ਪੈਣ 'ਤੇ ਛੁੱਟੀ ਲੈ ਸਕਦਾ ਹੈ ਅਤੇ ਅਧਿਆਪਕ ਪਹਿਲਾਂ ਤੋਂ ਹੀ ਬੜੀ ਮਿਹਨਤ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਜਿਸਲਈ ਰਾਸ਼ਟਰੀ ਪਰਖ ਸਰਵੇਖਣ (ਸੀ ਈ ਪੀ) ਦੇ ਨਾਂਅ ਉੱਤੇ ਉਨ੍ਹਾਂ ਨੂੰ ਛੁੱਟੀ ਲੈਣ ਤੋਂ ਨਾ ਰੋਕਿਆ ਜਾਵੇ ਜਿਸਤੇ ਡਿਪਟੀ ਡੀ ਈ ਓ ਸਾਹਿਬ ਨੇ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਮੌਕੇ ਉੱਤੇ ਹੀ ਉਸ ਪੱਤਰ ਨੂੰ ਰੱਦ ਕਰਕੇ ਨਵਾਂ ਪੱਤਰ ਜਾਰੀ ਕਰਕੇ ਵਫ਼ਦ ਨੂੰ ਦਿੱਤਾ। ਮੀਟਿੰਗ ਤੋਂ ਬਾਅਦ ਪ੍ਰੈੱਸ ਬਿਆਨ ਜਾਰੀ ਕਰਦਿਆਂ ਡੀ ਟੀ ਐੱਫ ਦੇ ਵਫ਼ਦ ਨੇ ਕਿਹਾ ਕਿ ਭਾਵੇਂ ਜਥੇਬੰਦੀ ਦੇ ਦਬਾਅ ਸਦਕਾ ਵਿਭਾਗ ਵੱਲੋਂ ਅਧਿਆਪਕਾਂ ਦੀਆਂ ਛੁੱਟੀਆਂ 'ਤੇ ਰੋਕ ਵਾਲਾ ਪੱਤਰ ਵਾਪਸ ਲੈ ਲਿਆ ਗਿਆ ਹੈ ਪਰ ਪੰਜਾਬ ਸਰਕਾਰ ਵਲੋਂ ਰਾਸ਼ਟਰੀ ਪਰਖ ਸਰਵੇਖਣ ਦੇ ਨਾਂਅ ਉੱਤੇ ਮਨਚਾਹੇ ਨਤੀਜੇ ਲੈਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ 'ਤੇ ਬੇਲੋੜਾ ਮਾਨਸਿਕ ਦਬਾਅ ਪਾਇਆ ਜਾ ਰਿਹਾ ਹੈ ਅਤੇ ਇਸ ਸਰਵੇਖਣ ਦੇ ਨਾਂਅ ਉੱਤੇ ਉੱਚ ਅਧਿਕਾਰੀਆਂ ਵੱਲੋਂ ਸਕੂਲਾਂ 'ਚ ਦਬਿਸ਼ ਦੇ ਕੇ ਪਹਿਲਾਂ ਤੋਂ ਹੀ ਗੈਰ ਵਿੱਦਿਅਕ ਕੰਮਾਂ ਦੇ ਬੋਝ ਹੇਠ ਦੱਬੇ ਅਧਿਆਪਕਾਂ ਨੂੰ ਬੇਲੋੜਾ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਉੱਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਜਦਕਿ ਸਰਕਾਰ ਅਧਿਆਪਕਾਂ ਦੇ ਲੰਬੇ ਸਮੇਂ ਤੋਂ ਲਟਕੇ ਮਸਲਿਆਂ ਪ੍ਰਤੀ ਜਰਾ ਵੀ ਗੰਭੀਰ ਨਹੀਂ ਹੈ। ਵਿੱਤੀ ਮੰਗਾਂ ਜਿਵੇਂ ਕਿ ਪੁਰਾਣੀ ਪੈਨਸਨ ਸਕੀਮ ਦੀ ਬਹਾਲੀ, ਡੀ.ਏ. ਦੀਆਂ ਰਹਿੰਦੀਆਂ ਕਿਸਤਾਂ ਅਤੇ 37 ਤਰ੍ਹਾਂ ਦੇ ਕੱਟੇ ਭੱਤਿਆਂ ਆਦਿ ਦੇ ਮੁੱਦੇ ਸਰਕਾਰ ਨੇ ਠੰਢੇ ਬਸਤੇ ਪਾਏ ਹੋਏ ਹਨ ਜਿਸ ਦੇ ਵਿਰੋਧ ਵਿੱਚ ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ 16 ਨਵੰਬਰ ਨੂੰ ਚੱਬੇਵਾਲ ਵਿਖੇ ਵਿਸਾਲ ਸੂਬਾ ਪੱਧਰੀ ਰੈਲੀ ਕਰਕੇ ਰਹਿੰਦੀਆਂ ਮੰਗਾਂ ਦੀ ਪੂਰਤੀ ਦੀ ਸਰਕਾਰ ਤੋਂ ਮੰਗ ਕਰੇਗੀ।

# ਹਾਈ-ਪ੍ਰੋਫ਼ਾਈਲ ਕਤਲ ਕੇਸ ਦਾ ਮੁੱਖ ਸ਼ੂਟਰ ਕਾਬੂ



ਜਲੰਧਰ, (ਸ਼ੈਲੀ ਐਲਬਰਟ)-ਜਲੰਧਰ ਦਿਹਾਤੀ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਇਸ ਸਾਲ ਅਗਸਤ ਵਿੱਚ ਹੋਏ ਬੇਰਹਿਮੀ ਨਾਲ ਕਤਲ ਦੇ ਮਾਮਲੇ ਵਿੱਚ ਮੁੱਖ ਦੋਸ਼ੀ ਸ਼ੂਟਰ ਨੂੰ ਗ੍ਰਿਫਤਾਰ ਕੀਤਾ ਹੈ। ਇਹ ਗ੍ਰਿਫਤਾਰੀ ਸਮਾਜ ਵਿੱਚ ਅਪਰਾਧਕ ਤੱਤਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਹੋਈ ਹੈ।ਫੜੇ ਗਏ ਮੁਲਜ਼ਮ ਦੀ ਪਛਾਣ ਸੁਖਵਿੰਦਰ ਸਿੰਘ ਉਰਫ਼ ਸੁੱਖਾ ਕਮਾਂਡੋ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਰਸੂਲਪੁਰ ਜ ਥਾਣਾ ਸਦਰ ਨਕੋਦਰ ਅਧੀਨ ਆਉਂਦੇ ਹਨ, ਵਜੋਂ ਹੋਈ ਹੈ। ਮੁਲਜ਼ਮ ਐਨ ਡੀ ਪੀ ਐਸ ਐਕਟ ਦੇ ਦੋਸ਼ਾਂ ਸਮੇਤ ਸੱਤ ਅਪਰਾਧਕ ਮਾਮਲਿਆਂ ਵਿੱਚ ਲੋੜੀਂਦਾ ਸੀ।ਪ੍ਰੈਸ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਪੁਲਸ ਕਪਤਾਨ (ਐਸ ਐਸ ਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਸੂਚਨਾਵਾਂ ਦੇ ਬਾਅਦ, ਅਗਸਤ ਤੋਂ ਗ੍ਰਿਫਤਾਰੀ ਤੋਂ ਭੱਜ ਰਹੇ ਮੁਲਜ਼ਮਾਂ ਨੂੰ ਫੜਨ ਲਈ ਇੱਕ ਵਿਸ਼ੇਸ਼ ਮੁਹਿੰਮ ਦੀ ਯੋਜਨਾ ਬਣਾਈ ਗਈ ਸੀ। ਜਦੋਂ ਸਾਡੀ ਟੀਮ ਨੇ ਮੁਲਜ਼ਮ ਨੂੰ ਘੇਰ ਲਿਆ ਤਾਂ ਉਸ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਹਾਲਾਂਕਿ, ਪ੍ਰਕਿਰਿਆ ਵਿੱਚ ਉਸ ਦੀ ਇੱਕ ਲੱਤ ਫ਼ਰੈਕਚਰ ਹੋ ਗਈ ਅਤੇ ਸਾਡੀਆਂ ਅਲਰਟ ਟੀਮਾਂ ਨੇ ਉਸ ਨੂੰ ਤੁਰੰਤ ਫੜ ਲਿਆ। ਇਹ ਆਪ੍ਰੇਸ਼ਨ ਜਸਰੂਪ ਕੌਰ ਬਾਠ, ਪੁਲਿਸ ਸਬ-ਇੰਸਪੈਕਟਰ ਬਲਜਿੰਦਰ ਸਿੰਘ ਅਤੇ ਸੁਖਪਾਲ ਸਿੰਘ, ਉਪ ਪੁਲਿਸ ਕਪਤਾਨ (ਡੀ.ਐਸ.ਪੀ.), ਸਬ-ਡਵੀਜ਼ਨ ਨਕੋਦਰ ਦੀ ਅਗਵਾਈ ਹੇਠ ਵਿਸ਼ੇਸ਼ ਪੁਲਸ ਟੀਮ ਨੇ ਕੀਤਾ। ਇਸ ਸਾਂਝੇ ਆਪ੍ਰੇਸ਼ਨ ਵਿੱਚ ਥਾਣਾ ਸਦਰ ਨਕੋਦਰ ਅਤੇ ਸੀ ਆਈ ਏ ਸਟਾਫ਼ ਜਲੰਧਰ ਦਿਹਾਤੀ ਦੇ ਅਧਿਕਾਰੀ ਸ਼ਾਮਲ ਸਨ।ਮਾਮਲਾ 20 ਅਗਸਤ 2024 ਦਾ ਹੈ, ਜਦੋਂ ਪਿੰਡ ਕੰਗ ਸਾਹਬੂ ਨੂੰ ਜਾਂਦੀ ਸੜਕ 'ਤੇ ਕੁਲਵਿੰਦਰ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ 'ਤੋਂ ਬਾਅਦ ਥਾਣਾ ਸਦਰ ਨਕੋਦਰ ਵਿਖੇ ਮਾਮਲਾ ਦਰਜ ਕਰ ਕੀਤਾ ਗਿਆ ਸੀ।ਸੁਚੱਜੀ ਵਿਉਂਤਬੰਦੀ ਅਤੇ ਨਿਗਰਾਨੀ ਤੋਂ ਬਾਅਦ 8 ਨਵੰਬਰ ਨੂੰ ਸੁਖਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਇਹ ਆਪ੍ਰੇਸ਼ਨ ਸਮਾਪਤ ਹੋਇਆ। ਮਾਮਲੇ ਦੇ ਚਾਰ ਹੋਰ ਮੁਲਜ਼ਮਾਂ ਗੁਰਪਾਲ ਸਿੰਘ ਉਰਫ਼ ਗੋਪਾ, ਬਲਕਾਰ ਸਿੰਘ ਉਰਫ਼ ਬੱਲਾ, ਨਜ਼ੀਰ ਸਿੰਘ ਅਤੇ ਜਤਿੰਦਰ ਕੁਮਾਰ ਉਰਫ਼ ਘੋਲੀ ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ।ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਦਾ ਲੰਬਾ ਅਪਰਾਧਕ ਇਤਿਹਾਸ ਹੈ ਜਿਸ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਕੇਸ ਦਰਜ ਹਨ।

# ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੀ 16 ਤੇ 17 ਦੀ ਸੂਬਾ ਕਾਨਫਰੰਸ ਦਾ ਪੋਸਟਰ ਰਿਲੀਜ਼



ਜਲੰਧਰ (ਰਾਜੇਸ਼ ਥਾਪਾ)

ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੀ ਦੋ ਰੋਜ਼ਾ ਸੂਬਾ ਕਾਨਫਰੰਸ 16 ਅਤੇ 17 ਨਵੰਬਰ ਨੂੰ ਜਲੰਧਰ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਕਾਨਫਰੰਸ ਦੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਅਗਵਾਈ ਹੇਠ ਵੱਖ ਵੱਖ ਕਮੇਟੀਆਂ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਵਾਗਤੀ ਕਮੇਟੀ ਦੇ ਚੇਅਰਮੈਨ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਇਹ ਕਾਨਫਰੰਸ ਮੁਲਾਜ਼ਮ ਲਹਿਰ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਇਸ ਨੂੰ ਸਫ਼ਲ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਵਿੱਚ ਲੰਗਰ ਕਮੇਟੀ, ਰਿਹਾਇਸ਼ ਕਮੇਟੀ, ਪ੍ਰੈਸ ਕਮੇਟੀ, ਟਰਾਂਸਪੋਰਟ ਕਮੇਟੀ, ਡੈਕੋਰੇਸ਼ਨ ਕਮੇਟੀ ਅਤੇ ਵਲੰਟੀਅਰਜ਼ ਕਮੇਟੀ ਦੇ ਇੰਚਾਰਜਾਂ ਸਮੇਤ ਤਿਆਰੀ ਵਿੱਚ ਲੱਗੇ ਸਾਥੀਆਂ ਨੇ ਆਪਣੇ ਆਪਣੇ ਜ਼ਿੰਮੇ ਲਾਏ ਗਏ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਾਨਫਰੰਸ ਦਾ ਪੋਸਟਰ ਵੀ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ। ਇਸ ਮੀਟਿੰਗ ਵਿੱਚ ਪੁਸ਼ਪਿੰਦਰ ਕੁਮਾਰ ਵਿਰਦੀ, ਤਰਸੇਮ ਮਾਧੋਪੁਰੀ, ਹਰੀ ਰਾਮ, ਕੁਲਦੀਪ ਵਾਲੀਆ, ਅਕਲ ਚੰਦ ਸਿੰਘ, ਰਾਜਿੰਦਰ ਕੁਮਾਰ ਮਹਿਤਪੁਰ, ਰਤਨ ਸਿੰਘ, ਬਲਵੀਰ ਸਿੰਘ, ਪਰਨਾਮ ਸਿੰਘ ਸੈਣੀ, ਨਰੇਸ਼ ਨਾਹਰ, ਮਨਜਿੰਦਰ ਸਿੰਘ ਤਲਵਣ, ਸੁਖਦਿਆਲ ਝਾਂਡੀਆਂ, ਸਤਵਿੰਦਰ ਸਿੰਘ ਫਿਲੌਰ, ਰਾਮ ਬਰਿਛ, ਗੋਪਾਲ ਸਿੰਘ ਰਾਵਤ, ਬਲਵੀਰ ਸਿੰਘ ਗੁਰਾਇਆ ਆਦਿ ਹਾਜ਼ਰ ਸਨ।

# ਗਿਆਰ੍ਹਵੀਂ ਕਲਾਸ ਸਾਲ 2025-2026 ਲਈ ਚੋਣ ਰਜਿਸਟ੍ਰੇਸ਼ਨ ਸ਼ੁਰੂ

ਮੋਹਾਲੀ, (ਗੁਰਜੀਤ ਬਿੱਲਾ)- ਜਵਾਹਰ ਨਵੋਦਿਆ ਵਿਦਿਆਲਿਆ ਚੋਣ ਪ੍ਰੀਖਿਆ ਗਿਆਰ੍ਹਵੀਂ ਜਮਾਤ ਸਾਲ 2025-2026 ਵਾਸਤੇ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ 9 ਨਵੰਬਰ ਤੱਕ ਸੀ, ਕੁਝ ਪ੍ਰਸਾਸਨੀਕ ਕਾਰਨਾ ਕਰਕੇ, ਨਵੋਦਿਆ ਵਿਦਿਆਲਿਆ ਸਮਿਤੀ ਦੇ ਦਿਸ਼ਾ ਨਿਰਦੇਸ਼ ਅਨੁਸਾਨ ਹੁਣ ਆਖਰੀ 19 ਨਵੰਬਰ ਤੱਕ ਹੋ ਗਈ ਹੈ। ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਮੋਹਾਲੀ ਜਿਲ੍ਹੇ ਦੇ ਪਿੰਡ ਰਕੌਲੀ ਵਿੱਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸੀ ਪੀ ਐਮ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਅਗਲੇ ਵਿੱਦਿਅਕ ਸਾਲ 2025-2026 ਦੀ ਗਿਆਰ੍ਹਵੀਂ ਜਮਾਤ ਲਈ ਇਸ ਵਿੱਦਿਅਕ ਸਾਲ 2024-2025 'ਚ ਦਸਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆ ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੁਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਦਸਵੀਂ ਜਮਾਤ 'ਚ ਪੜ੍ਹਦਾ ਹੋਣਾ ਚਾਹੀਦਾ ਹੈ।ਉਸ ਦਾ ਜਨਮ 01.06.2008 ਤੋਂ 31.07.2010 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ.ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਾਉਣ। ਉਨ੍ਹਾਂ ਕਿਹਾ ਕਿ ਆਨਲਾਈਨ ਲਿੰਕ 'ਤੇ ਰਜਿਸਟ੍ਰੇਸ਼ਨ ਕਰਾਉਣ ਦੀ ਆਖਰੀ ਮਿਤੀ 19 ਨਵੰਬਰ, 2024 ਹੈ।

# ਡਿਪਟੀ ਕਮਿਸ਼ਨਰ ਵੱਲੋਂ ਵਿਧਾਇਕ ਨਾਲ ਮੋਹਾਲੀ ਦੇ ਮਸਲਿਆਂ ਸੰਬੰਧੀ ਮੀਟਿੰਗ




ਮੋਹਾਲੀ, (ਗੁਰਜੀਤ ਬਿੱਲਾ)

ਮੋਹਾਲੀ ਸ਼ਹਿਰ ਦੇ ਮਹੱਤਵਪੂਰਣ ਮਸਲਿਆਂ ਸੰਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੁਲਵੰਤ ਸਿੰਘ, ਹਲਕਾ ਵਿਧਾਇਕ, ਐਸ ਏ ਐਸ ਨਗਰ ਦੀ ਪ੍ਰਧਾਨਗੀ ਹੇਠ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ ਐਸ ਪੀ ਦੀਪਕ ਪਾਰਿਕ ਦੀ ਹਾਜ਼ਰੀ ਵਿੱਚ ਹੋਈ। ਮੀਟਿੰਗ 'ਚ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਲਈ ਰਿਹਾਇਸ਼ ਦਾ ਪ੍ਰਬੰਧ, ਜ਼ਿਲ੍ਹਾ ਪੁਲਸ ਲਾਈਨ ਲਈ ਜਗ੍ਹਾ ਨਿਰਧਾਰਿਤ ਕਰਨਾ, ਮੌਜੂਦਾ ਹੈਬੀਟੇਟ ਸੈਂਟਰ ਨੂੰ ਸਰਕਟ ਹਾਊਸ ਵਿੱਚ ਤਬਦੀਲ ਕਰਨਾ, ਸ਼ਹਿਰ 'ਚ ਲੱਗ ਰਹੇ ਸੀ ਸੀ ਟੀ ਵੀ ਕੈਮਰਿਆਂ ਦੇ ਪ੍ਰੋਜੈਕਟ, ਪਾਰਕਿੰਗ ਦੀ ਸਮੱਸਿਆ, ਡਿਜੀਟਲ ਐਡਵਰਟਾਈਜ਼ਮੈਂਟ, ਕਨਵੈਨਸ਼ਨ ਸੈਂਟਰ, ਬੱਸ ਸਟੈਂਡ ਦਾ ਮੁੱਦਾ, ਓਲਡ ਏਜ ਹੋਮ, ਵਰਕਿੰਗ ਵੂਮੈਨ ਹੋਸਟਲ, ਬਰਸਾਤਾਂ ਦੇ ਦਿਨਾਂ 'ਚ ਰੇਲਵੇ ਅੰਡਰ ਬ੍ਰਿਜ ਥੱਲ੍ਹੇ ਖੜ੍ਹਦੇ ਪਾਣੀ ਦੀ ਸਮੱਸਿਆ ਦਾ ਮੁੱਦਾ, ਨਗਰ ਨਿਗਮ ਦੀ ਹਦੂਦ ਤੋਂ ਬਾਹਰ ਵਿਕਸਤ ਹੋਏ ਅਰਬਨ ਏਰੀਏ ਨੂੰ ਨਗਰ ਨਿਗਮ ਦੀ ਹਦੂਦ 'ਚ ਸ਼ਾਮਲ ਕਰਨਾ, ਆਈ ਟੀ ਸਿਟੀ ਵਿਖੇ ਮਲਟੀ ਲੈਵਲ ਪਾਰਕਿੰਗ ਬਣਾਉਣਾ ਆਦਿ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਲਈ ਰਿਹਾਇਸ਼ ਦੇ ਪ੍ਰਬੰਧ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਦੱਸਿਆ ਗਿਆ ਕਿ ਇਸ ਕੰਮ ਲਈ ਸੈਕਟਰ 88 ਵਿਖੇ ਪੂਰਬ ਪ੍ਰੀਮੀਅਮ ਅਪਾਰਟਮੈਂਟ ਵਿੱਚ ਫ਼ਲੈਟ ਦਿੱਤੇ ਜਾ ਰਹੇ ਹਨ। ਇਸ ਲਈ ਸਰਕਾਰ ਵੱਲੋਂ 56 ਕਰੋੜ ਰੁਪਏ ਮੰਜ਼ੂਰ ਕੀਤੇ ਜਾ ਚੁੱਕੇ ਹਨ। ਪੁਲਸ ਲਾਈਨ ਲਈ ਜਗ੍ਹਾ ਸੰਬੰਧੀ ਡੀ ਟੀ ਪੀ ਗਮਾਡਾ ਨੂੰ ਹਦਾਇਤ ਕੀਤੀ ਗਈ ਕਿ ਇਸ ਮਕਸਦ ਲਈ ਅਜਿਹੀ ਜਗ੍ਹਾ ਪਛਾਣੀ ਜਾਵੇ, ਜਿਸ ਨਾਲ ਇਸ ਦੀਆਂ ਸਹੂਲਤਾਂ ਪੂਰੇ ਜ਼ਿਲ੍ਹੇ ਵਿੱਚ ਅਸਾਨੀ ਨਾਲ ਉਪਲੱਬਧ ਕਰਵਾਈਆਂ ਜਾ ਸਕਣ। ਸੀ ਸੀ ਟੀ ਵੀ ਕੈਮਰਿਆਂ ਸੰਬੰਧੀ ਫ਼ੈਸਲਾ ਲਿਆ ਗਿਆ ਕਿ ਇਸ ਪ੍ਰੋਜੈਕਟ ਨੂੰ ਅੱਗੇ ਵਧਾ ਕੇ ਵੱਧ ਤੋਂ ਵੱਧ ਥਾਵਾਂ ਤੇ ਕੈਮਰੇ ਲਗਾਏ ਜਾਣ ਅਤੇ ਲੋੜੀਂਦੇ ਫ਼ੰਡਾਂ ਲਈ ਕਾਰਵਾਈ ਕੀਤੀ ਜਾਵੇ। ਪਾਰਕਿੰਗ ਦੀ ਸਮੱਸਿਆ ਦੇ ਹੱਲ ਲਈ ਜ਼ਿਲ੍ਹਾ ਟ੍ਰੈਫਿਕ ਪੁਲਸ ਨੂੰ ਹਦਾਇਤ ਕੀਤੀ ਗਈ ਕਿ ਸੜਕਾਂ ਅਤੇ ਫੁੱਟਪਾਥਾਂ 'ਤੇ ਖੜ੍ਹੇ ਹੋ ਰਹੇ ਵਾਹਨਾਂ ਦੇ ਚਲਾਨ ਕੀਤੇ ਜਾਣ। ਕਨਵੈਨਸ਼ਨ ਸੈਂਟਰ ਸੰਬੰਧੀ ਡੀ ਟੀ ਪੀ ਗਮਾਡਾ ਵੱਲੋਂ ਦੱਸਿਆ ਗਿਆ ਕਿ ਏਅਰਪੋਰਟ ਦੇ ਨਜ਼ਦੀਕ ਆਈ.ਟੀ.ਸਿਟੀ ਵਿਖੇ ਇਸ ਕੰਮ ਲਈ 6 ਏਕੜ ਜ਼ਮੀਨ ਨਿਰਧਾਰਿਤ ਕੀਤੀ ਹੋਈ ਹੈ ਅਤੇ ਇਸ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਕੰਸਲਟੈਂਟ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਬਾਕੀ ਮੁੱਦਿਆ ਸਬੰਧੀ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਕਿ ਇਨ੍ਹਾਂ ਨੂੰ ਲਾਗੂ ਕਰਨ/ਹੱਲ ਕਰਨ ਲਈ ਕਾਰਵਾਈ ਅਮਲ 'ਚ ਲਿਆਂਦੀ ਜਾਵੇ।

# ਪੰਜਾਬੀ ਮਾਹ ਸਮਾਗਮਾਂ ਦੀ ਲੜੀ ਨੂੰ ਸਮਰਪਤ ਹੋਵੇਗਾ ਡੱਲੇਵਾਲ ਦਾ 8ਵਾਂ ਪੁਸਤਕ ਮੇਲਾ



ਹੁਸਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬੀ ਵਿਕਾਸ ਮੰਚ ਹਰਿਆਣਾ ਵੱਲੋਂ ਭਾਸ਼ਾ ਵਿਭਾਗ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ ਨੇੜੇ ਹਰਿਆਣਾ ਵਿਖੇ 18 ਤੇ 19 ਨਵੰਬਰ ਨੂੰ ਲਗਾਇਆ ਜਾ ਰਿਹਾ 8ਵਾਂ ਪੁਸਤਕ ਮੇਲਾ ਤੇ ਵਿਰਾਸਤੀ ਉਤਸਵ ਪੰਜਾਬ ਸਰਕਾਰ ਵੱਲੋਂ ਕਰਾਏ ਜਾ ਰਹੇ ਪੰਜਾਬੀ ਮਾਹ ਨੂੰ ਸਮਰਪਿਤ ਹੋਵੇਗਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਦੇਵ ਕਾਲਿਜ ਆਫ਼ ਐਜੂਕੇਸ਼ਨਲ ਡੱਲੇਵਾਲ ਦੇ ਪ੍ਰਿੰਸੀਪਲ ਡਾ. ਧੀਰਜ ਕੁਮਾਰ ਨੇ ਦੱਸਿਆ ਕਿ ਪੰਜਾਬੀ ਵਿਕਾਸ ਮੰਚ ਹਰਿਆਣਾ, ਪ੍ਰੈਸ ਕਲੱਬ ਹਰਿਆਣਾ, ਸਰ ਮਾਰਸ਼ਲ ਐਜੂਕੇਸ਼ਨ ਸੁਸਾਇਟੀ ਟਾਂਡਾ ਦੇ ਸਾਂਝੇ ਯਤਨਾਂ ਨਾਲ ਬੀ ਐਡ ਕਾਲਜ ਡੱਲੇਵਾਲ ਵਿਖੇ ਨਵੰਬਰ ਮਹੀਨੇ ਲੱਗਣ ਵਾਲੇ ਦੋ ਰੋਜ਼ਾ ਵਿਸ਼ਾਲ ਪੁਸਤਕ ਮੇਲੇ ਦੌਰਾਨ ਪੰਜਾਬ ਦੇ ਵੱਡੇ ਪ੍ਰਕਾਸ਼ਕ ਪੰਜਾਬੀ, ਹਿੰਦੀ, ਅੰਗਰੇਜੀ ਭਾਸ਼ਾਵਾਂ 'ਚ ਇਤਿਹਾਸ, ਸੱਭਿਆਚਾਰ, ਧਰਮ, ਦਰਸ਼ਨ, ਭੂਗੋਲ, ਕੰਪਿਊਟਰ, ਵਿਗਿਆਨ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਸਸਤੇ ਰੇਟਾਂ 'ਤੇ ਉਪੱਬਧ ਕਰਾਉਣਗੇ।ਜਿਲ੍ਹਾ ਭਾਸ਼ਾ ਤੇ ਖੋਜ ਅਫਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਪੁਸਤਕ ਮੇਲੇ ਦੇ ਦੋਵੇ ਦਿਨ ਵੱਖ ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਪੰਜਾਬੀ ਸੰਗੀਤ, ਕਲਾ, ਕੋਰੀਓਗ੍ਰਾਫੀ ਤੇ ਨੁਕੜ ਆਦਿ ਵੰਨਗੀਆਂ ਪੇਸ਼ ਕਰਨਗੇ।19 ਨਵੰਬਰ ਮਾਹਿਰ ਵਿਦਵਾਨਾਂ ਵੱਲੋਂ ਪੰਜਾਬੀ ਨਾਟਕ ਵਿੱਚ ਔਰਤ ਅਦਾਕਾਰਾਂ ਤੇ ਨਿਰਦੇਸ਼ਕਾਂ ਦੀ ਸ਼ਮੂਲੀਅਤ ਵਿਸ਼ੇ 'ਤੇ ਵਿਚਾਰ ਚਰਚਾ ਅਤੇ ਰਾਜਵਿੰਦਰ ਸਮਰਾਲਾ ਵੱਲੋਂ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦੇ ਜੀਵਨ 'ਤੇ ਆਧਾਰਿਤ ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਨੇ' ਨਾਟਕ ਪੇਸ਼ ਕੀਤਾ ਜਾਵੇਗਾ। ਡਾ. ਰਾਏ ਨੇ ਕਿਹਾ ਕਿ ਜਿਲ੍ਹਾ ਹੁਸ਼ਿਆਰਪੁਰ ਦੇ ਡੱਲੇਵਾਲ ਵਿਖੇ ਚੱਲਣ ਵਾਲਾ ਇਹ ਵਿਦਿਅਕ ਉਤਸਵ ਸਾਹਿਤ ਅਤੇ ਕਲਾ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਕਲਾਤਮਿਕ ਤੋਹਫਾ ਹੋਵੇਗਾ।ਉਨ੍ਹਾਂ ਜਿਲ੍ਹੇ ਦੇ ਵਿਦਿਅਕ ਅਦਾਰਿਆਂ ਦੇ ਮੁੱਖੀਆਂ ਤੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵੱਡੀ ਗਿਣਤੀ ਵਿੱਚ ਭੇਜ ਕੇ ਇਸ ਵਿਦਿਅਕ ਉਤਸਵ ਦੀ ਰੌਣਕ ਨੂੰ ਚਾਰ ਚੰਨ ਲਾਉਣ।

# ਤਿੰਨ ਰਾਜਾਂ ਦੀਆਂ ਡੀ ਪੀ ਐੱਸ ਟੀਮਾਂ ਦਾ ਲੜਕੀਆਂ ਦਾ ਬਾਸਕਟਬਾਲ ਟੂਰਨਾਮੈਂਟ ਸ਼ੁਰੂ




ਜਲੰਧਰ (ਰਾਜੇਸ਼ ਥਾਪਾ)

ਜਲੰਧਰ ਦੇ ਦਿੱਲੀ ਪਬਲਿਕ ਸਕੂਲ 'ਚ ਜੂਨੀਅਰ ਗਰਲਜ਼ ਬਾਸਕਟਬਾਲ ਟੂਰਨਾਮੈਂਟ ਸ਼ੁਰੂ ਹੋ ਗਿਆ ਹੈ।ਜੂਨੀਅਰ ਗਰਲਜ਼ ਬਾਸਕਟਬਾਲ ਟੂਰਨਾਮੈਂਟ ਵਿੱਚ 6 ਟੀਮਾਂ ਭਾਗ ਲੈ ਰਹੀਆਂ ਹਨ।ਦੋ ਟੀਮਾਂ ਹਰਿਆਣਾ ਅਤੇ ਇੱਕ ਟੀਮ ਹਿਮਾਚਲ ਪ੍ਰਦੇਸ਼ ਦੀ ਹੈ।ਪ੍ਰੋਗਰਾਮ ਦੀ ਸ਼ੁਰੂਆਤ ਟੀਮਾਂ ਦੀ ਜਾਣ-ਪਛਾਣ ਅਤੇ ਖਿਡਾਰੀਆਂ ਦੇ ਸਹੁੰ ਚੁੱਕ ਸਮਾਗਮ ਨਾਲ ਹੋਈ।ਟੂਰਨਾਮੈਂਟ ਦੀ ਸ਼ੁਰੂਆਤ ਝੰਡਾ ਲਹਿਰਾਉਣ ਅਤੇ ਤਿਰੰਗੇ ਦੇ ਗੁਬਾਰੇ ਅਸਮਾਨ ਵਿੱਚ ਛੱਡਣ ਨਾਲ ਹੋਈ।ਉਦਘਾਟਨੀ ਸਮਾਰੋਹ ਵਿੱਚ ਡੀ ਪੀ ਐਸ ਅਧਿਆਪਕ, ਵਿਦਿਆਰਥੀ, ਆਰਮੀ ਇੰਸਟ੍ਰਕਟਰ, ਕੋਚ ਅਤੇ ਰੈਫਰੀ ਸ਼ਾਮਲ ਹੋਏ। ਡੀ ਪੀ ਐਸ ਦੇ ਨਿੱਕੇ-ਨਿੱਕੇ ਵਿਦਿਆਰਥੀਆਂ ਨੇ ਮਨੋਰੰਜਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਪੰਜਾਬੀ ਗਿੱਧਾ ਖਿੱਚ ਦਾ ਕੇਂਦਰ ਰਿਹਾ।ਖੇਡ ਸ਼ੁਰੂ ਹੋਣ ਤੋਂ ਪਹਿਲਾਂ ਸਾਰੀਆਂ ਵੱਖ-ਵੱਖ ਟੀਮਾਂ ਦੇ ਖਿਡਾਰੀਆਂ ਨਾਲ ਤਸਵੀਰਾਂ ਖਿਚਵਾਈਆਂ ਗਈਆਂ।ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਕਰਨਲ ਵਿਨੋਦ ਜੋਸ਼ੀ, ਕਮਾਂਡਿੰਗ ਅਫਸਰ 2 ਪੰਜਾਬ ਐਨ ਸੀ ਸੀ ਬਟਾਲੀਅਨ ਸਨ। ਕਰਨਲ ਜੋਸ਼ੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ 'ਚ ਬਾਸਕਟਬਾਲ ਦੀ ਸ਼ੁਰੂਆਤ 1904 'ਚ ਮਦਰਾਸ ਤੋਂ ਹੋਈ ਸੀ।ਬਾਸਕਟਬਾਲ ਖੇਡ ਸਰੀਰਕ ਸ਼ਕਤੀ, ਟੀਮ ਭਾਵਨਾ ਅਤੇ ਬੌਧਿਕਤਾ ਨੂੰ ਵਧਾਉਂਦੀ ਹੈ।ਬਾਸਕਟਬਾਲ ਖਿਡਾਰੀ ਨੂੰ ਸਰਗਰਮ ਬਣਾਉਂਦਾ ਹੈ, ਟੀਮ ਭਾਵਨਾ ਨਾਲ ਗਤੀਵਿਧੀਆਂ ਨੂੰ ਤੇਜ਼ ਕਰਦਾ ਹੈ, ਜਿਸ ਨਾਲ ਵਿਦਿਆਰਥੀ ਨੂੰ ਵਿੱਦਿਅਕ ਖੇਤਰ ਵਿੱਚ ਵੀ ਮਦਦ ਮਿਲਦੀ ਹੈ।ਉਨ੍ਹਾਂ ਬਾਸਕਟਬਾਲ ਟੂਰਨਾਮੈਂਟ ਵਿੱਚ ਭਾਰਤੀ ਫੌਜ ਨੂੰ ਸੱਦਾ ਦੇਣ ਲਈ ਪ੍ਰਿੰਸੀਪਲ ਸ੍ਰੀਮਤੀ ਰਿਤੂ ਕੌਲ ਦਾ ਧੰਨਵਾਦ ਕੀਤਾ।

# ਫਿਲੌਰ 'ਚ ਨਸ਼ੇ ਦਾ ਕਾਰੋਬਾਰ ਬੇਰੋਕ-ਟੋਕ ਜਾਰੀ, ਲੋਕਾਂ ਨੇ ਪ੍ਰਸ਼ਾਸਨ ਖਿਲਾਫ਼ ਕੀਤਾ ਰੋਸ ਪ੍ਰਦਰਸ਼ਨ

ਫਿਲੌਰ, (ਨਿਰਮਲ)

ਮੁਹੱਲਾ ਸੰਤੋਖਪੁਰਾ ਵਿੱਚ ਨਸ਼ੇ ਦੇ ਵਧਦੇ ਕਾਰੋਬਾਰ ਕਾਰਨ ਨਿਵਾਸੀਆਂ ਵਿੱਚ ਗੁੱਸੇ ਦਿਖਾਈ ਦੇ ਰਿਹਾ ਹੈ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਇਲਾਕੇ ਵਿੱਚ ਧੜੱਲੇ ਨਾਲ ਨਸ਼ਾ ਵਿਕ ਰਿਹਾ ਹੈ, ਜਿਸਨੂੰ ਲੈ ਕੇ ਕਈ ਵਾਰ ਪੁਲਸ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ ਗਈ ਹੈ, ਪਰ ਪੁਲਸ ਦੀ ਢਿੱਲੀ ਕਾਰਵਾਈ ਕਾਰਨ ਨਸ਼ੇ ਦਾ ਕਾਰੋਬਾਰ ਬੇਰੋਕ-ਟੋਕ ਜਾਰੀ ਹੈ।ਅੱਜ ਮੁਹੱਲਾ ਨਿਵਾਸੀਆਂ ਨੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਵਿਖੇ ਐਲਾਨ ਕਰਵਾਇਆ ਅਤੇ ਭਾਰੀ ਗਿਣਤੀ ਵਿੱਚ ਮਰਦ, ਔਰਤਾਂ ਅਤੇ ਸਿਆਸੀ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਨੇ ਨਸ਼ੇ ਦੇ ਵਪਾਰ ਨੂੰ ਰੋਕਣ ਵਿੱਚ ਨਾਕਾਮ ਰਹੀ ਫਿਲੌਰ ਪੁਲਸ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਨਸ਼ਾ ਵੇਚਣ ਵਾਲਿਆਂ ਖਿਲਾਫ਼ ਤੁਰੰਤ ਕਾਰਵਾਈ ਨਾ ਕੀਤੀ ਗਈ, ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਡੀਐਸਪੀ ਫਿਲੌਰ ਨੇ ਗੱਲਬਾਤ ਦੌਰਾਨ ਭਰੋਸਾ ਦਿੱਤਾ ਕਿ ਨਸ਼ਾ ਤਸਕਰਾਂ ਨੂੰ ਜਲਦ ਕਾਬੂ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ।ਐੱਸਐੱਚਓ ਫਿਲੌਰ ਸੁਖਦੇਵ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਤੜਕੇ ਪੁਲਸ ਨੇ ਫੋਰਸ ਨਾਲ ਰੇਡ ਕੀਤੀ, ਜਿਸ ਵਿੱਚ ਇੱਕ ਵਿਅਕਤੀ ਅਤੇ ਦੋ ਔਰਤਾਂ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਜਲਦ ਤੋਂ ਜਲਦ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਜਾਵੇਗਾ।ਇਸ ਮੌਕੇ ਕਾਮਰੇਡ ਜਰਨੈਲ,ਹੰਸ ਰਾਜ ਫਿਲੌਰ ਦਿਹਾਤੀ ਮਜ਼ਦੂਰ ਸਭਾ, ਕਰਨੈਲ ਸਿੰਘ ਰਾਜਾ, ਹਨੀ ਸੰਤੋਖਪੁਰਾ, ਰੂਪ ਸਿੰਘ, ਅਵਤਾਰ ਸਿੰਘ ਬਾਲੀ, ਬੀਬੀ ਮਨਦੀਪ ਕੌਰ, ਗੀਤਾ ਰਾਣੀ ਅਤੇ ਹੋਰ ਹਾਜ਼ਰ ਸਨ।



# ਬਲਾਚੌਰ ਨਗਰ ਕੌਂਸਲ ਨੇ ਸ.ਫਾਈ ਮਿੱਤਰਾਂ ਨੂੰ ਕੀਤਾ ਸਨਮਾਨਤ




ਬਲਾਚੌਰ ਨਵੰਬਰ (ਜਸਵਿੰਦਰ ਬੈਂਸ)

ਪੀ ਐਮ ਆਈ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਬਲਾਚੌਰ ਦੇ ਕਾਰਜ ਸਾਧਕ ਸਿਮਰਨ ਢੀਂਡਸਾ ਤੇ ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੀ ਅਗਵਾਈ ਹੇਠ ਸਵੱਛਤਾ ਦੀ ਲਹਿਰ ਪੰਦਰਵਾੜੇ ਅਨੁਸਾਰ ਸ਼ਹਿਰ ਵਿੱਚ ਵੱਖ ਵੱਖ ਹਿੱਸਿਆਂ ਵਿਚ ਐਕਟੀਵਿਟੀਆ ਕਰਵਾਈਆਂ ਗਈਆਂ ਜਿਸ ਨਗਰ ਕੌਂਸਲ ਦੇ ਸ.ਫ਼ਾਈ ਸੇਵਕਾਂ ਦੀ ਮੁੱਖ ਭੂਮਿਕਾ ਰਹੀ।ਪੂਰੇ ਪੰਦਰਵਾੜੇ ਦੌਰਾਨ ਸ.ਫ਼ਾਈ ਸੇਵਕਾਂ ਨੇ ਸ਼ਹਿਰ ਦੀ ਸਾਫ਼ ਸ.ਫ਼ਾਈ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ।ਉਨ੍ਹਾਂ ਦੀ ਸ਼ਮੂਲੀਅਤ ਤੇ ਕੰਮ ਦੀ ਲਗਨ ਨੂੰ ਹੋਰ ਵਧਾਉਣ ਲਈ ਨਗਰ ਕੌਂਸਲ ਵੱਲੋਂ ਖਾਸ ਪ੍ਰੋਗਰਾਮ ਤਹਿਤ ਸਫਾਈ ਸੇਵਕਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਵੰਡੇ ਗਏ ਤੇ ਧੰਨਵਾਦ ਕੀਤਾ ਗਿਆ ਕਿ ਇਸ ਪੰਦਰਵਾੜੇ ਤੇ ਫੈਸਟਿਵ ਸੀਜ਼ਨ ਦੌਰਾਨ ਉਨ੍ਹਾਂ ਨੇ ਆਪਣੇ ਕੰਮ ਨੂੰ ਵਧੀਆ ਤਰੀਕੇ ਨਾਲ ਕਰਕੇ ਸਵੱਛਤਾ ਦੀ ਲਹਿਰ ਪੰਦਰਵਾੜੇ ਨੂੰ ਸਫਲ ਬਣਾਇਆ।

# ਸਿਵਲ ਸਰਜਨ ਡਾ. ਰੀਚਾ ਭਾਟੀਆ ਨੇ ਸਿਵਲ ਹਸਪਤਾਲ ਦਾ ਅਚਨਚੇਤ ਕੀਤਾ ਦੌਰਾ

ਫਗਵਾੜਾ (ਡਾ. ਰਮਨ)- ਸਿਵਲ ਸਰਜਨ ਕਪੂਰਥਲਾ ਡਾ. ਰੀਚਾ ਭਾਟੀਆ ਨੇ ਸਿਵਲ ਹਸਪਤਾਲ ਫਗਵਾੜਾ ਵਿਖੇ ਅਚਨਚੇਤ ਦੌਰਾ ਕੀਤਾ ਅਤੇ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ। ਉਨ੍ਹਾਂ ਸਿਵਲ ਹਸਪਤਾਲ ਦੇ ਦੌਰੇ ਦੌਰਾਨ ਵੱਖ ਵੱਖ ਵਿੰਗਾਂ ਓ ਪੀ ਡੀ, ਫਾਰਮੇਸੀ, ਐਮਰਜੈਂਸੀ, ਐਮ ਸੀ ਐਚ, ਲੇਬਰ ਰੂਮ ਆਦਿ ਦੀ ਸੇਵਾਵਾਂ ਦੀ ਚੈਕਿੰਗ ਕੀਤੀ ਅਤੇ ਹਸਪਤਾਲ ਪ੍ਰਤੀ ਸੰਤੁਸ਼ਟੀ ਜਾਹਿਰ ਕੀਤੀ ਉਨ੍ਹਾਂ ਮਰੀਜਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਗੱਲਬਾਤ ਕੀਤੀ ਅਤੇ ਹਸਪਤਾਲ ਵਿੱਚ ਮਿਲ ਰਹੀ ਸਹੂਲਤਾਂ ਬਾਰੇ ਪੁੱਛਿਆ ਉਨ੍ਹਾਂ ਕਿਹਾ ਕਿ ਗਰਭਵਤੀ ਮਾਵਾਂ ਦੀ ਮੌਤ ਦਰ ਘਟਾਉਣ ਲਈ ਕੀਤੇ ਜਾਦੇ ਉਪਰਾਲਿਆ ਵਿੱਚ ਤੇਜੀ ਲਿਆਂਦੀ ਜਾਵੇਗੀ ਮਾਵਾਂ ਨੂੰ ਖਤਰੇ ਦੇ ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਮੁਸ਼ਕਲ ਸਮੇਂ ਕਿਵੇਂ ਡਾਕਟਰੀ ਮਦਦ ਲੈਣੀ ਇਸ ਤੋਂ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਐਸ ਐਮ ਓ ਲਹਿੰਬਰ ਰਾਮ ਨੂੰ ਹਿਦਾਇਤ ਕੀਤੀ ਕਿ ਫਾਇਰ ਸੇਫਟੀ, ਆਪਦਾ ਪ੍ਰਬੰਧਨ ਅਤੇ ਸੁਰੱਖਿਆ ਪ੍ਰਬੰਧਾਂ ਦਾ ਰੀਵਿਊ ਕੀਤਾ ਜਾਵੇ ਜ਼ਰੂਰੀ ਦਵਾਈਆਂ ਦਾ ਸਟਾਕ ਸਮੇਂ ਸਮੇਂ ਸਿਰ ਚੈੱਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਜਣਿਤ ਅਤੇ ਮੱਛਰਾਂ ਨਾਲ ਹੋਣ ਵਾਲੀ ਬਿਮਾਰੀਆਂ ਦੀ ਰੋਕਥਾਮ ਲਈ ਉਪਰਾਲੇ ਕੀਤੇ ਜਾਣ ਮਰੀਜਾਂ ਨੂੰ ਮੁਫ਼ਤ ਟੈਸਟ ਅਤੇ ਇਲਾਜ ਦੀ ਸਹੂਲੀਅਤ ਦੀ ਸਮੀਖਿਆ ਵੀ ਕੀਤੀ ਜਾਵੇ। ਇਸ ਮੌਕੇ ਡਾ. ਰਾਜੀਵ ਭਗਤ , ਡਾ. ਜਤਿੰਦਰ ਸੰਧੂ , ਐਸ ਆਈ ਕੰਵਲਜੀਤ ਸਿੰਘ ਸੰਧੂ, ਏ ਐਨ ਐਮ ਅਨੀਤਾ, ਆਸ਼ਾ ਵਰਕਰ ਅਤੇ ਰਾਮਗੜ੍ਹੀਆ ਇੰਸਟੀਟਿਊਟ ਆਫ ਹੈਲਥ ਐਂਡ ਸਾਇੰਸ ਦੀਆਂ ਵਿਦਿਆਰਥਣਾਂ ਆਦਿ ਹਾਜ਼ਰ ਸਨ।

# ਇੰਟਰਨੈਸ਼ਨਲ ਪਬਲਿਕ ਸਕੂਲ ਕੁਰਾਲੀ ਵਿਖੇ ਮੈਜਿਕ ਸ਼ੋਅ



ਕੁਰਾਲੀ (ਮੋਹਨ ਅੱਗਰਵਾਲ)

ਮੈਜਿਕ ਅਜਿਹੀ ਚੀਜ਼ ਹੈ ਜੋ ਹਰ ਉਮਰ ਵਰਗ ਖਾਸ ਕਰਕੇ ਛੋਟੇ ਬੱਚਿਆਂ ਦੁਆਰਾ ਪਸੰਦ ਕੀਤੀ ਜਾਂਦੀ ਹੈ।ਉਨ੍ਹਾਂ ਨੂੰ ਨਿਯਮਤ ਕਲਾਸਰੂਮ ਪੜ੍ਹਾਉਣ ਤੋਂ ਦੂਰ ਕੁਝ ਆਰਾਮਦਾਇਕ ਅਤੇ ਤਾਜ਼ਗੀ ਭਰੇ ਪਲ ਪ੍ਰਦਾਨ ਕਰਨ ਲਈ, ਇੰਡੀਅਨ ਰੈੱਡ ਕਰਾਸ ਸੁਸਾਇਟੀ, ਜ਼ਿਲ੍ਹਾ ਮੋਹਾਲੀ ਵੱਲੋਂ ਇੰਟਰਨੈਸ਼ਨਲ ਪਬਲਿਕ ਸਕੂਲ ਕੁਰਾਲੀ ਵਿਖੇ ਪ੍ਰੀ ਨਰਸਰੀ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਦੁਆਰਾ ਇੱਕ ਮੈਜਿਕ ਸ਼ੋਅ ਦਾ ਆਯੋਜਨ ਕੀਤਾ ਗਿਆ।ਜਾਦੂਗਰ ਨੂੰ ਜਾਦੂ ਦੀ ਛੜੀ ਨਾਲ ਕਾਲੀ ਟੋਪੀ ਪਹਿਨਦੇ ਦੇਖ ਕੇ ਛੋਟੇ ਬੱਚੇ ਹੈਰਾਨ ਰਹਿ ਗਏ।ਉਹਨਾਂ ਨੇ ਕਈ ਸਟੇਜੀ ਜਾਦੂ ਦੀਆਂ ਚਾਲਾਂ ਨੂੰ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ ਜੋ ਉਹਨਾਂ ਲਈ ਵਿਸ਼ਵਾਸ ਕਰਨਾ ਅਸੰਭਵ ਜਾਪਦਾ ਸੀ। ਜਾਦੂਗਰ ਨੇ ਪ੍ਰਦਰਸ਼ਨ ਕਰਦੇ ਹੋਏ ਬੱਚਿਆਂ ਨੂੰ ਵੀ ਸ਼ਾਮਲ ਕੀਤਾ, ਅਤੇ ਇਹ ਉਹਨਾਂ ਲਈ ਹੱਥੀਂ ਅਨੁਭਵ ਸਾਬਤ ਹੋਇਆ।ਉਨ੍ਹਾਂ ਦੇ ਮੂੰਹ ਖੁੱਲ੍ਹੇ ਹੋਏ ਸਨ ਜਦੋਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਸਾਹਮਣੇ ਵਸਤੂਆਂ ਬਿਲਕੁਲ ਕਿਤੇ ਵੀ ਦਿਖਾਈ ਨਹੀਂ ਦਿੰਦੀਆਂ ਸਮੁੱਚੇ ਤੌਰ 'ਤੇ ਛੋਟੇ-ਛੋਟੇ ਆਈ.ਪੀ.ਐੱਸ.ਆਈਜ਼ ਵੱਲੋਂ ਇਸ ਸ਼ੋਅ ਦਾ ਖੂਬ ਆਨੰਦ ਲਿਆ ਗਿਆ।

# 56ਵੀਂ ਲੜੀ ਦੀ ਸੰਪੂਰਨਤਾਈ 'ਤੇ ਮਹਾਨ ਜੱਗ ਤੇ ਧਾਰਮਿਕ ਸਮਾਗਮ



ਮੋਹਾਲੀ (ਗੁਰਜੀਤ ਬਿੱਲਾ)

ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਇਤਿਹਾਸਕ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਵਿਖੇ ਬ੍ਰਹਮਲੀਨ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਵਚਨਾਂ ਸਦਕਾ 29 ਨਵੰਬਰ 1993 ਤੋਂ ਨਿਰੰਤਰ ਚੱਲ ਰਹੀ ਸਦੀਵੀ ਲੜੀ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ 56ਵੀਂ ਲੜੀ ਦੇ 5656ਵੇਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸੰਪੂਰਨ ਹੋਣ ਦੀ ਖੁਸ਼ੀ 'ਚ ਮਹਾਨ ਜੱਗ ਅਤੇ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦਿਨ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੀਬੀ ਸਤਨਾਮ ਕੌਰ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਦਰਜ ਧੁਰ ਕੀ ਬਾਣੀ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਬੀਬੀ ਸਿਮਰਨ ਕੌਰ ਜੀ ਲੁਧਿਆਣੇ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸੰਤ ਬਾਬਾ ਕੁਲਦੀਪ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਖੰਡੇ ਬਾਟੇ ਦੀ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਗੁਰੂ ਵਾਲੇ ਬਣਨ ਲਈ ਪ੍ਰੇਰਿਆ।

# ਕਪੂਰਥਲਾ ਸਹੋਦਿਆ ਅਥਲੈਟਿਕ ਮੀਟ ਸੰਪੰਨ




ਸੁਲਤਾਨਪੁਰ ਲੋਧੀ, (ਹਨੀ)

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ.ਸੀ.ਐਫ ਵੱਲੋਂ ਕਰਵਾਈ ਜਾ ਰਹੀ ਕਪੂਰਥਲਾ ਸਹੋਦਿਆ ਅਥਲੈਟਿਕ ਮੀਟ 2024 ਧੂਮਧਾਮ ਨਾਲ ਸੰਪੰਨ ਹੋ ਗਈ । ਸਕੂਲ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਟੂਰਨਾਮੈਂਟ ਦੇ ਦੂਜੇ ਦਿਨ ਦੇ ਮੁਕਾਬਲਿਆਂ ਵਿੱਚ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਰੇਸ, ਰਿਲੇਅ ਰੇਸ, ਸ਼ਾਟਪੁੱਟ, ਡਿਸਕਸ ਥ੍ਰੋ ਆਦਿ ਮੁਕਾਬਲਿਆਂ ਵਿਚ ਕਪੂਰਥਲਾ ਸਹੋਦਿਆ ਦੇ 21 ਸੀ.ਬੀ.ਐਸ.ਈ ਸਕੂਲਾਂ ਦੇ ਲੜਕਿਆਂ ਵੱਲੋਂ ਹਿੱਸਾ ਲਿਆ ਗਿਆ । ਜੇਤੂ ਰਹੇ ਖਿਡਾਰੀਆਂ ਨੂੰ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਰੇਨੂੰ ਅਰੋੜਾ ਸੁਲਤਾਨਪੁਰ ਲੋਧੀ ਅਤੇ ਪ੍ਰਿੰਸੀਪਲ ਪ੍ਰਭਦੀਪ ਮੋਂਗਾ ਵੱਲੋਂ ਇਨਾਮ ਤਕਸੀਮ ਕੀਤੇ ਗਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਜੇਤੂ ਰਹੇ ਖਿਡਾਰੀਆਂ ਨੂੰ ਵਧਾਈ ਦਿੱਤੀ। ਅੰਤ ਵਿੱਚ ਮੁੱਖ ਮਹਿਮਾਨ ਦੁਆਰਾ ਐਥਲੈਟਿਕ ਮੀਟ ਦੀ ਸੰਪੰਨਤਾ ਦੀ ਘੋਸ਼ਣਾ ਕੀਤੀ ਗਈ।ਇਸ ਮੌਕੇ ਬਲਜੀਤ ਕੌਰ, ਬਲਵਿੰਦਰ ਕੌਰ ਡੀ ਪੀ, ਗੁਰਪ੍ਰੀਤ ਸਿੰਘ ਡੀਪੀ, ਰੇਨੂੰ ਬਾਲਾ ਡੀਪੀ, ਰੁਪਿੰਦਰਜੀਤ ਕੌਰ, ਅਮਨਦੀਪ ਕੌਰ, ਨੀਤੂ, ਸ਼ਿੰਦਰਪਾਲ ਕੌਰ, ਰਮਨਦੀਪ ਕੌਰ, ਦਲਜੀਤ ਕੌਰ, ਪ੍ਰਦੀਪ ਕੌਰ, ਮਨਪ੍ਰੀਤ ਕੌਰ, ਰਣਜੀਤ ਸਿੰਘ, ਹੁਸ਼ਿਆਰ ਸਿੰਘ, ਸਵਿਤਾ ਸ਼ਰਮਾ, ਸੋਨੀਆ, ਜਸਵਿੰਦਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਝੋਨੇ ਦੀ ਪਰਾਲੀ ਸੰਭਾਲਣ ਸੰਬੰਧੀ ਜਾਗਰੂਕਤਾ ਪ੍ਰੋਗਰਾਮ




ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੀ ਏ ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਪਰਾਲੀ ਦੇ ਪ੍ਰਬੰਧਨ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੱਦੀ ਸੂਰਾ ਸਿੰਘ, ਬਲਾਕ ਗੜ੍ਹਸ਼ੰਕਰ ਵਿਖੇ ਝੋਨੇ ਦੀ ਪਰਾਲੀ ਨੂੰ ਸੁਚੱਜੇ ਢੰਗ ਨਾਲ ਸੰਭਾਲਣ ਬਾਰੇ ਪ੍ਰੋਗਰਾਮ ਕਰਵਾਇਆ ਗਿਆ।ਇਸ ਜਾਗਰੂਕਤਾ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਸਹਿਯੋਗੀ ਨਿਰਦੇਸ਼ਕ ਡਾ. ਮਨਿੰਦਰ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਸੰਭਾਲਣ ਦੀ ਲੋੜ ਅਤੇ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਸੰਬੰਧੀ ਅਤੇ ਪਰਾਲੀ ਵਿੱਚ ਮੌਜੂ ਵੱਖ-ਵੱਖ ਤੱਤਾਂ ਦੀ ਮਹਤੱਤਾ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ।ਉਨ੍ਹਾਂ ਝੋਨੇ ਦੀ ਪਰਾਲੀ ਪ੍ਰਬੰਧਨ ਸੰਬੰਧੀ ਮਸ਼ੀਨਰੀ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਅਤੇ ਝੋਨੇ ਦੀ ਪਰਾਲੀ ਦੀ ਬਾਇਓ ਗੈਸ ਪਲਾਂਟ, ਗੱਤਾ ਉਦਯੋਗ ਅਤੇ ਖੁੰਬ ਉਤਪਾਦਨ ਵਿੱਚ ਅਤੇ ਊਰਜਾ, ਖਾਦ ਅਤੇ ਪਸ਼ੂ ਖੁਰਾਕ ਵਜੋਂ ਵਰਤੋਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸਕੂਲ ਮੁਹਿੰਮ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਪਰਾਲੀ ਸੰਭਾਲਣ ਦੇ ਇਸ ਨੇਕ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਲਈ ਵੀ ਲਾਮਬੰਦ ਕੀਤਾ।ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣਾ ਅਤੇ ਪੇਂਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ।ਵਿਦਿਆਰਥੀਆਂ ਵੱਲੋਂ ਸਾਰੇ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ।ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਮਹਿਮਾਨਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ।ਸਕੂਲ ਦੇ ਵਿਦਿਆਰਥੀਆਂ ਵੱਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਅਤੇ ਅੱਗ ਲਗਾਉਣ ਨਾਲ ਵਾਤਾਵਰਣ, ਜ਼ਮੀਨ ਦੀ ਸਿਹਤ ਅਤੇ ਮਨੁੱਖਤਾ ਤੇ ਬੁਰੇ ਪ੍ਰਭਾਵ ਸਬੰਧੀ ਜਾਗਰੂਕਤਾ ਰੈਲੀ ਵੀ ਕੱਢੀ ਗਈ।ਵੱਖ-ਵੱਖ ਮੁਕਾਬਲੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਟਾਫ, ਸਹਾਇਕ ਪ੍ਰੋਫੈਸਰ ਡਾ. ਅਜੈਬ ਸਿੰਘ, ਪ੍ਰੋਗਰਾਮ ਸਹਾਇਕ ਸੁਨੀਤਾ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਲਾਂਬੜਾ ਦੇ ਸਟਾਫ, ਅਵਿਨਾਸ਼ ਕੌਰ, ਲੈਕਚਰਾਰ ਰਜਨੀ, ਲੈਕਚਰਾਰ ਪਰਮਜੀਤ ਕੌਰ, ਲੈਕਚਰਾਰ, ਰਿਤੂਮੋਹਿੰਦਰ ਕੌਰ, ਪੰਜਾਬੀ ਮਿਸਟ੍ਰੈਸ ਅਤੇ ਸਾਇੰਸ ਮਿਸਟ੍ਰੈਸ ਰਾਜਦੀਪ ਕੌਰ ਦੀ ਦੇਖ ਰੇਖ ਅਧੀਨ ਹੋਏ।ਪ੍ਰੋਗਰਾਮ ਦਾ ਸੰਚਾਲਨ ਸਾਇੰਸ ਮਾਸਟਰ ਗੁਰਿੰਦਰ ਸਿੰਘ ਵੱਲੋਂ ਕੀਤਾ ਗਿਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਇਸ ਸਮੁੱਚੇ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਲਈ ਸ਼ਲਾਘਾ ਵੀ ਕੀਤੀ।ਅਖੀਰ ਵਿੱਚ ਪ੍ਰਿੰਸੀਪਲ ਕ੍ਰਿਪਾਲ ਸਿੰਘ ਨੇ ਮਾਹਿਰਾਂ ਦਾ ਧੰਨਵਾਦ ਕੀਤਾ ਅਤੇ ਝੋਨੇ ਦੀ ਪਰਾਲੀ ਸੰਭਾਲਣ ਲਈ ਜਾਗਰੂਕਤਾ ਮੁਹਿੰਮ ਚਲਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਇਸ ਨੇਕ ਮਨੋਰਥ ਵਿੱਚ ਵਿਦਿਆਰਥੀਆਂ ਦੇ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ।

# ਬਲਵਿੰਦਰ ਸਿੰਘ ਧਾਲੀਵਾਲ ਨੇ ਕਾਂਗਰਸੀ ਉਮੀਦਵਾਰ ਐਡ. ਰਣਜੀਤ ਕੁਮਾਰ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਹਲਕਾ ਚੱਬੇਵਾਲ ਵਿਖੇ ਜ਼ਿਮਨੀ ਚੋਣਾਂ ਦਾ ਚੋਣ ਪ੍ਰਚਾਰ ਕਾਂਗਰਸ ਕੈਂਡੀਡੇਟ ਐਡਵੋਕੇਟ ਰਣਜੀਤ ਕੁਮਾਰ ਦੇ ਹੱਕ 'ਚ ਪਿੰਡ ਟੋਡਰਪੁਰ, ਅਜਨੋਹਾ ਵਿਚ ਕਾਂਗਰਸ ਵਰਕਰਸ ਨਾਲ ਬਲਵਿੰਦਰ ਸਿੰਘ ਧਾਲੀਵਾਲ ਐਮ ਐਲ ਏ ਫਗਵਾੜਾ ਨੇ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਉਨ੍ਹਾ ਨਾਲ ਗੁਰਜੀਤ ਪਾਲ ਵਾਲੀਆ ਡੈਲੀਗੇਟ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਅਮਰਜੀਤ ਨਿੱਝਰ ਜਨਰਲ ਸਕੱਤਰ ਓ ਬੀ ਸੀ ਸੈਲ, ਸੋਹਨ ਸਿੰਘ ਪਰਮਾਰ, ਕਰਮਜੀਤ ਬਿੱਟੂ ਆਦਿ ਸਨ ।ਧਾਲੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਕਾਂਗਰਸ ਕੈਂਡੀਡੇਟ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣੀਆਂ ਹਨ ਤਾਂ ਕਿ ਉਹ ਜਿੱਤ ਕੇ ਚੱਬੇਵਾਲ ਹਲਕੇ ਦੀ ਅਵਾਜ਼ ਵਿਧਾਨ ਸਭਾ ਵਿਚ ਬੁਲੰਦ ਕਰ ਸਕਨ।

# ...ਜਦੋਂ ਪਿੰਡ ਕੌਲਗੜ੍ਹ ਨੂੰ ਪੁਲਸ ਨੇ ਘੇਰਿਆ...

(ਸ.ਫ਼ਾ 4 ਦੀ ਬਾਕੀ)

ਮੈਂ ਮੇਜ਼ਬਾਨ ਦੀ ਭੂਮਿਕਾ ਵਿੱਚ ਆ ਗਿਆ ਸੀ। ਸਾਡੀ ਉਸ ਸਮੇਂ ਦੀ ਮਿਹਨਤ ਸਦਕਾ ਸਾਰਾ ਪ੍ਰੋਗਰਾਮ ਚੁੱਪ-ਚੁਪੀਤੇ ਪਿੰਡ ਕੌਲਗੜ੍ਹ ਤੋਂ ਪਿੰਡ ਗੁਲਪੁਰ ਤਬਦੀਲ ਕਰ ਦਿੱਤਾ ਗਿਆ। ਸੰਤ ਰਾਮ ਉਦਾਸੀ, ਪਰਚੇ ਦੇ ਲੇਖਕ ਪ੍ਰੋ. ਐੱਸ ਐੱਨ ਸੇਵਕ (ਪ੍ਰੋ. ਮਿਹਰ ਚੰਦ ਭਾਰਦਵਾਜ), ਜਸਵੰਤ ਖਟਕੜ ਆਦਿ ਬਹੁਤ ਸਾਰੇ ਲੇਖਕ ਸਾਡੇ ਘਰ ਪਹੁੰਚਣ ਵਿਚ ਸਫਲ ਹੋ ਗਏ। ਬਕਾਇਦਾ ਪਰਚਾ ਪੜ੍ਹਿਆ ਗਿਆ ਅਤੇ ਹਾਜ਼ਰ ਲੇਖਕਾਂ ਨੇ ਆਪਣੇ ਵਿਚਾਰ ਰੱਖੇ, ਜਿਹਨਾਂ ਦੇ ਜਵਾਬ ਪਰਚਾ ਲੇਖਕ ਵੱਲੋਂ ਦਿੱਤੇ ਗਏ। ਭਾਵੇਂ ਉਸ ਸਮੇਂ ਸਾਡੇ ਸਾਂਝੇ ਘਰ ਵਿੱਚ ਚਾਲੀ-ਪੰਜਾਹ ਬੰਦੇ ਹੀ ਇੱਕਠੇ ਹੋ ਸਕੇ, ਪਰ ਅਸੀਂ ਸੰਕੇਤਕ ਰੂਪ ਵਿੱਚ ਹੀ ਸਹੀ, ਆਪਣੀ ਜ਼ਿਦ ਪੁਗਾ ਲਈ ਸੀ। ਇਸੇ ਦੌਰਾਨ ਆਂਢ-ਗੁਆਂਢ ਦੀਆਂ ਔਰਤਾਂ ਨੇ ਰਲ ਕੇ ਰੋਟੀ-ਟੁੱਕ ਤਿਆਰ ਕਰ ਲਿਆ ਸੀ। ਹੁਣ ਸਾਡੀ ਪਹਿਲ ਆਏ ਹੋਏ ਵਿਦਵਾਨਾਂ ਨੂੰ ਘਰੋ-ਘਰੀ ਪਹੁੰਚਾਉਣ ਦੀ ਸੀ, ਜਿਸ ਨੂੰ ਅਸੀਂ ਬਾਖੂਬੀ ਨਿਭਾਇਆ। ਹੁਣ ਇੱਕ ਕੰਮ ਰਹਿ ਗਿਆ ਸੀ ਕਰਨ ਵਾਲਾ, ਉਹ ਸੀ ਗੁਰਸ਼ਰਨ ਸਿੰਘ ਦੇ ਨਾਟਕਾਂ ਵਾਲੀ ਸ਼ਾਮ ਦਾ। ਇਸ ਕੰਮ ਨੂੰ ਵੀ ਇੱਕ ਹਫਤੇ ਬਾਅਦ ਸਾਡੇ ਵੱਲੋਂ ਪਿੰਡ ਕੌਲਗੜ੍ਹ ਵਿਖੇ ਪੂਰਾ ਕਰ ਦਿੱਤਾ ਗਿਆ। ਉਸ ਦਿਨ ਵਰਗਾ ਪ੍ਰੋਗਰਾਮ ਮੁੜ ਕੇ ਕਦੇ ਦੇਖਣ ਵਿੱਚ ਨਹੀਂ ਆਇਆ। ਭਰਵੇਂ ਇਕੱਠ ਵਿੱਚ ਜਸਵੰਤ ਖਟਕੜ ਵੱਲੋਂ ਬੋਲੀ ਕਵਿਤਾ 'ਬੜਾ ਕੁਝ ਹੋਣ ਵਾਲਾ ਹੈ' ਨੇ ਉਸ ਨੂੰ ਸਾਡੇ ਹਲਕੇ ਵਿੱਚ ਮਕਬੂਲ ਕਰ ਦਿੱਤਾ ਸੀ।

ਬੱਬਰ ਅਕਾਲੀ ਲਹਿਰ ਦੇ ਮੋਢੀਆਂ ਵਿਚੋਂ ਬੱਬਰ ਅਕਾਲੀ ਕਰਮ ਸਿੰਘ ਦੌਲਤਪੁਰ ਦਾ ਨਾਨਕਾ ਪਿੰਡ ਸੀ ਕੌਲਗੜ੍ਹ। ਉਸ ਦਿਨ ਥਾਣੇਦਾਰ ਰੇਸਮ ਸਿੰਘ ਨੂੰ ਜਦੋਂ ਸੰਤੋਖ ਸਿੰਘ ਧੀਰ ਨੇ ਪੁੱਛਿਆ ਕਿ ਸਮਾਗਮ ਕਿਉਂ ਨਹੀਂ ਹੋਣ ਦੇ ਰਹੇ ਹੋ? ਉਸ ਦਾ ਕਹਿਣਾ ਸੀ ਸਰਕਾਰੀ ਹਦਾਇਤਾਂ ਹਨ। ਧੀਰ ਨੇ ਉਸ ਨੂੰ ਪੁੱਛਿਆ ਕਿ ਕਾਕਾ ਕਿੰਨਾ ਪੜ੍ਹਿਐਂ? ਜੀ ਬੀ ਏ ਕੀਤੀ ਹੈ। ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਪੜ੍ਹੀਆਂ ਹਨ ? ਜੀ ਪੜ੍ਹੀਆਂ ਹਨ। ਕਿਹੜੀਆਂ-ਕਿਹੜੀਆਂ? ਸਾਂਝੀ ਕੰਧ, ਕੋਈ ਇਕ ਸਵਾਰ, ਸਵੇਰ ਹੋਣ ਤੱਕ ਸਮੇਤ ਕਈ ਹੋਰ ਵੀ ਪੜ੍ਹੀਆਂ ਹਨ। ਕਾਕਾ ਜੀ, ਮੈਂ ਹੀ ਹਾਂ ਫਿਰ ਸੰਤੋਖ ਸਿੰਘ ਧੀਰ। ਥਾਣੇਦਾਰ ਦਾ ਵਰਤਾਰਾ ਬਦਲ ਗਿਆ। ਉਸ ਨੇ ਕਿਹਾ ਕਿ ਸਾਨੂੰ ਉਪਰੋਂ ਹਦਾਇਤਾਂ ਹਨ ਕਿ ਸਮਾਗਮ ਨਹੀਂ ਹੋਣ ਦੇਣਾ। ਇਹ ਲੇਖਕ ਲੋਕ ਸਰਕਾਰ ਦੇ ਖਿਲਾਫ ਬੋਲਣਗੇ। ਧੀਰ ਨੇ ਕਿਹਾ ਕਿ ਤਾਂ ਕਿਹੜੀ ਗੱਲ ਹੈ ਬੋਲ ਲੈਣ, ਜੋ ਬੋਲਦੇ ਹਨ। ਮੈਂ ਸਰਕਾਰ ਦਾ ਪੱਖ ਰੱਖਾਂਗਾ।

ਮਾਮਲਾ ਰਫਾ-ਦਫਾ ਕਰਕੇ ਸਾਰੇ ਘਰੋ-ਘਰੀ ਤੁਰ ਗਏ। ਪੁਲਸ ਨੇ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਦੇ ਘਰ ਤੱਕ ਕੁਝ ਲੇਖਕਾਂ ਨੂੰ ਰੋਟੀ ਤੱਕ ਖਾਣ ਲਈ ਨਹੀਂ ਸੀ ਜਾਣ ਦਿੱਤਾ। ਉਸ ਦਿਨ ਸੰਤ ਰਾਮ ਉਦਾਸੀ ਨੂੰ ਸਾਈਕਲਾਂ ਉੱਤੇ ਨਵਾਂ ਸ਼ਹਿਰ ਤੋਂ ਬਰਨਾਲੇ ਚੜ੍ਹਾਉਣ ਲਈ ਮੋਹਨ ਸਿੰਘ ਛੋਕਰ ਅਤੇ ਮਲਕੀਤ ਸਰਹਾਲ ਕਾਜ਼ੀਆਂ ਛੱਡਣ ਗਏ ਸਨ। ਰਸਤੇ ਵਿੱਚ ਕਿਸੇ ਥਾਂ ਬੈਠ ਕੇ ਉਹਨਾਂ ਉਦਾਸੀ ਦੀ ਅਵਾਜ਼ ਵਿੱਚ ਤਿੰਨ ਗੀਤ ਭਰੇ ਸਨ। ਉਦੋਂ ਟੇਪ ਰਿਕਾਰਡ ਅਜੇ ਨਵੀਂ-ਨਵੀਂ ਆਈ ਸੀ। ਉਦਾਸੀ ਦੀ ਉਹ ਕੈਸਟ ਲੋਕਾਂ ਨੇ ਸੁਣ-ਸੁਣ ਕੇ ਘਸਾ ਦਿੱਤੀ ਸੀ। ਮੁੱਖ ਗੀਤ ਸੀ, 'ਉਠ ਕਿਰਤੀਆਂ ਉੱਠ ਵੇ ਉੱਠਣ ਦਾ ਵੇਲਾ।'

ਇਸ ਹੀ ਰੋਹ ਵਿਚੋਂ ਹੀ ਜਨਮ ਲਿਆ ਸੀ ਪੰਜਾਬੀ ਸਾਹਿਤ ਸਭਾ ਬਲਾਚੌਰ ਨੇ। ਸੰਤੋਖ ਸਿੰਘ ਧੀਰ, ਜਗਜੀਤ ਸਿੰਘ ਆਨੰਦ, ਪ੍ਰੋ. ਪਿਆਰਾ ਸਿੰਘ ਭੋਗਲ, ਬਾਬਾ ਗੁਰਬਖਸ਼ ਸਿੰਘ ਬੰਨ੍ਹੂਆਣਾ ਜਿਹੇ ਵਿਦਵਾਨ ਲੇਖਕਾਂ ਦੀ ਨਿਰਦੇਸ਼ਨਾ ਹੇਠ ਸੱਤ ਨਵੰਬਰ 1996 ਨੂੰ ਪੰਜਾਬੀ ਸਾਹਿਤ ਸਭਾ ਬਲਾਚੌਰ ਦੇ ਪਹਿਲੇ ਪ੍ਰਧਾਨ ਗੁਰਦਿਆਲ ਪੰਜਾਬੀ ਅਤੇ ਜਨਰਲ ਸਕੱਤਰ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਨੂੰ ਨਿਯੁਕਤ ਕੀਤਾ ਗਿਆ ਸੀ, ਜਿਹੜੀ ਸਭਾ ਅੱਜ ਆਪਣਾ 48ਵਾਂ ਜਨਮ ਦਿਨ ਇਸ ਹੀ ਪਿੰਡ ਕੌਲਗੜ੍ਹ ਦੀ ਧਰਤੀ 'ਤੇ ਪ੍ਰਸਿੱਧ ਪੰਜਾਬੀ ਲੇਖਕ ਜੰਗ ਬਹਾਦਰ ਗੋਇਲ ਦੀ ਪੁਸਤਕ 'ਸਾਹਿਤ ਸੰਜੀਵਨੀ' ਤੇ ਡਾ. ਨਵਜੋਤ ਸਿੰਘ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਲਿਖੇ ਪੇਪਰ ਤੇ ਬਹਿਸ ਉਪਰੰਤ ਗੋਇਲ ਜੀ ਨੂੰ ਸਭਾ ਵਲੋਂ 1986 ਤੋਂ ਸਥਾਪਤ ਕੀਤਾ 'ਡਾ. ਸਾਧੂ ਸਿੰਘ ਹਮਦਰਦ ਪੁਰਸਕਾਰ' ਜਿਸ ਵਿਚ ਇੱਕੀ ਹਜ਼ਾਰ ਰੁਪਏ ਦੀ ਨਕਦੀ, ਲੋਈ,ਪਲੇਟ ਸ਼ਾਮਲ ਹੈ,ਦੇ ਕੇ ਸਨਮਾਨਿਤ ਕੀਤਾ ਜਾਵੇਗਾ।

*# ਸੰਪਰਕ : +61482069176, ਮੈਲਬੌਰਨ (ਆਸਟ੍ਰੇਲੀਆ)*

## ਕੱਚੇ ਇੰਸਟਰਕਟਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਚੱਬੇਵਾਲ 'ਚ ਗੂੰਜਾਂਗੇ : ਯੂਨੀਅਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੀ.ਐੱਸ.ਟੀ./ਸੀ.ਟੀ.ਐੱਸ. ਕੰਟਰੈਕਟ ਇੰਸਟਰੱਕਟਰ ਯੂਨੀਅਨ ਪੰਜਾਬ ਵੱਲੋਂ ਗਿੱਦੜਬਾਹਾ ਵਿਖੇ ਹੋਏ ਰੋਸ ਪ੍ਰਦਰਸ਼ਨ ਦੌਰਾਨ ਡਿੰਪੀ ਢਿੱਲੋਂ ਦੇ ਸਪੁੱਤਰ ਪ੍ਰਭਜੋਤ ਸਿੰਘ ਢਿੱਲੋਂ ਵੱਲੋਂ ਲਿਖਤੀ ਰੂਪ ਵਿੱਚ ਦਿੱਤੇ ਭਰੋਸੇ ਅਨੁਸਾਰ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਨਾਲ ਮੀਟਿੰਗ ਕਾਰਵਾਈ ਗਈ, ਜਿਸ ਵਿੱਚ ਡੀ ਐੱਸ ਟੀ/ਸੀ ਟੀ ਐੱਸ ਕੰਟਰੈਕਟ ਇੰਸਟਰੱਕਟਰ ਯੂਨੀਅਨ ਵੱਲੋਂ ਆਪਣੀਆਂ ਜਾਇਜ਼ ਮੰਗਾਂ ਜਿਵੇਂ ਸੇਵਾ ਸੁਰੱਖਿਆ ਤੇ ਤਨਖਾਹ ਵਿੱਚ ਵਾਧਾ ਬਾਰੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਗਿਆ, ਕਿਉਂਕਿ ਮੁੱਖ ਮੰਤਰੀ ਸਾਹਬ ਤੇ ਉਨ੍ਹਾਂ ਦੀ ਪੈਨਲ ਵੱਲੋਂ ਫਗਵਾੜਾ ਮੀਟਿੰਗ ਦੌਰਾਨ ਭਰੋਸਾ ਦਿੱਤਾ ਗਿਆ ਸੀ ਕਿ ਤੁਹਾਡੀ ਨੌਕਰੀ ਨੂੰ 58 ਸਾਲ ਦੀ ਉਮਰ ਤੱਕ ਪੱਕੀ ਕਰਕੇ ਸੁਰੱਖਿਅਤ ਕੀਤਾ ਜਾਵੇਗਾ ਅਤੇ ਤਨਖਾਹਾਂ ਵਿੱਚ ਵੀ ਵਾਧਾ ਕੀਤਾ ਜਾਵੇਗਾ।ਯੂਨੀਅਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸਾਡੀਆਂ ਇਨ੍ਹਾਂ ਮੁੱਖ ਮੰਗਾਂ ਨੂੰ 13 ਨਵੰਬਰ ਤੱਕ ਪੂਰਾ ਨਾ ਕੀਤਾ ਗਿਆ ਤਾਂ ਯੂਨੀਅਨ ਵੱਲੋਂ ਵੱਡੇ ਪੱਧਰ 'ਤੇ ਚੱਬੇਵਾਲ ਹੁਸ਼ਿਆਰਪੁਰ ਵਿਖੇ 16 ਨਵੰਬਰ ਨੂੰ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਇਸ ਸਮੇਂ ਯੂਨੀਅਨ ਦੇ ਸੀਨੀਅਰ ਆਗੂ ਤੇ ਸੈਕਟਰੀ ਧਰਮਵੀਰ ਸਿੰਘ, ਕੁਲਦੀਪ ਸਿੰਘ, ਸਮਿਰਜਨੀਤ ਸਿੰਘ, ਕਰਿਨਦੀਪ ਸਿੰਘ, ਸ਼ਮਸ਼ੇਰ ਸਿੰਘ, ਸੰਦੀਪ ਸਿੰਘ ਸਰਾਓਨਾਗ ਤੇ ਯੂਨੀਅਨ ਦੇ ਹੋਰ ਮੈਂਬਰ ਹਾਜ਼ਰ ਸਨ।

## ਅਨਾਜ ਮੰਡੀ ਛੀਨੀਵਾਲ ਕਲਾਂ 'ਚ ਝੋਨੇ ਦੇ ਲੱਗੇ ਅੰਬਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਨਾਜ ਮੰਡੀ ਛੀਨੀਵਾਲ ਕਲਾਂ ਵਿੱਚ ਝੋਨੇ ਦੀ ਖਰੀਦ ਸਹੀ ਢੰਗ ਨਾਲ ਨਾ ਹੋਣ ਕਰਕੇ ਝੋਨੇ ਦੇ ਅੰਬਾਰ ਲੱਗ ਚੁੱਕੇ ਹਨ।ਕਿਸਾਨਾਂ ਨੂੰ ਹੁਣ ਫਸਲ ਸੁੱਟਣ ਲਈ ਥਾਂ ਨਹੀਂ ਬਚੀ।ਪੀੜਤ ਕਿਸਾਨਾਂ ਨੇ ਦੱਸਿਆ ਕਿ ਇਸ ਮੰਡੀ ਵਿੱਚ ਬੀਤੇ ਕਈ ਦਿਨਾਂ ਤੋਂ ਫਸਲ ਦੀ ਖਰੀਦ ਤੇ ਚੁਕਾਈ ਨਾ ਹੋਣ ਕਰਕੇ ਮੰਡੀ ਨੱਕੋ ਨੱਕ ਭਰ ਗਈ ਹੈ, ਜਿਸ ਕਰਕੇ ਕਿਸਾਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਭਾਰਤੀ ਕਿਸਾਨ ਯੂਨੀਅਨ ਪੰਜਾਬੀ ਬਲਾਕ ਮੰਡੀ ਦੇ ਪ੍ਰਧਾਨ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਕੰਮ ਕਰਦੇ ਮੰਡੀ ਮਜ਼ਦੂਰਾਂ ਦਾ ਮਿਹਨਤਾਨਾ ਪਿਛਲੇ 13 ਸਾਲ ਤੋਂ ਨਹੀਂ ਵਧਾਇਆ ਗਿਆ, ਜਦੋਂਕਿ ਇਸ ਸਮੇਂ ਦੌਰਾਨ ਮਹਿੰਗਾਈ ਸਾਰੇ ਹੱਦਾਂ ਬੰਨ੍ਹੇ ਟੱਪ ਗਈ ਹੈ।ਘੱਟ ਉਜਰਤ ਮਿਲਣ ਕਰਕੇ ਮਜ਼ਦੂਰ ਪਰਵਾਰਾਂ ਦਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੈ।ਭਾਕਿਯੂ ਲੱਖੋਵਾਲ ਦੇ ਆਗੂ ਸਿੰਗਾਰਾ ਸਿੰਘ ਛੀਨੀਵਾਲ ਨੇ ਮੰਗ ਕੀਤੀ ਕਿ ਝੋਨੇ ਦੀ ਖਰੀਦ 'ਚ ਤੇਜ਼ੀ ਲਿਆ ਕੇ ਚੁਕਾਈ ਦਾ ਪੂਰਾ ਪ੍ਰਬੰਧ ਕੀਤਾ ਜਾਵੇ, ਤਾਂ ਜੋ ਕਿਸਾਨ ਅਗਲੀ ਫਸਲ ਕਣਕ ਦੀ ਬਿਜਾਈ ਦਾ ਕੰਮ ਸਮੇਂ ਸਿਰ ਮੁਕੰਮਲ ਕਰ ਸਕਣ।ਇਸ ਮੌਕੇ ਨਿਰਮਲ ਸਿੰਘ, ਗੁਰਚਰਨ ਸਿੰਘ, ਕੌਰ ਸਿੰਘ, ਬਲੌਰ ਸਿੰਘ, ਜਾਗਰ ਸਿੰਘ, ਆਤਮਾ ਸਿੰਘ, ਹਰਮਨ ਸਿੰਘ, ਸਿਕੰਦਰ ਸਿੰਘ ਆਦਿ ਹਾਜ਼ਰ ਸਨ।

## ਸਮਾਣਾ 'ਚ ਪਰਾਲੀ ਸਾੜਨ ਦੇ 25 ਕੇਸ, 70 ਹਜ਼ਾਰ ਜੁਰਮਾਨਾ ਵਸੂਲਿਆ : ਐੱਸ ਡੀ ਐੱਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਾਨਯੋਗ ਸੁਪਰੀਮ ਕੋਰਟ/ਐੱਨ ਜੀ ਟੀ/ਸੀ ਏ ਕਿਊ ਐੱਮ ਦਿੱਲੀ ਦੇ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਟੀਮਾਂ ਦਾ ਗਠਨ ਕੀਤਾ ਹੋਇਆ ਹੈ ਅਤੇ ਇਸ ਕੰਮ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ ਵੱਖ ਵਿਭਾਗਾਂ ਦੇ ਸਟਾਫ਼ ਦੀ ਡਿਊਟੀ ਲਗਾਈ ਗਈ ਹੈ, ਜੋ ਕਿ ਕਿਸਾਨਾਂ ਨੂੰ ਪਰਾਲੀ ਦੇ ਸਹੀ ਪ੍ਰਬੰਧਨ ਲਈ ਮਸ਼ੀਨਰੀ ਉਪਲਬਧ ਕਰਵਾਉਣ ਵਿੱਚ ਵੀ ਕਿਸਾਨਾਂ ਨੂੰ ਸਹਿਯੋਗ ਦੇ ਰਹੇ ਹਨ।ਇਸ ਲੜੀ ਤਹਿਤ ਐੱਸ ਡੀ ਐੱਮ ਸਮਾਣਾ ਸ੍ਰੀ ਤਰਸੇਮ ਚੰਦ ਤੇ ਡੀ ਐੱਸ ਪੀ ਸਮਾਣਾ ਸ੍ਰੀ ਗੁਰਇਕਬਾਲ ਸਿੰਘ ਸਿਕੰਦ ਵੱਲੋਂ ਸਮਾਣਾ ਸਬ ਡਵੀਜ਼ਨ ਅਧੀਨ ਪੈਂਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਤੇ ਕਿਸਾਨਾਂ ਨਾਲ ਸਿੱਧਾ ਰਾਬਤਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਮਾਣਾ ਤਹਿਸੀਲ ਅੰਦਰ ਪਰਾਲੀ ਨੂੰ ਸਾੜੇ ਜਾਣ ਦੇ ਤਕਰੀਬਨ 25 ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਲਈ 70,000 ਤੋਂ ਵੱਧ ਰਕਮ ਦੀ ਵਸੂਲੀ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਜ਼ਮੀਨ ਦੇ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੇ ਜਾਣ ਦੇ ਨਾਲ-ਨਾਲ ਪੁਲਸ ਵੱਲੋਂ ਪਰਚਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਕੀਤੀ ਜਾ ਚੁੱਕੀ ਹੈ।ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ 6 ਨਵੰਬਰ 2024 ਨੂੰ ਪਹਿਲਾਂ ਤੋਂ ਬਣੇ ਕਾਨੂੰਨਾਂ ਵਿੱਚ ਸੋਧ ਕਰਦੇ ਹੋਏ ਜੁਰਮਾਨੇ ਦੀ ਰਕਮ ਦੁੱਗਣੀ ਕਰ ਦਿੱਤੀ ਗਈ ਹੈ।ਅੰਤ ਵਿੱਚ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ, ਸਗੋਂ ਪ੍ਰਸ਼ਾਸਨ ਦੀ ਮੱਦਦ ਨਾਲ ਉਸ ਦਾ ਢੁਕਵਾਂ ਪ੍ਰਬੰਧ ਕਰਨਾ ਯਕੀਨੀ ਬਣਾਉਣ ਤਾਂ ਅਸੀਂ ਸ਼ੁੱਧ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕੀਏ।

## ਆਈ ਐੱਚ ਐੱਮ 'ਚ ਮਨਾਇਆ ਅੰਤਰਰਾਸ਼ਟਰੀ ਸ਼ੈੱਫ ਦਿਵਸ

**ਬਠਿੰਡਾ,(ਪਰਵਿੰਦਰ ਜੀਤ ਸਿੰਘ)**-ਸਥਾਨਕ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਦੀ ਪ੍ਰਿੰਸੀਪਲ ਰਾਜਨੀਤ ਕੋਹਲੀ ਦੀ ਅਗਵਾਈ ਹੇਠ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਅੰਤਰਰਾਸ਼ਟਰੀ ਸ਼ੈੱਫ ਦਿਵਸ ਮਨਾਇਆ ਗਿਆ। ਇਸ ਮੌਕੇ ਡਿਗਰੀ, ਡਿਪਲੋਮਾ ਅਤੇ ਕਰਾਫਟਸਮੈਨਸ਼ਿਪ ਕੋਰਸਾਂ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਸ਼ੈੱਫ ਦਿਵਸ-2024 ਦੀ ਪੂਰਵ ਸੰਧਿਆ 'ਤੇ ਸੰਸਥਾ ਦੁਆਰਾ ਆਯੋਜਿਤ ਕੁੱਕਰੀ ਮੁਕਾਬਲੇ ਵਿੱਚ ਭਾਗ ਲਿਆ।ਇਸ ਮੌਕੇ ਪ੍ਰਿੰਸੀਪਲ ਰਾਜਨੀਤ ਕੋਹਲੀ ਨੇ ਇੰਸਟੀਚਿਊਟ ਦੇ ਫੈਕਲਟੀ ਸਟਾਫ ਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਸ਼ੈੱਫ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਅੰਤਰਰਾਸ਼ਟਰੀ ਸ਼ੈੱਫ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ, ਕਿਉਂਕਿ ਇਹ 2004 ਵਿੱਚ ਸਵਰਗੀ ਸ਼ੈੱਫ ਡਾ. ਬਿਲ ਗਾਲਾਘੇਰ ਦੁਆਰਾ ਮਨਾਇਆ ਗਿਆ ਸੀ।ਪ੍ਰਿੰਸੀਪਲ ਰਾਜਨੀਤ ਕੋਹਲੀ ਨੇ ਅੱਗੇ ਦੱਸਿਆ ਕਿ ਸ਼ੈੱਫਸ ਕੋਲ ਆਪਣੇ ਵਿਦਿਆਰਥੀਆਂ ਨਾਲ ਇਸ ਵਿਸ਼ੇਸ਼ ਦਿਨ ਦਾ ਜਸ਼ਨ ਮਨਾ ਕੇ ਸਾਡੇ ਭਾਈਚਾਰਿਆਂ ਵਿੱਚ ਸਕਾਰਾਤਮਕ ਪ੍ਰਭਾਵ ਪਾਉਣ ਦਾ ਇੱਕ ਸ਼ਾਨਦਾਰ ਮੌਕਾ ਹੈ। ਉਨ੍ਹਾਂ ਕਿਹਾ ਕਿ ਕੁੱਕਰੀ ਮੁਕਾਬਲੇ ਵਿੱਚ ਵਿਦਿਆਰਥਣ ਰਮਨ ਕੌਰ ਨੇ ਪਹਿਲਾ, ਰੀਆ ਨੇ ਦੂਜਾ ਅਤੇ ਸਮਿਤਾ ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਵਿਦਿਆਰਥਣ ਅਬੇਦਿਕਾ ਨੇ ਵੀ ਇਨਾਮ ਹਾਸਲ ਕੀਤਾ। ਪ੍ਰੋਗਰਾਮ ਮੌਕੇ ਆਈ ਐਚ ਐਮ ਦੇ ਪ੍ਰਿੰਸੀਪਲ ਰਾਜਨੀਤ ਕੋਹਲੀ, ਪੁਲਸ ਪਬਲਿਕ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸਿੰਘ ਅਤੇ ਆਈ ਐਚ ਐਮ ਦੇ ਪ੍ਰਸ਼ਾਸਕੀ ਅਫਸਰ ਰਾਜ ਕੁਮਾਰ ਸਿੰਗਲਾ ਨੇ ਜੱਜਮੈਂਟ ਕੀਤੀ।ਇਸ ਮੌਕੇ ਈਵੈਂਟ ਕੋਆਰਡੀਨੇਟਰ ਸੁਰਿੰਦਰ ਸਿੰਘ ਚੌਹਾਨ ਨੇ ਸਾਰੇ ਭਾਗੀਦਾਰਾਂ ਦੀ ਮਿਹਨਤ ਅਤੇ ਲਗਨ ਲਈ ਵਿਸ਼ੇਸ਼ ਵੀ ਧੰਨਵਾਦ ਕੀਤਾ।

## ਬੈਡਮਿੰਟਨ 'ਚ ਡਰੀਮਲੈਂਡ ਸਕੂਲ ਦੀਆਂ ਵਿਦਿਆਰਥਣਾਂ ਪਹਿਲੇ ਸਥਾਨ 'ਤੇ




**ਕੋਟਕਪੂਰਾ, (ਰਛਪਾਲ ਭੁੱਲਰ)**-ਪ੍ਰਾਇਮਰੀ ਵਰਗ ਦੀਆਂ ਜ਼ਿਲ੍ਹਾ ਪੱਧਰ ਦੀਆਂ ਖੇਡਾਂ ਜੈਤੋ ਵਿਖੇ ਜ਼ਿਲ੍ਹਾ ਖੇਡ ਅਫਸਰ ਕੇਵਲ ਕੌਰ ਦੀ ਰਹਿਨੁਮਾਈ ਹੇਠ ਕਰਵਾਈਆਂ ਗਈਆਂ। ਇਨਾਂ ਖੇਡਾਂ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਪੰਜ ਬਲਾਕਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿੱਚ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਕੋਟਕਪੂਰਾ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਸਕੂਲ ਦੀਆਂ ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਸ੍ਰਿਸ਼ਟੀ ਜੋਸ਼ੀ, ਗੁਰਲੀਨ ਕੌਰ ਅਤੇ ਭਾਵਿਕਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਸਟਾਫ਼, ਖਿਡਾਰਨਾਂ ਅਤੇ ਕੋਚਿਜ਼ ਨੂੰ ਵਧਾਈ ਦਿੱਤੀ ਅਤੇ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੀ.ਪੀ.ਈ.ਓ. ਕੋਟਕਪੂਰਾ ਸੁਰਜੀਤ ਸਿੰਘ ਅਤੇ ਹਰਬੀਰ ਸਿੰਘ ਨੇ ਖਿਡਾਰਨਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਖਿਡਾਰਨਾਂ ਨੇ ਇਸ ਪ੍ਰਾਪਤੀ ਨਾਲ ਕੋਟਕਪੂਰਾ ਬਲਾਕ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨੀਤਾ ਸਿਆਲ, ਰਾਜਵਿੰਦਰ ਕੌਰ ਅਤੇ ਪ੍ਰਦੀਪ ਕੁਮਾਰ ਸਮੇਤ ਸਮੂਹ ਸਟਾਫ ਹਾਜ਼ਰ ਸਨ।

## ਐਡਵੋਕੇਟ ਅਮਿਤ ਅਗਰਵਾਲ ਨੇ ਸਫ਼ਾਈ ਕਰਮਚਾਰੀਆਂ ਨੂੰ ਵੰਡੇ ਪ੍ਰਸ਼ੰਸਾ ਪੱਤਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ ਸਵੱਛਤਾ ਦੀ ਲਹਿਰ ਪੰਦਰਵਾੜਾ ਮਨਾਇਆ ਗਿਆ।ਇਹ ਪ੍ਰੋਗਰਾਮ ਈ ਓ ਦਵਿੰਦਰ ਸਿੰਘ ਤੂਰ ਦੀ ਅਗਵਾਈ ਵਿੱਚ ਤੇ ਸੈਨੇਟਰੀ ਇੰਸਪੈਕਟਰ ਦੀਪਕ ਕੁਮਾਰ ਦੀ ਦੇਖ-ਰੇਖ ਹੇਠ ਹੋਇਆ, ਜਿਸ ਵਿੱਚ ਪਿਛਲੇ ਦਿਨਾਂ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸਾਂਝੀਆਂ ਥਾਵਾਂ, ਧਾਰਮਿਕ ਅਸਥਾਨ, ਮੰਡੀਆਂ ਦੀ ਸਾਫ਼-ਸਫ਼ਾਈ 'ਤੇ ਫੋਗਿੰਗ ਵਰਗੇ ਪ੍ਰੋਗਰਾਮ ਕੀਤੇ ਗਏ।ਪੰਦਰਵਾੜੇ ਦੇ ਆਖ਼ਰੀ ਦਿਨ ਅੱਜ ਕੰਮ ਨੂੰ ਤਸੱਲੀਬਖ਼ਸ਼ ਤਰੀਕੇ ਨਾਲ ਕਰ ਕੇ ਪੂਰੀ ਡਿਊਟੀ ਤਨਦੇਹੀ ਨਾਲ ਨਿਭਾਉਣ 'ਤੇ ਸਫ਼ਾਈ ਕਰਮਚਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਪ੍ਰਸ਼ੰਸਾ-ਪੱਤਰ ਦਿੱਤੇ ਗਏ, ਜੋ ਕਿ ਐਡਵੋਕੇਟ ਅਮਿਤ ਅਗਰਵਾਲ ਵੱਲੋਂ ਆਪਣੇ ਹੱਥੀਂ ਸਫਾਈ-ਕਰਮਚਾਰੀਆਂ ਨੂੰ ਤਕਸੀਮ ਕੀਤੇ ਗਏ।ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਅਮਿਤ ਅਗਰਵਾਲ ਨੇ ਕਿਹਾ ਕਿ ਨਗਰ ਕੌਂਸਲ ਬਾਘਾ ਪੁਰਾਣਾ ਦੇ ਸਮੂਹ ਅਧਿਕਾਰੀ ਤੇ ਕਰਮਚਾਰੀ ਵਧਾਈ ਦੇ ਪਾਤਰ ਹਨ, ਕਿਉਂਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਦਿਸ਼ਾ-ਨਿਰਦੇਸ਼ ਜਾਰੀ ਹੁੰਦੇ ਹਨ, ਉਸ ਵੱਲ ਪੂਰਾ ਤਰ੍ਹਾਂ ਧਿਆਨ ਦਿੱਤਾ ਜਾਂਦਾ ਹੈ, ਜਿਸ ਨਾਲ ਮੌਜੂਦਾ ਸਮੇਂ ਵਿਚ ਡੇਂਗੂ ਭਿਆਨਕ ਬਿਮਾਰੀ ਤੋਂ ਬਹੁਤ ਹਨ ਜਾਂ ਯੋਜਨਾਵਾਂ ਲਾਗੂ ਕੀਤੀਆਂ ਜਾਂਦੀਆਂ ਹਨ, ਨਗਰ ਕੌਂਸਲ ਦੇ ਅਧਿਕਾਰੀ ਤੇ ਕਰਮਚਾਰੀ ਉਨ੍ਹਾਂ ਨੂੰ ਬਾਖੂਬੀ ਨਿਭਾਉਂਦੇ ਹੋਏ ਲੋਕਾਂ ਤੱਕ ਪਹੁੰਚਾਉਂਦੇ ਹਨ, ਸ਼ਹਿਰ ਦੀ ਸਾਫ-ਸਫਾਈ ਰਾਹਤ ਮਿਲਦੀ ਹੈ।ਇਸ ਮੌਕੇ ਜਨਰਲ ਇੰਸਪੈਕਟਰ ਜਗਜੀਤ ਸਿੰਘ ਸੰਧੂ, ਸੈਨੇਟਰੀ ਇੰਸਪੈਕਟਰ ਦੀਪਕ ਕੁਮਾਰ ਤੋਂ ਇਲਾਵਾ ਗੁਰਪ੍ਰੀਤ ਸਿੰਘ, ਬੱਬੂ ਚੱਢਾ ਤੇ ਹੋਰ ਪਤਵੰਤੇ ਹਾਜ਼ਰ ਸਨ।

## ਬਾਬਾ ਖਾਟੂ ਸ਼ਾਮ ਦੇ ਜਨਮ ਦਿਨ ਸੰਬੰਧੀ ਸ਼ੋਭਾ ਯਾਤਰਾ 12 ਨੂੰ

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਬਾਬਾ ਖਾਟੂ ਸ਼ਾਮ ਜੀ ਦੇ ਜਨਮ ਦਿਨ ਨੂੰ ਲੈ ਕੇ 12 ਨਵੰਬਰ ਨੂੰ ਸ੍ਰੀ ਰਾਧੇ ਸ਼ਾਮ ਸੇਵਾ ਸੰਘ ਸੁਸਾਇਟੀ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ। ਇਸ ਸ਼ੋਭਾ ਯਾਤਰਾ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਭਾਸ਼ ਚੁੱਘ, ਜੋਨੀ ਚੁੱਘ, ਅਜੇ ਵੋਹਰਾ, ਬਲਵੀਰ ਧਵਨ, ਕੁਲਦੀਪ ਸ਼ਰਮਾ, ਤੁਸ਼ਾਰ, ਕਰਨ, ਸਨੀ ਚੁੱਘ, ਰਾਮ ਨਰੂਲਾ, ਅਨਿਲ ਹਾਂਡਾ, ਸੁਰਿੰਦਰ ਲਾਟੂ, ਗੌਰਵ ਵਾਟਸ ਨੇ ਦੱਸਿਆ ਕਿ 12 ਨਵੰਬਰ ਨੂੰ ਬਾਬਾ ਖਾਟੂ ਸ਼ਾਹ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ, ਉਸ ਦੇ ਸਬੰਧ ਵਿੱਚ ਸ਼ੋਭਾ ਯਾਤਰਾ ਸ਼ਹਿਰ ਵਿੱਚ ਕੱਢੀ ਜਾ ਰਹੀ ਹੈ। ਇਹ ਸ਼ੋਭਾ ਯਾਤਰਾ ਪਰਸ਼ੂਰਾਮ ਧਰਮਸ਼ਾਲਾ ਦੇ ਕੋਲ ਸ਼ੁਰੂ ਹੋ ਕੇ ਵੱਖ ਵੱਖ ਬਾਜ਼ਾਰਾਂ ਵਿੱਚੋਂ ਹੁੰਦੇ ਹੋਏ ਵਾਪਸ ਧਰਮਸ਼ਾਲਾ ਵਿਖੇ ਆ ਕੇ ਸਮਾਪਤ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਰਾਤ ਨੂੰ 8 ਵਜੇ ਤੋਂ ਲੈ ਕੇ 12 ਵਜੇ ਤੱਕ ਪਰਸ਼ੂਰਾਮ ਧਰਮਸ਼ਾਲਾ ਵਿਖੇ ਭਗਤਾ ਵੱਲੋਂ ਬਾਬਾ ਜੀ ਦੀ ਸੁੰਦਰ ਸੁੰਦਰ ਭੇਟਾ ਦਾ ਗੁਣਗਾਨ ਕੀਤਾ ਜਾਵੇਗਾ, ਉਸ ਤੋਂ ਬਾਅਦ ਰਾਤ ਨੂੰ 12 ਵਜੇ ਕੇਕ ਕੱਟ ਕੇ ਬਾਬਾ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਮੌਕੇ ਆਈ ਸੰਗਤ ਦੇ ਲਈ ਅਟੁੱਟ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਸੰਗਤ ਇਸ ਮੌਕੇ ਪਹੁੰਚ ਕੇ ਇਸ ਪ੍ਰੋਗਰਾਮ ਦਾ ਲਾਭ ਉਠਾਉਣ ਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।

## ਅਨੇਕਾਂ ਪਰਵਾਰ ਕਾਂਗਰਸ ਛੱਡ 'ਆਪ' 'ਚ ਹੋਏ ਸ਼ਾਮਲ

### 'ਆਪ' ਦੀ ਸਰਕਾਰ ਹੀ ਗਿੱਦੜਬਾਹਾ ਹਲਕੇ ਦੀ ਨੁਹਾਰ ਬਦਲ ਸਕਦੀ : ਡਿੰਪੀ ਢਿੱਲੋਂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਚੋਣ ਮੁਹਿੰਮ ਦੌਰਾਨ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ ਪਿੰਡ ਮੱਲਣ ਵਿਖੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਦੇ ਹੋਏ ਅਨੇਕਾਂ ਪਰਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਡਿੰਪੀ ਢਿੱਲੋਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਸੁਖਮੰਦਰ ਸਿੰਘ ਦੇ ਗ੍ਰਹਿ ਵਿਖੇ ਅਰਸ਼ਦੀਪ ਸਿੰਘ, ਮੰਦਰ ਸਿੰਘ, ਦਰਸ਼ਨ ਸਿੰਘ, ਜਸਵਿੰਦਰ ਕੌਰ, ਵੀਰਪਾਲ ਕੌਰ, ਮਨਵੀਰ ਕੌਰ, ਸਰਬਜੀਤ ਕੌਰ ਤੇ ਮੁਖਤਿਆਰ ਕੌਰ, ਓਮ ਪ੍ਰਕਾਸ਼, ਸਰਬਜੀਤ ਸਿੰਘ, ਹਰਬੰਸ ਲਾਲ, ਮਨਜੀਤ ਸਿੰਘ ਸੁਧੀਰ, ਵਰਿੰਦਰ ਕੁਮਾਰ, ਵੀਰਪਾਲ ਕੌਰ, ਸੀਮਾ ਰਾਣੀ, ਵਤਨਦੀਪ, ਜਸਵਿੰਦਰ ਸਿੰਘ, ਬਲਵਿੰਦਰ ਬਿੱਲੂ ਆਪਣੇ ਪਰਵਾਰ ਸਮੇਤ ਪਾਰਟੀ ਵਿੱਚ ਸ਼ਾਮਲ ਹੋਏ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਨੂੰ ਡਿੰਪੀ ਢਿੱਲੋਂ ਨੇ ਪਾਰਟੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਬਣਤ ਦਾ ਮਾਣ ਸਨਮਾਨ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਗਿੱਦੜਬਾਹਾ ਹਲਕੇ ਦੀ ਨੁਹਾਰ ਬਦਲ ਸਕਦੀ ਹੈ।ਇਸ ਲਈ ਗਿੱਦੜਬਾਹਾ ਹਲਕੇ ਦੀ ਸ਼ਾਨ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਉਣ ਲਈ ਹਰ ਇੱਕ ਵੋਟਰ ਨੂੰ ਅੱਗੇ ਹੋ ਕੇ ਕੰਮ ਕਰਨ ਦੀ ਬਹੁਤ ਲੋੜ ਹੈ। ਇਸ ਮੌਕੇ ਸ਼ਮਿਦਰ ਸਿੰਘ ਸਾਬਕਾ ਸਰਪੰਚ ਕੋਟਲੀ, ਬਲਕਰਨ ਸਿੰਘ ਬਾਲੀ ਸਾਬਕਾ ਸਰਪੰਚ ਮੱਲਣ, ਰਾਜਾ ਸਿੰਘ ਸਰਪੰਚ, ਤਾਰਾ ਸਿੰਘ ਸਾਬਕਾ ਸਰਪੰਚ, ਬਿੰਦਰ ਮੈਂਬਰ, ਜਗਦੀਪ ਮੈਂਬਰ, ਸੁੱਚਾ ਸਿੰਘ, ਬਲਜਿੰਦਰ ਸਿੰਘ, ਕੁਲਵਿੰਦਰ ਸਿੰਘ ਬਲਾਕ ਕੋਆਰਡੀਨੇਟਰ ਆਮ ਆਦਮੀ ਪਾਰਟੀ, ਡਾਕਟਰ ਇਕਬਾਲ ਸਿੰਘ ਢਿੱਲੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਹਾਜ਼ਰ ਸਨ।

## ਪੈਨਸ਼ਨਰਾਂ ਦੀਆਂ ਮੰਗਾਂ ਦੀ ਪੂਰਤੀ ਲਈ ਉਪ-ਚੋਣਾਂ 'ਚ ਸਰਕਾਰ ਦਾ ਡਟਵਾਂ ਵਿਰੋਧ ਕਰਾਂਗੇ : ਅਮਰੀਕ ਸਿੰਘ, ਗੁਰਮੇਲ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੋਗਾ ਦੀਆਂ ਸ਼ਹਿਰੀ ਤੇ ਪੇਂਡੂ ਇਕਾਈਆਂ ਦੀ ਮਹੀਨਾਵਾਰ ਸਾਂਝੀ ਮੀਟਿੰਗ ਪੈਨਸ਼ਨਰਜ਼ ਸੀਨੀਅਰ ਆਗੂ ਦਿਆਲ ਸਿੰਘ ਤੇ ਗੁਰਮੇਲ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਦੇ ਸ਼ਹੀਦ ਸਤੀਸ਼ ਲੂੰਬਾ ਭਵਨ ਵਿਖੇ ਹੋਈ। ਮੀਟਿੰਗ ਵਿੱਚ ਸੂਬਾਈ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਯੂਨੀਅਨ ਆਗੂਆਂ ਅਮਰੀਕ ਸਿੰਘ ਮਸੀਤਾਂ ਸੂਬਾਈ ਜਨਰਲ ਸਕੱਤਰ, ਗੁਰਮੇਲ ਸਿੰਘ ਨਾਹਰ ਸਰਕਲ ਜਨਰਲ ਸਕੱਤਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਤੇ ਪਾਵਰਕਾਮ ਟਰਾਂਸਕੋ ਮੈਨੇਜਮੈਂਟ ਦੀ ਟਾਲ-ਮਟੋਲ ਵਾਲੀ ਨੀਤੀ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਹੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸਮਾਂ ਦੇ ਕੇ ਵੀ ਸਰਕਾਰ ਤੇ ਮੈਨੇਜਮੈਂਟ ਵੱਲੋਂ ਮੀਟਿੰਗ ਮੁਲਤਵੀ ਕਰ ਦਿੱਤੀ ਜਾਂਦੀ ਹੈ, ਜਿਸ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਤੇ ਪਾਵਰਕਾਮ ਦੀ ਮੈਨੇਜਮੈਂਟ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ ਅਤੇ ਲੰਬੇ ਸਮੇਂ ਤੋਂ ਮੀਟਿੰਗ ਨੂੰ ਟਾਲਣ ਦੀ ਨੀਤੀ ਅਪਣਾਈ ਜਾ ਰਹੀ ਹੈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਵੱਖ-ਵੱਖ ਵਰਗਾਂ ਦੇ ਤਿੱਖੇ ਸੰਘਰਸ਼ ਅੱਗੇ ਝੁਕਦਿਆਂ ਬਕਾਇਆ 15 ਫੀਸਦੀ ਮਹਿੰਗਾਈ ਭੱਤੇ ਦੀ ਥਾਂ ਸਿਰਫ 4 ਫੀਸਦੀ ਮਹਿੰਗਾਈ ਭੱਤਾ ਜਾਰੀ ਕੀਤਾ ਗਿਆ, ਪਰ ਜੇਕਰ ਸਰਕਾਰ ਇਹ ਸੋਚਦੀ ਹੈ ਕਿ ਅਜਿਹਾ ਕਰਕੇ ਸੰਘਰਸ਼ ਨੂੰ ਠੱਲ੍ਹ ਪਵੇਗੀ ਤਾਂ ਅਜਿਹਾ ਨਹੀਂ ਹੋਵੇਗਾ। ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਮਹਿੰਗਾਈ ਭੱਤੇ ਦੀ 4 ਫੀਸਦੀ ਕਿਸ਼ਤ ਨੂੰ ਸਾਰੀਆਂ ਯੂਨੀਅਨਾਂ ਤੇ ਐਸੋਸੀਏਸ਼ਨਾਂ ਪਹਿਲਾਂ ਹੀ ਰੱਦ ਕਰ ਚੁੱਕੀਆਂ ਹਨ ਅਤੇ ਪੰਜਾਬ ਦੀ 'ਆਪ' ਸਰਕਾਰ ਦਾ ਵਿਰੋਧ ਇਸੇ ਤਰ੍ਹਾਂ ਜਾਰੀ ਰਹੇਗਾ। ਇਸੇ ਲੜੀ ਤਹਿਤ ਚਾਰ ਜ਼ਿਮਨੀ ਚੋਣ ਸਰਕਲ ਚੱਬੇਵਾਲ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਬਰਨਾਲਾ ਵਿੱਚ ਰੋਸ ਰੈਲੀਆਂ ਅਤੇ ਝੰਡਾ ਮਾਰਚ ਕਰਕੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਨੂੰ ਜਨਤਾ ਦੇ ਸਾਹਮਣੇ ਨੰਗਾ ਕੀਤਾ ਜਾਵੇਗਾ। ਸਰਕਾਰ ਦੀ ਇਸ ਤਬਦੀਲੀ ਦਾ ਵਿਰੋਧ ਕਰਕੇ ਲੋਕਾਂ ਨੂੰ ਵੋਟ ਨਾ ਪਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਸੰਵਿਧਾਨਕ ਮੰਗਾਂ ਪ੍ਰਤੀ ਇਸੇ ਤਰ੍ਹਾਂ ਦੀ ਉਦਾਸੀਨਤਾ ਦਾ ਰਵੱਈਆ ਜਾਰੀ ਰੱਖਿਆ ਤਾਂ ਸਰਕਾਰ ਦੇ ਇਸ ਅੜੀਅਲ ਰਵੱਈਏ ਦਾ ਨਤੀਜਾ ਭਵਿੱਖ ਦੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਤੇ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀ, ਨਗਰ ਨਿਗਮ ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ।

ਪੰਜਾਬ ਵਿੱਚ ਨਿਗਮ, ਨਗਰ ਪਾਲਿਕਾ ਚੋਣਾਂ, ਜਿਸ ਲਈ ਪੰਜਾਬ ਸਰਕਾਰ ਤੇ ਪਾਵਰਕਾਮ ਟਰਾਂਸਕੋ ਮੈਨੇਜਮੈਂਟ ਖੁਦ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਦਿਆਲ ਸਿੰਘ, ਗੁਰਮੀਤ ਧਾਲੀਵਾਲ, ਜਸਵਿੰਦਰ ਸੰਧੀ, ਜੋਗਿੰਦਰ ਸਿੰਘ, ਸਵਰਨ ਜੀਤ ਸਿੰਘ ਨਾਹਰ, ਵੀ. ਪੀ. ਸੇਠੀ, ਬਿੱਕਰ ਸਿੰਘ, ਜਸਵੀਰ ਸਿੰਘ, ਬਲਦੇਵ ਸਿੰਘ ਝੰਡੇਆਣਾ, ਗੁਰਨਾਮ ਸਿੰਘ, ਬਲਵਿੰਦਰ ਸਿੰਘ, ਗੁਰਸੇਵਕ ਸਿੰਘ, ਗੁਰਦੇਵ ਸਿੰਘ, ਜਗਜੀਤ ਸਿੰਘ, ਦਰਬਾਰਾ ਸਿੰਘ ਡਾਲਾ, ਦਰਸ਼ਨ ਸਿੰਘ, ਬਿੱਕਰ ਸਿੰਘ, ਸਵਰਨ ਸਿੰਘ, ਬਲਦੇਵ ਸਿੰਘ, ਮਲਕੀਤ ਸਿੰਘ, ਗੁਰਚਰਨ ਸਿੰਘ, ਅਸ਼ੋਕ ਕੁਮਾਰ, ਕਰਮ ਸਿੰਘ, ਮਨਜਿੰਦਰ ਸਿੰਘ, ਅੰਮ੍ਰਿਤ ਲਾਲ, ਬਲਬੀਰ ਸਿੰਘ, ਮਲਕੀਤ ਸਿੰਘ, ਇੰਦਰਜੀਤ ਸਿੰਘ, ਬਲਕਾਰ ਸਿੰਘ, ਹਰੀ ਬਿਲਾਸ, ਅਵਤਾਰ ਸਿੰਘ, ਗੁਰਮੀਤ ਸਿੰਘ, ਮੁਕੰਦ ਸਿੰਘ, ਗੁਰਦੀਪ ਸਿੰਘ, ਅਜਮੇਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਪ੍ਰੋਫ਼ੈਸਰ ਬਡੂੰਗਰ ਵੱਲੋਂ ਨਵ-ਪ੍ਰਕਾਸ਼ਤ ਪੁਸਤਕ ਐਡਵੋਕੇਟ ਧਾਮੀ ਨੂੰ ਭੇਟ

### ਪੁਸਤਕਾਂ ਧਰਮ ਤੇ ਸਿੱਖ ਇਤਿਹਾਸ ਅੰਦਰ ਸਾਰਿਆਂ ਲਈ ਪ੍ਰੇਰਣਾ ਸਰੋਤ : ਧਾਮੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਆਪਣੀਆਂ ਨਵ-ਪ੍ਰਕਾਸ਼ਤ ਪੁਸਤਕਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਭੇਟ ਕੀਤੀਆਂ ਗਈਆਂ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸਾਬਕਾ ਪ੍ਰਧਾਨ ਨਾਲ ਮੁਲਾਕਾਤ ਕੀਤੀ ਤੇ ਇਸ ਦੌਰਾਨ ਪ੍ਰੋ. ਬਡੂੰਗਰ ਨੇ ਧਾਰਮਕ ਪੁਸਤਕਾਂ 'ਪ੍ਰਗਟ ਭਏ ਗੁਰ ਤੇਗ ਬਹਾਦਰ' ਤੇ 'ਗੁਰੂ ਨਾਨਕ ਕੀ ਵਡਿਆਈ' ਭੇਟ ਕੀਤਆਂ।

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਪ੍ਰੋ. ਬਡੂੰਗਰ ਜੋ ਹਮੇਸ਼ਾ ਧਰਮ ਦੇ ਪ੍ਰਚਾਰ ਪਸਾਰ ਕਾਰਜਾਂ ਵਿੱਚ ਜੁੱਟ ਰਹਿੰਦੇ ਹਨ ਤੇ ਅਕਸਰ ਉਨ੍ਹਾਂ ਵੱਲੋਂ ਭਾਸ਼ਾ ਦੇ ਵਿਕਾਸ ਲਈ ਸਾਡੀ ਅਜੋਕੀ ਪੀੜ੍ਹੀ ਲਈ ਸੇਧਤ ਇਹ ਧਾਰਮਕ ਪੁਸਤਕਾਂ ਵੀ ਧਰਮ ਤੇ ਸਿੱਖ ਇਤਿਹਾਸ ਅੰਦਰ ਸਾਰਿਆਂ ਲਈ ਪ੍ਰੇਰਣਾ ਸਰੋਤ ਹਨ।ਉਨ੍ਹਾਂ ਕਿਹਾ ਕਿ ਪੁਸਤਕ ਅੰਦਰ ਸਿੱਖ ਪੰਥ ਦੇ ਸ਼ਾਨਾਮੱਤੇ ਸਤਾਰਾਂ ਜਰਨੈਲਾਂ ਦੇ ਜੀਵਨ ਬਿਰਤਾਂਤ ਸ਼ਾਮਲ ਕੀਤੇ ਗਏ ਹਨ।ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਿੱਖ ਪੰਥ ਦੀ ਖੁਸ਼ਕਿਸਮਤੀ ਹੈ ਕਿ ਬਹੁ-ਪੱਖੀ ਰਾਜਨੀਤਕ ਰੁਝੇਵਿਆਂ ਦੇ ਬਾਵਜੂਦ ਪ੍ਰੋ. ਬਡੂੰਗਰ ਨੇ ਆਪਣੀ ਅੰਦਰਲੀ ਬੌਧਿਕ ਤੇ ਮੌਲਿਕ ਪ੍ਰਤਿਭਾ ਨੂੰ ਜਿਉਂਦਾ ਰੱਖਿਆ ਹੈ ਅਤੇ ਸਿੱਖ ਇਤਿਹਾਸ, ਫਲਸਫੇ, ਰਹਿਤ ਮਰਯਾਦਾ ਤੇ ਭਖਦੇ ਮਸਲਿਆਂ ਸੰਬੰਧੀ ਆਪਣੇ ਲੇਖ ਬਾਕਾਇਦਾ ਪ੍ਰਕਾਸ਼ਤ ਕਰਵਾਉਂਦੇ ਰਹਿੰਦੇ ਹਨ।ਉਨ੍ਹਾਂ ਆਖਿਆ ਕਿ ਇਹ ਪੁਸਤਕਾਂ ਜਿੱਥੇ ਨੌਜਵਾਨ ਖੋਜਾਰਥੀਆਂ ਨੂੰ ਹਵਾਲਾ ਪੁਸਤਕ ਦੇ ਤੌਰ 'ਤੇ ਸਹਾਇਤਾ ਦੇਵੇਗੀ, ਉੱਥੇ ਉਨ੍ਹਾਂ ਨੂੰ ਨਿੱਠ ਕੇ ਖੋਜ ਅਧਿਐਨ ਕਰਨ ਦੀ ਪ੍ਰੇਰਣਾ ਵੀ ਦੇਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਮੈਨੇਜਰ ਨਿਸ਼ਾਨ ਸਿੰਘ ਜ਼ਫਰਵਾਲ ਆਦਿ ਮੌਜੂਦ ਸਨ।

## 59ਵੀਂ ਆਲ ਇੰਡੀਆ ਆਈ ਪੀ ਐੱਸ ਸੀ ਐਥਲੈਟਿਕਸ ਮੀਟ ਸੰਪੰਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨਾਭਾ ਵਿਖੇ 59ਵੀਂ ਆਲ ਇੰਡੀਆ ਆਈ.ਪੀ.ਐੱਸ.ਸੀ. (ਅੰਡਰ-19) ਐਥਲੈਟਿਕਸ ਮੀਟ (ਲੜਕੇ ਤੇ ਲੜਕੀਆਂ) ਸੰਪੰਨ ਹੋ ਗਈ।ਇਸ ਮੀਟ ਦੌਰਾਨ ਦੇਸ਼ ਦੇ 18 ਨਾਮਵਰ ਪਬਲਿਕ ਸਕੂਲਾਂ ਦੇ 341 ਐਥਲੀਟਾਂ ਨੇ ਐਥਲੈਟਿਕਸ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਸ੍ਰੀ ਪਰਮਜੀਤ ਸਿੰਘ ਗੁਰਾਇਆ, ਆਈ.ਪੀ.ਐੱਸ. (ਸੇਵਾਮੁਕਤ) ਨੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਲੜਕਿਆਂ ਦੇ ਵਰਗ ਵਿੱਚ, ਦੂਨ ਸਕੂਲ, ਦੇਹਰਾਦੂਨ ਨੇ ਆਈ.ਪੀ.ਐੱਸ.ਸੀ. ਐਥਲੈਟਿਕਸ ਟਰਾਫੀ ਜਿੱਤੀ ਤੇ ਵੈਲਹਮ ਬੁਆਇਜ਼ ਸਕੂਲ, ਦੇਹਰਾਦੂਨ ਉਪ ਜੇਤੂ ਰਿਹਾ।ਲੜਕੀਆਂ ਦੇ ਵਰਗ ਵਿੱਚ ਐਮ.ਐਨ.ਐਸ.ਐਸ., ਰਾਏ ਨੇ ਆਈ.ਪੀ.ਐੱਸ.ਸੀ. ਐਥਲੈਟਿਕਸ ਟਰਾਫੀ ਜਿੱਤੀ ਤੇ ਡੇਲੀ ਕਾਲਜ, ਇੰਦੌਰ ਉਪ ਜੇਤੂ ਰਿਹਾ।ਸਰਵੋਤਮ ਅਥਲੀਟ (ਲੜਕੇ) ਦਾ ਪੁਰਸਕਾਰ ਦੂਨ ਸਕੂਲ ਦੇਹਰਾਦੂਨ ਦੇ ਉਦਥਵੀਰ ਪਸਰੀਚਾ ਨੇ ਹਾਸਲ ਕੀਤਾ।ਸਰਵੋਤਮ ਐਥਲੀਟ (ਲੜਕੀਆਂ) ਦਾ ਪੁਰਸਕਾਰ ਆਰ ਕੇ ਕੇ ਜੀ ਪੀ ਐੱਸ ਜੋਧਪੁਰ ਤੋਂ ਪੂਜਾ ਬਿਸ਼ਨੋਈ ਨੇ ਹਾਸਲ ਕੀਤਾ।ਮਾਰਚ ਪਾਸਟ ਟਰਾਫੀ ਵੈਲਹਮ ਬੁਆਇਜ਼ ਸਕੂਲ ਦੇਹਰਾਦੂਨ ਨੇ ਜਿੱਤੀ।ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਪਰਮਜੀਤ ਸਿੰਘ ਗੁਰਾਇਆ ਨੇ ਪੰਜਾਬ ਪਬਲਿਕ ਸਕੂਲ ਦੇ ਹੈੱਡਮਾਸਟਰ, ਸਟਾਫ਼ ਤੇ ਵਿਦਿਆਰਥੀਆਂ ਨੂੰ ਇਸ ਐਥਲੈਟਿਕਸ ਮੀਟ ਦੇ ਸ਼ਾਨਦਾਰ ਆਯੋਜਨ ਲਈ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਜ਼ਰੂਰ ਧਿਆਨ ਦੇਣ, ਇਸ ਨਾਲ਼ ਸਰੀਰ ਤੰਦਰੁਸਤ ਰਹਿੰਦਾ ਹੈ।ਇਸ ਮੌਕੇ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਇਸ ਮੀਟ ਵਿੱਚ ਸ਼ਿਰਕਤ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।ਅੰਤ ਵਿੱਚ ਉਨ੍ਹਾਂ ਨੇ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਐੱਨ.ਐੱਸ.ਐੱਨ.ਆਈ.ਐੱਸ., ਪਟਿਆਲਾ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

## ਮੁਕਤੀਸਰ ਪੱਤਰਕਾਰ ਏਕਤਾ ਮੰਚ ਨੇ ਮੰਡੀ ਕਾਮਿਆਂ ਤੇ ਹੋਰਨਾਂ ਨੂੰ ਵੰਡੇ ਮਾਸਕ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰ ਪਾਲ/ਪੂਜਾ)**-ਹਵਾ ਵਿੱਚ ਵਧ ਰਹੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਣ ਲਈ ਸਾਵਧਾਨੀਆਂ ਵਰਤਣ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮੁਕਤੀਸਰ ਪੱਤਰਕਾਰ ਏਕਤਾ ਮੰਚ (ਰਜਿ:) ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਭਜਨ ਸਿੰਘ ਸਮਾਘ ਤੇ ਚੇਅਰਮੈਨ ਤਰਸੇਮ ਢੂੱਡੀ ਵੱਲੋਂ ਨਵੀਂ ਦਾਣਾ ਮੰਡੀ 'ਚ ਕੰਮ ਕਰ ਰਹੇ ਕਾਮਿਆਂ, ਮਜ਼ਦੂਰ ਯੂਨੀਅਨ ਤੇ ਹੋਰਨਾਂ ਨੂੰ ਮਾਸਕ ਵੰਡਣ ਸਮੇਂ ਕੀਤਾ।ਉਨ੍ਹਾ ਕਿਹਾ ਕਿ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਸਿਹਤ ਸਮੱਸਿਆਵਾਂ ਦੇ ਆਮ ਲੱਛਣ ਹਨ ਜਿਵੇਂ ਕਿ ਖੰਘ, ਸਾਹ ਚੜ੍ਹਨਾ, ਪਾਣੀ ਭਰਿਆ ਨੱਕ, ਅੱਖਾਂ ਵਿੱਚੋਂ ਪਾਣੀ ਆਉਣਾ, ਅੱਖਾਂ ਵਿੱਚ ਰੜਕ ਤੇ ਸਿਰ ਭਾਰੀ ਹੋ ਸਕਦਾ ਹੈ, ਅਜਿਹੇ ਲੱਛਣ ਹੋਣ 'ਤੇ ਤੁਰੰਤ ਨਜ਼ਦੀਕੀ ਡਾਕਟਰ ਦੀ ਸਲਾਹ ਲਈ ਜਾਵੇ ਤੇ ਕੰਮ ਕਰਨ ਤੇ ਸਫ਼ਰ ਕਰਦੇ ਸਮੇਂ ਮਾਸਕ ਦੀ ਵਰਤੋਂ ਕੀਤੀ ਜਾਵੇ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਸਾਫ ਹਵਾ ਵਿੱਚ ਸਾਹ ਲੈਣ ਲਈ ਵੱਧ ਤੋਂ ਵੱਧ ਰੁੱਖ ਲਗਾਓ, ਇਸ ਨਾਲ ਹਵਾ ਪ੍ਰਦੂਸ਼ਣ ਦੇ ਪ੍ਰਭਾਵਾਂ ਨੂੰ ਘਟਾਇਆ ਜਾ ਸਕਦਾ ਹੈ।ਇਸ ਮੌਕੇ ਮਾਰਕਿਟ ਕਮੇਟੀ ਸਕੱਤਰ ਕਲਗਾ ਸਿੰਘ, ਮੰਡੀ ਸੁਪਰਵਾਈਜ਼ਰ ਅਜੈ ਕੁਮਾਰ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਵੜਿੰਗ, ਕਿਸਾਨ ਯੂਨੀਅਨ ਆਗੂ ਗੋਬਿੰਦ ਸਿੰਘ ਤੇ ਗੁਰਦਾਸ ਸਿੰਘ ਦੂਹੇਵਾਲਾ ਨੇ ਪੱਤਰਕਾਰ ਏਕਤਾ ਮੰਚ ਦੇ ਸਮੂਹ ਆਹੁਦੇਦਾਰਾਂ ਦਾ ਧੰਨਵਾਦ ਕੀਤਾ ਤੇ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਪੱਤਰਕਾਰ ਏਕਤਾ ਮੰਚ ਦੇ ਵਾਇਸ ਪ੍ਰਧਾਨ ਸ਼ਮਿੰਦਰ ਪਾਲ ਸਿੰਘ, ਜਰਨਲ ਸਕੱਤਰ ਐੱਚ ਐੱਸ ਕਪੂਰ, ਮੀਤ ਪ੍ਰਧਾਨ ਏ ਐੱਸ ਸ਼ਾਂਤ, ਪ੍ਰੈੱਸ ਸਕੱਤਰ ਸੰਜੀਵ ਸੰਜੂ, ਅਸ਼ਫਾਕ ਢੁੱਡੀ, ਗੁਰਮੀਤ ਵਰਮਾ, ਪਰਮਜੀਤ ਸਿੰਘ ਬੇਦੀ ਆਦਿ ਹਾਜ਼ਰ ਸਨ।

## ਕੈਂਸਰ ਦਾ ਜਲਦ ਪਤਾ ਲੱਗਣ 'ਤੇ ਇਸ ਦਾ ਇਲਾਜ ਸੰਭਵ : ਡਾ. ਕੱਕੜ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਵਚਨਬੱਧ ਹਨ।ਸਿਹਤ ਸੰਸਥਾਵਾਂ ਵਿੱਚ ਵਧੀਆ ਇਲਾਜ ਦੇਣ ਦੇ ਨਾਲ ਨਾਲ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਵੀ ਕਰ ਰਹੇ ਹਨ ਤਾਂ ਕਿ ਬਿਮਾਰੀ ਹੋਣ ਹੀ ਨਾ ਦਿੱਤੀ ਜਾਵੇ ਜਾਂ ਬਿਮਾਰੀ ਦੀ ਜਲਦੀ ਪਹਿਚਾਣ ਕਰਕੇ ਇਸ ਦਾ ਇਲਾਜ ਕੀਤਾ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜ਼ਿਲਕਾ ਨੇ ਨੈਸ਼ਨਲ ਕੈਂਸਰ ਜਾਗਰੂਕਤਾ ਦਿਵਸ ਮੌਕੇ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਡਾ. ਨੀਰਜਾ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਦੀ ਦੇਖ-ਰੇਖ ਵਿੱਚ ਮੀਰਾ ਨਰਸਿੰਗ ਕਾਲਜ ਅਬੋਹਰ ਵਿਖੇ ਕਰਵਾਏ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ ਦੌਰਾਨ ਕੀਤਾ।ਉਨ੍ਹਾ ਦੱਸਿਆ ਕਿ ਜੇਕਰ ਅਸੀਂ ਕੈਂਸਰ ਦੀ ਜਲਦੀ ਪਹਿਚਾਣ ਕਰ ਲੈਂਦੇ ਹਾਂ ਤਾਂ ਇਸ ਦਾ ਇਲਾਜ ਸੰਭਵ ਹੈ।ਉਨ੍ਹਾ ਕਿਹਾ ਕਿ ਜੇਕਰ ਕੈਂਸਰ ਸਬੰਧੀ ਕੋਈ ਵੀ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ ਤਾਂ ਜਲਦੀ ਤੋਂ ਜਲਦੀ ਮਾਹਰ ਡਾਕਟਰ ਦੀ ਸਲਾਹ ਲਵੋ। ਇਸ ਸਮਾਗਮ ਵਿੱਚ ਡਾ. ਸੁਰੇਸ਼ ਕੰਬੋਜ (ਐੱਮ ਡੀ ਮੈਡੀਸਨ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਛਾਤੀ ਵਿੱਚ ਗਿਲਟੀ, ਲਗਾਤਾਰ ਖੰਘ ਤੇ ਅਵਾਜ਼ ਵਿੱਚ ਭਾਰੀਪਣ, ਮਾਹਮਾਰੀ ਵਿੱਚ ਜ਼ਿਆਦਾ ਖੂਨ ਆਉਣਾ, ਮੂੰਹ ਦੇ ਛਾਲੇ ਠੀਕ ਨਾ ਹੋਣਾ, ਭੁੱਖ ਘੱਟ ਲੱਗਣਾ, ਬਿਨਾਂ ਕਿਸੇ ਕਾਰਨ ਭਾਰ ਘਟਣਾ ਆਦਿ ਕੈਂਸਰ ਦੇ ਲੱਛਣ ਹੋ ਸਕਦੇ ਹਨ।ਸਾਨੂੰ ਕੈਂਸਰ ਦੇ ਮੁੱਢਲੇ ਲੱਛਣਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ, ਫਸਲਾਂ ਉਪਰ ਜ਼ਿਆਦਾ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਸ਼ਰਾਬ, ਤੰਬਾਕੂ, ਹੋਰ ਨਸ਼ੇ ਤੇ ਬੀੜੀ ਸਿਗਰਟ ਦੀ ਬਿਲਕੁਲ ਵਰਤੋਂ ਨਾ ਕਰੋ, ਸਮੇਂ ਸਿਰ ਮਾਹਰ ਡਾਕਟਰਾਂ ਤੋਂ ਚੈੱਕਅੱਪ ਕਰਵਾਉਣਾ ਚਾਹੀਦਾ ਹੈ। ਵਿਨੋਦ ਖੁਰਾਣਾ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਨੇ ਦੱਸਿਆ ਕਿ ਇਸ ਬਿਮਾਰੀ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਤਹਿਤ ਸਾਰੇ ਮੈਡੀਕਲ ਕਾਲਜਾਂ (ਅੰਮ੍ਰਿਤਸਰ, ਫਰੀਦਕੋਟ, ਪਟਿਆਲਾ), ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲ, ਮੈਕਸ ਹਸਪਤਾਲ ਤੇ ਅਡਵਾਂਸ ਕੈਂਸਰ ਹਸਪਤਾਲ ਬਠਿੰਡਾ, ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ, ਏਮਜ਼ ਦਿੱਲੀ, ਪੀ.ਜੀ.ਆਈ. ਚੰਡੀਗੜ੍ਹ, ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ 32 ਡੀ, ਅਚਾਰੀਆ ਤੁਲਸੀ ਰੀਜਨਲ ਕੈਂਸਰ ਸੈਂਟਰ ਬੀਕਾਨੇਰ ਤੋਂ ਇਲਾਵਾ ਮਾਨਤਾ ਪ੍ਰਾਪਤ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਡੇਢ ਲੱਖ ਰੁਪਏ ਤੱਕ ਮੁਫਤ ਇਲਾਜ ਕਰਾਉਣ ਲਈ ਸਬੰਧਤ ਹਸਪਤਾਲਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਸਰਕਾਰੀ ਤੇ ਅਪੈਂਲਡ ਹਸਪਤਾਲਾਂ ਵਿੱਚ ਕੈਂਸਰ ਦੇ ਮਰੀਜ਼ਾਂ ਦਾ 5 ਲੱਖ ਤੱਕ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ।ਇਸ ਸਮੇਂ ਰਾਜੇਸ਼ ਕੁਮਾਰ ਡੀ ਪੀ ਐੱਮ, ਰੋਹਿਤ ਸਟੈਨੋ, ਈਸ਼ਵਰ ਸਿੰਘ ਸੁਖਦੇਵ ਸਿੰਘ, ਹਰਮੀਤ ਸਿੰਘ, ਡਾ. ਜੀ ਐੱਸ ਮਿੱਤਲ ਚੇਅਰਮੈਨ, ਡਾ. ਰਾਮਸਵਰੂਪ ਸ਼ਰਮਾ ਪ੍ਰਿੰਸੀਪਲ, ਪ੍ਰੋ. ਰਹੀਸ਼ ਚੰਦ ਵਾਈਸ ਪ੍ਰਿੰਸੀਪਲ, ਜਗਮਿੰਦਰ ਕੌਰ, ਸਰੋਜ ਰਾਣੀ, ਅਮਨਦੀਪ ਕੌਰ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਵੱਲੋਂ ਸ਼ਹੀਦੀ ਸਭਾ ਦੇ ਅਗੇਤੇ ਪ੍ਰਬੰਧਾਂ ਸੰਬੰਧੀ ਮੀਟਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਦਸਮਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ 25 ਦਸੰਬਰ ਤੋਂ 27 ਦਸੰਬਰ ਤੱਕ ਸ਼ਹੀਦੀ ਸਭਾ ਆਯੋਜਤ ਕੀਤੀ ਜਾਵੇਗੀ। ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾਕਟਰ ਸੋਨਾ ਥਿੰਦ ਨੇ ਸ਼ਹੀਦੀ ਸਭਾ ਦੇ ਅਗੇਤੇ ਪ੍ਰਬੰਧਾਂ ਸਬੰਧੀ ਬੱਚਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਅਸੀਂ ਸਾਰੇ ਭਾਗਸ਼ਾਲੀ ਹਾਂ ਜੋ ਸਾਨੂੰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਸਭਾ ਦੌਰਾਨ ਡਿਊਟੀ ਨਿਭਾਉਣ ਦਾ ਮੌਕਾ ਮਿਲ ਰਿਹਾ ਹੈ।ਇਸ ਨੂੰ ਸੇਵਾ ਸਮਝ ਕੇ ਪੂਰੀ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਲਈ ਆਰਜ਼ੀ ਪਖਾਨਿਆਂ ਤੇ ਬਜ਼ੁਰਗਾਂ, ਔਰਤਾਂ, ਬੱਚਿਆਂ ਤੇ ਦਿਵਿਆਂਗਜਨਾਂ ਲਈ ਮਿੰਨੀ ਬੱਸਾਂ ਤੋਂ ਇਲਾਵਾ ਈ. ਰਿਕਸ਼ਾ ਵੀ ਚਲਾਏ ਜਾਣਗੇ।ਇਸ ਤੋਂ ਇਲਾਵਾ ਵੱਖ-ਵੱਖ ਸਥਾਨਾਂ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਅਨੁਸਾਰ ਆਰਜ਼ੀ ਪਾਰਕਿੰਗ ਸਥਾਪਤ ਕੀਤੀਆਂ ਜਾਣਗੀਆਂ।ਸਿਹਤ ਵਿਭਾਗ ਵੱਲੋਂ ਲੋੜੀਂਦੀਆਂ ਐਂਬੂਲੈਂਸ, ਡਿਸਪੈਂਸਰੀਆਂ ਤੇ ਮੈਡੀਕਲ ਟੀਮਾਂ ਦਾ ਗਠਨ ਕੀਤਾ ਜਾਵੇਗਾ ਤਾਂ ਜੋ ਸੰਗਤਾਂ ਨੂੰ ਸਿਹਤ ਪੱਖੋਂ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਡਾ. ਸੋਨਾ ਥਿੰਦ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨੂੰ ਆਉਣ ਵਾਲੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਦਾ ਕੰਮ 7 ਦਸੰਬਰ ਤੱਕ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਸੰਗਤ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਨ੍ਹਾ ਕਾਰਜ ਸਾਧਕ ਅਫਸਰ ਨਗਰ ਕੌਂਸਲ ਸਰਹਿੰਦ ਨੂੰ ਕਿਹਾ ਕਿ ਸ਼ਹੀਦੀ ਸਭਾ ਦੌਰਾਨ ਇਲਾਕੇ ਦੀ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਉਨ੍ਹਾ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹੀਦੀ ਸਭਾ ਦੇ ਪ੍ਰਬੰਧਾਂ ਦੇ ਮੱਦੇਨਜ਼ਰ ਦਸੰਬਰ ਮਹੀਨੇ ਦੌਰਾਨ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਛੁੱਟੀ ਨਹੀਂ ਲਵੇਗਾ ਤੇ ਨਾ ਹੀ ਆਪਣਾ ਸਥਾਨ ਛੱਡੇਗਾ।ਕਿਸੇ ਵੀ ਐਮਰਜੈਂਸੀ ਦੀ ਹਾਲਤ ਵਿੱਚ ਛੁੱਟੀ ਡਿਪਟੀ ਕਮਿਸ਼ਨਰ ਤੋਂ ਪ੍ਰਵਾਨ ਕਰਵਾਉਣੀ ਲਾਜ਼ਮੀ ਹੋਵੇਗੀ।

## ਪਰਾਲੀ ਦੇ ਜ਼ਹਿਰੀਲੇ ਧੂਏ ਕਰਕੇ ਵਧੇ ਸਾਹ ਤੇ ਦਿਲ ਦੇ ਮਰੀਜ਼ : ਡਾ. ਦਿਨੇਸ਼ ਧੀਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲਗਾਤਾਰ ਪਰਾਲੀ ਜਲਾਉਣ ਤੇ ਲੰਘੀ ਦਿਵਾਲੀ ਕਰਕੇ ਜਿੱਥੇ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ, ਉਥੇ ਹੀ ਲਗਾਤਾਰ ਖਾਂਸੀ, ਜ਼ੁਕਾਮ ਤੇ ਸਾਹ ਦੇ ਮਰੀਜ਼ਾਂ ਵਿੱਚ ਵੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੀਆਂ ਫਿਰੋਜ਼ਪੁਰ ਸ਼ਹਿਰ ਦੇ ਮਾਹਰ ਡਾ. ਦਿਨੇਸ਼ ਧੀਰ ਐੱਮ ਡੀ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਫਿਰੋਜ਼ਪੁਰ ਤੇ ਫਿਰੋਜ਼ਪੁਰ ਦੇ ਨਾਲ ਲਗਦੇ ਪਿੰਡਾਂ ਵਿੱਚ ਪਰਾਲੀ ਨੂੰ ਅੱਗ ਲਾਉਣ ਕਰਕੇ ਪੂਰੇ ਸ਼ਹਿਰ ਵਿੱਚ ਜ਼ਹਿਰੀਲਾ ਧੂਆਂ ਉੱਡ ਰਿਹਾ ਹੈ, ਜਿਸ ਕਰਕੇ ਬੱਚੇ, ਜਵਾਨ ਤੇ ਬਜ਼ੁਰਗਾਂ ਵਿੱਚ ਗਲਾ ਖਰਾਬ, ਜ਼ੁਕਾਮ, ਬੁਖਾਰ, ਐਲਰਜੀ ਦੀ ਤਕਲੀਫਾਂ ਵਿੱਚ ਇਜ਼ਾਫਾ ਦੇਖਣ ਨੂੰ ਮਿਲਿਆ ਹੈ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਨੂੰ ਅਸਥਮਾ ਤੇ ਸਾਹ ਦੀ ਪੁਰਾਣੀ ਬਿਮਾਰੀ ਹੈ। ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਮਣਾ ਕਰਨਾ ਪੈ ਰਿਹਾ ਹੈ ਤੇ ਹਸਪਤਾਲ ਵਿੱਚ ਭਰਤੀ ਦੀ ਗਿਣਤੀ ਵਿੱਚ ਇਜ਼ਾਫਾ ਹੋਇਆ ਹੈ।ਡਾ. ਧੀਰ ਨੇ ਦੱਸਿਆ ਕੀ ਪਰਾਲੀ ਦੇ ਧੂਂਏਂ ਕਰਕੇ ਅੱਖਾਂ ਦੀ ਐਲਰਜੀ ਤੇ ਬਜ਼ੁਰਗਾਂ ਵਿੱਚ ਦਿਲ ਦੀ ਤਕਲੀਫ ਬਹੁਤ ਵਧੀ ਹੈ ਅਤੇ ਇਹ ਮਾਮਲਾ ਗੰਭੀਰ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਜਾਣਕਾਰੀ ਦਿੰਦੇ ਤੇ ਅਪੀਲ ਕਰਦੇ ਕਿਹਾ ਕਿ ਜੇਕਰ ਬਹੁਤ ਜ਼ਰੂਰੀ ਕੰਮ ਹੈ ਤਾਂ ਹੀ ਘਰੋਂ ਬਾਹਰ ਨਿਕਲਣ ਅਤੇ ਬਾਹਰ ਆਪਣੇ ਕੰਮ 'ਤੇ ਜਾਣ ਵਾਲਿਆਂ ਨੂੰ ਅਪੀਲ ਕਿਤੀ ਕੀ ਬਾਹਰ ਮਾਸਕ ਪਾ ਕੇ ਤੇ ਅੱਖਾਂ ਤੇ ਐਨਕਾਂ ਲਾ ਕੇ ਹੀ ਬਾਹਰ ਨਿਕਲਣ ਤਾਂ ਕਿ ਇਸ ਜ਼ਹਿਰੀਲੇ ਧੂੰਏਂ ਤੋਂ ਬਚਿਆ ਜਾ ਸਕੇ।

## ਪਰਾਲੀ ਨੂੰ ਅੱਗ ਲਗਾਉਣ ਦਾ ਰੁਝਾਨ ਜਾਰੀ, ਪ੍ਰਸ਼ਾਸਨ ਬਣਿਆ ਮੂਕ ਦਰਸ਼ਕ



**ਜ਼ੀਰਾ (ਨਰਿੰਦਰ ਅਨੇਜਾ)**-ਚਾਹੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਰੋਜ਼ਾਨਾ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਪਰਚੇ ਕਰਨ ਦੀ ਧਮਕੀ ਵੀ ਦਿੱਤੀ ਜਾ ਰਹੀ ਹੈ, ਪਰ ਇਸ ਦੇ ਬਾਵਜੂਦ ਕਿਸਾਨਾਂ 'ਤੇ ਕੋਈ ਵੀ ਅਸਰ ਨਹੀਂ ਹੋ ਰਿਹਾ, ਜਿਸ ਦੇ ਚਲਦਿਆਂ ਦਿਨ ਦੀ ਬਜਾਏ ਹੁਣ ਕਿਸਾਨ ਝੋਨੇ ਦੀ ਫਸਲ ਕੱਟਨ ਤੋਂ ਬਾਅਦ ਬਚਦੀ ਪਰਾਲੀ ਨੂੰ ਸ਼ਾਮ 4 ਵਜੇ ਆਪਣੇ ਖੇਤਾਂ ਵਿੱਚ ਲੱਗ ਲਗਾਉਣ ਦੀ ਤਰਜ਼ੀਹ ਦਿੰਦੇ ਆ ਰਹੇ ਹਨ।ਇਸ ਦੀ ਮਿਸਾਲ ਕੱਲ੍ਹ ਰਾਤ ਜ਼ੀਰਾ ਹਲਕੇ ਵਿੱਚ ਅੰਨ੍ਹੇਵਾਹ ਲਗਾਈ ਗਈ ਪਰਾਲੀ ਨੂੰ ਅੱਗ ਤੋਂ ਮਿਲਦੀ ਹੈ, ਜਿਸ ਨਾਲ ਚਾਰੋਂ ਪਾਸੇ ਧੂੰਆਂ ਹੀ ਧੂੰਆਂ ਫੈਲ ਗਿਆ, ਪਰ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ ਅਤੇ ਉਥੇ ਪਰਾਲੀ ਨੂੰ ਲੱਗੀ ਅੱਗ ਨਾਲ ਹੱਦੋਂ ਵੱਧ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਣ ਨਾਲ ਪੂਰਾ ਆਸਮਾਨ ਜਿੱਥੇ ਧੂੰਏਂ ਦੇ ਘੇਰੇ ਵਿੱਚ ਘਿਰ ਗਿਆ, ਉਥੇ ਨਾਲ ਹੀ ਲੋਕਾਂ ਦਾ ਸਾਹ ਲੈਣਾ ਅਜਿਹੇ ਪ੍ਰਦੂਸ਼ਣ ਵਾਤਾਵਰਣ ਵਿੱਚ ਦੁਸ਼ਵਾਰ ਹੋ ਗਿਆ ਕਿਉਂਕ ਵਾਤਾਵਰਣ ਵਿੱਚ ਫੈਲੇ ਧੂੰਏਂ ਕਾਰਨ ਸ਼ੁੱਧ ਹਵਾ ਮਿਲਣੀ ਮੁਸ਼ਕਲ ਹੋ ਰਹੀ ਸੀ ਅਤੇ ਧੂੰਏਂ ਕਾਰਨ ਅੱਖਾਂ 'ਚ ਵੀ ਖਾਰਿਸ਼ ਹੋਣੀ ਸ਼ੁਰੂ ਹੋ ਗਈ।ਓਧਰ, ਆਮ ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵੱਲੋਂ ਜ਼ੋਰਦਾਰ ਮੰਗ ਹੈ ਕਿ ਰਾਤ ਸਮੇਂ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾ ਕੇ ਸਾੜ ਰਹੇ ਕਿਸਾਨਾਂ ਵਿਰੁੱਧ ਸਖਤ ਕਾਰਵਾਈ ਕਰਦੇ ਹੋਏ ਇਨ੍ਹਾਂ 'ਤੇ ਸ਼ਿਕਜਾ ਕੱਸਿਆ ਜਾਵੇ ਤਾਂ ਜੋ ਵਾਤਾਵਰਣ ਵਿੱਚ ਇਹ ਭਿਆਨਕ ਪ੍ਰਦੂਸ਼ਣ ਨਾ ਫੈਲੇ।

## ਗੈਸ ਪਲਾਂਟ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਜਥੇਬੰਦੀਆਂ ਤੰਗ ਕਰਨਾ ਬੰਦ ਕਰਨ : ਸਰਬੱਤ ਦਾ ਭਲਾ ਜਥੇਬੰਦੀ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਘੁੰਗਰਾਲੀ ਰਾਜਪੂਤਾਂ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਵੱਲੋਂ ਮੰਤਰੀ ਬਣਨ ਤੋਂ ਬਾਅਦ ਇੱਥੇ ਦੀ ਆਮ ਲੋਕਾਂ ਖਾਸ ਕਰਕੇ ਦਲਿਤਾਂ ਨਾਲ ਲਗਾਤਾਰ ਧੱਕਾ ਹੋ ਰਿਹਾ ਹੈ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਇਸ ਪਿੰਡ ਦੇ ਬਹੁ-ਗਿਣਤੀ ਦਲਿਤ ਲੋਕ ਧਨਾਢਾਂ ਦੇ ਗੁਲਾਮ ਹਨ ਤੇ ਇਨ੍ਹਾਂ ਦੀ ਜੰਗੀਰ ਹਨ। ਪਹਿਲਾਂ ਪੰਚਾਇਤੀ ਚੋਣਾਂ ਵਿੱਚ 16 ਲੋਕਾਂ ਦੇ ਪਰਚੇ ਰੱਦ ਕਰਵਾਏ ਤੇ ਹੁਣ, ਜੋ ਮਜ਼ਦੂਰ ਗੈਸ ਪਲਾਂਟ ਵਿੱਚ ਕੰਮ ਕਰਦੇ ਹਨ, ਉਨ੍ਹਾਂ ਨੂੰ ਲਗਾਤਾਰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਦਲਿਤ ਸਮਾਜ ਦੀਆਂ ਔਰਤਾਂ ਨੂੰ ਵੱਧ ਘੱਟ ਬੋਲਿਆ ਜਾ ਰਿਹਾ ਹੈ, ਪ੍ਰੰਤੂ ਕੈਬਨਿਟ ਮੰਤਰੀ ਦੀ ਸ਼ਹਿ 'ਤੇ ਪਿੰਡ ਦੀ ਆਮ ਆਦਮੀ ਪਾਰਟੀ ਦੇ ਆਗੂ ਇਹ ਸਭ ਕਾਰਾ ਕਰਵਾ ਰਹੇ ਹਨ ਅਤੇ ਪਲਾਂਟ ਵਿੱਚ ਕੰਮ ਕਰਦੇ ਦਲਿਤ ਮਜ਼ਦੂਰਾਂ ਨੂੰ ਤੰਗ ਕਰ ਰਹੇ ਹਨ। ਸਿਵਲ ਤੇ ਪੁਲਸ ਪ੍ਰਸ਼ਾਸਨ ਆਪਣੀਆਂ ਇਨ੍ਹਾਂ ਹਰਕਤਾਂ ਤੋਂ ਬਾਜ਼ ਆਵੇ ਤੇ ਪ੍ਰਸ਼ਾਸਨ ਇੱਕ ਹਫਤੇ ਦੇ ਅੰਦਰ ਅੰਦਰ ਇਸ ਸਮੱਸਿਆ ਦਾ ਹੱਲ ਕਰੇ, ਨਹੀਂ ਤਾਂ ਵੱਖ ਵੱਖ ਜਥੇਬੰਦੀਆਂ ਇਕੱਠੀਆਂ ਹੋ ਕੇ ਪ੍ਰਸ਼ਾਸਨ ਤੇ ਧਰਨਾਕਾਰੀਆਂ ਖਿਲਾਫ ਧਰਨਾ ਲਗਾ ਦਿਆਂਗੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਜਥੇਬੰਦੀ ਪੰਜਾਬ ਦੇ ਪ੍ਰਧਾਨ ਬਾਬਾ ਸੁਖਦੀਪ ਸਿੰਘ ਨੇ ਬਾਬਾ ਦਲਜੀਤ ਸਿੰਘ, ਸਮਾਜ ਸੇਵੀ ਗੁਰਦੀਪ ਸਿੰਘ, ਨਿਰਮਲ ਸਿੰਘ ਐਡਵੋਕੇਟ ਸਤਿਨਾਮ ਸਿੰਘ ਆਦਿ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਡੀ ਐੱਸ ਪੀ ਖੰਨਾ ਨੂੰ ਮਿਲਣ ਤੋਂ ਬਾਅਦ ਕੀਤਾ।

ਸਰਬੱਤ ਦਾ ਭਲਾ ਜਥੇਬੰਦੀ ਦੇ ਪ੍ਰਧਾਨ ਬਾਬਾ ਸੁਖਦੀਪ ਸਿੰਘ ਨੇ ਕਿਹਾ ਕਿ ਧਰਨੇ 'ਤੇ ਬੈਠੇ ਕਿਸਾਨ, ਕਾਮਰੇਡ ਤੇ ਪਿੰਡ ਦੇ ਉੱਚ-ਜਾਤੀ ਧਨਾਢ ਮਜ਼ਦੂਰਾਂ ਨੂੰ ਤੰਗ ਕਰਨਾ ਬੰਦ ਕਰਨ, ਜੇਕਰ ਨਿਹੰਗ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਦਾ ਸਾਥ ਦਿੱਲੀ ਤੱਕ ਦੇ ਧਰਨੇ ਵਿੱਚ ਦੇ ਸਕਦੀਆਂ ਹਨ ਤਾਂ ਅਸੀਂ ਆਪਣੇ ਪਰਵਾਰਾਂ ਨੂੰ ਇਨਸਾਫ ਦਿਵਾਉਣ ਲਈ ਵੀ ਹਰ ਹੀਲਾ ਅਪਣਾ ਸਕਦੇ ਹਾਂ। ਪੁਲਸ ਤੇ ਸਿਵਲ ਪ੍ਰਸ਼ਾਸਨ ਜਲਦੀ ਇਸ ਮਸਲੇ ਦਾ ਹੱਲ ਕਰੇ, ਜੇਕਰ ਧਰਨੇ ਦੌਰਾਨ ਕੋਈ ਕਾਨੂੰਨ ਵਿਵਸਥਾ ਵਿਗੜਦੀ ਹੈ ਤਾਂ ਉਸ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।

ਇਸ ਮੌਕੇ ਉੱਘੇ ਸਮਾਜ ਸੇਵੀ ਤੇ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਦੇਸ਼ ਦੀ ਤਰਾਸਦੀ ਹੈ ਕਿ ਇੱਥੇ ਸੰਵਿਧਾਨ ਲਾਗੂ ਹੋਣ ਦੇ ਬਾਵਜੂਦ ਜਾਤੀ ਅਧਾਰਤ ਫੈਸਲੇ ਲਏ ਜਾਂਦੇ ਹਨ। ਪਿੰਡ ਅੰਦਰ ਦਲਿਤਾਂ ਨੂੰ ਬਿਨਾਂ ਦਰਖਾਸਤਾਂ ਦਿੱਤੇ ਠਾਣਿਆਂ ਵਿੱਚ ਜ਼ਲੀਲ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਦਲਿਤਾਂ ਨੂੰ ਤੰਗ ਪ੍ਰੇਸ਼ਾਨ ਤੇ ਜ਼ਲੀਲ ਕਰਨ ਵਾਲਿਆਂ ਨੂੰ ਲਗਭਗ ਇੱਕ ਮਹੀਨਾ ਪਹਿਲਾਂ ਦਰਖਾਸਤਾਂ ਦਿੱਤੀਆਂ ਸਨ ਅਤੇ ਹੁਣ ਤੱਕ ਸਿਵਲ ਤੇ ਪੁਲਸ ਪ੍ਰਸ਼ਾਸਨ ਨੇ ਇਨ੍ਹਾਂ ਖਿਲਾਫ ਡੱਕਾ ਨਹੀਂ ਤੋੜਿਆ। ਉਨ੍ਹਾ ਕਿਹਾ ਕਿ ਪੁਲਸ ਤੇ ਸਿਵਲ ਪ੍ਰਸ਼ਾਸਨ ਦੀ ਇਸ ਗੁੰਡਾਗਰਦੀ ਨੂੰ ਦਲਿਤ ਜਥੇਬੰਦੀਆਂ ਬਰਦਾਸ਼ਤ ਨਹੀਂ ਕਰਨਗੀਆਂ।

## ਬੈਡਮਿੰਟਨ ਖਿਡਾਰੀ ਪਵਨਦੀਪ ਸਿੰਘ ਨੂੰ ਕੀਤਾ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ੍ਰੀ ਅਨੰਦਪੁਰ ਸਾਹਿਬ ਵਿਖੇ ਚੱਲ ਰਹੀਆਂ 68ਵੀਆਂ ਰਾਜ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ (ਬਰਨਾਲਾ) ਦੇ ਹੋਣਹਾਰ ਵਿਦਿਆਰਥੀ ਪਵਨਦੀਪ ਸਿੰਘ ਨੇ ਬੈਡਮਿੰਟਨ (ਮੁੰਡੇ) ਖੇਡ 'ਚ ਭਾਗ ਲੈਂਦਿਆ ਪਹਿਲੇ ਰਾਊਂਡ ਵਿੱਚ ਪਠਾਨਕੋਟ ਨੂੰ ਹਰਾ ਕੇ ਦੂਸਰੇ ਰਾਊਂਡ ਲਈ ਕੁਆਲੀਫਾਈ ਕੀਤਾ।ਹੈੱਡਮਾਸਟਰ ਸੁਰਜੀਤ ਸਿੰਘ ਦਸੌਂਦਾ ਸਿੰਘ ਵਾਲਾ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ ਵਿਖੇ ਪਹਿਲੀ ਵਾਰ ਬੈਡਮਿੰਟਨ ਦਾ ਗਰਾਊਂਡ ਬਣਾਇਆ ਗਿਆ, ਤਾਂ ਹੀ ਇਹ ਵਿਦਿਆਰਥੀ ਹੋਣਹਾਰ ਵਿਦਿਆਰਥੀ ਪਵਨਦੀਪ ਸਿੰਘ ਰਾਜ ਪੱਧਰੀ ਖੇਡਾਂ 'ਚ ਭਾਗੀਦਾਰ ਬਣਿਆ।ਇਸ ਮੌਕੇ ਸਮੂਹ ਸਟਾਫ, ਨਗਰ ਪੰਚਾਇਤ ਤੇ ਸਕੂਲ ਮੈਨੇਜਮੈਂਟ ਕਮੇਟੀ ਨੇ ਸਮੂਹ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਜੇਤੂ ਖਿਡਾਰੀ ਪਵਨਦੀਪ ਸਿੰਘ ਪੰਡੋਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਸਰਪੰਚ ਕੈਪਟਨ ਤੇਜਿੰਦਰਪਾਲ ਸਿੰਘ ਪੰਡੋਰੀ, ਸਮੂਹ ਪੰਚਾਇਤ ਮੈਂਬਰ, ਸਕੂਲ ਕਮੇਟੀ ਦੇ ਚੇਅਰਮੈਨ ਸਤਪਾਲ ਸਿੰਘ, ਕੁਲਦੀਪ ਸਿੰਘ, ਮਮਤਾ ਰਾਣੀ, ਗਗਨਦੀਪ ਸਿੰਘ, ਸੁਖਵਿੰਦਰ ਸਿੰਘ ਆਦਿ ਸਮੂਹ ਸਟਾਫ ਮੈਂਬਰ ਹਾਜ਼ਰ ਸਨ।ਸਰਪੰਚ ਕੈਪਟਨ ਤੇਜਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਪੜ੍ਹਨ ਦੇ ਨਾਲ ਨਾਲ ਖੇਡਾਂ ਪ੍ਰਤੀ ਉਤਸ਼ਾਹਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਯੋਗ ਅਗਵਾਈ ਹੇਠ ਸਾਰਿਆਂ ਨੂੰ ਨਾਲ ਲੈ ਕੇ ਇਸ ਨਗਰ ਨੂੰ ਨੰਬਰ ਇੱਕ ਬਣਾਉਣ ਲਈ ਪਹਿਲ ਦੇ ਆਧਾਰ 'ਤੇ ਸਿੱਖਿਆ ਤੇ ਸਿਹਤ ਨਾਲ ਜੁੜੇ ਕੰਮ ਕਰਨਗੇ।

10-Nov-PAGE-11.qxd 11/9/2024 9:08 PM Page 1



# ਪੰਜਾਬ ਦੀਆਂ ਜ਼ਿਮਨੀ ਚੋਣਾਂ ਸ਼ਾਨ ਨਾਲ ਜਿੱਤਾਂਗੇ : ਸ਼ਮਸ਼ੇਰ ਸਿੰਘ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**

ਆਮ ਆਦਮੀ ਪਾਰਟੀ ਦੇ ਜ਼ਿਲਾ ਪ੍ਰਧਾਨ ਗੁਰਦਾਸਪੁਰ ਸ਼ਹਿਰੀ ਅਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਨਾਲ ਚੱਟਾਨ ਵਾਂਗ ਖੜੇ ਹਨ ਜਿਸ ਸਦਕਾ ਆਮ ਆਦਮੀ ਪਾਰਟੀ ਪੰਜਾਬ ਦੇ ਚਾਰ ਵਿਧਾਨਸਭਾ ਹਲਕਿਆਂ ਅੰਦਰ ਹੋ ਰਹੀਆਂ ਜ਼ਿਮਨੀ ਚੋਣਾਂ ਸ਼ਾਨ ਨਾਲ ਜਿੱਤੇਗੀ।ਇਸ ਗੱਲ ਦਾ ਖੁਲਾਸਾ ਉਨਾਂ ਨੇ ਡੇਰਾ ਬਾਬਾ ਨਾਨਕ ਹਲਕੇ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੀ ਚੋਣ ਰੈਲੀ 'ਚ ਸ਼ਾਮਲ ਹੋਣ ਲਈ ਰਵਾਨਾ ਹੋਣ ਤੋਂ ਪਹਿਲਾਂ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ ਢਾਈ ਸਾਲਾਂ ਦੇ ਦੌਰਾਨ ਹੀ ਇਤਿਹਾਸਕ ਕੰਮ ਕੀਤੇ ਹਨ ਜਿਨ੍ਹਾਂ ਵਿੱਚ ਘਰੇਲੂ ਬਿਜਲੀ ਖਪਤਕਾਰਾਂ ਨੂੰ 600 ਯੂਨਿਟ ਬਿਜਲੀ ਮੁਫਤ, ਸਿਹਤ ਸਹੂਲਤਾਂ ਲਈ ਖੋਲੇ ਗਏ ਆਮ ਆਦਮੀ ਕਲੀਨਿਕ, ਸਿੱਖਿਆ ਸੁਧਾਰ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ, ਨਿਰਵਿਘਨ ਤੇ ਵਾਧੂ ਬਿਜਲੀ ਵਰਗੀਆਂ ਸਹੂਲਤਾਂ ਸ਼ਾਮਲ ਹਨ।ਉਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦਾ ਖਿਆਲ ਰੱਖ ਰਹੀ ਹੈ ਅਤੇ ਲੋਕਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਨੇ ਸੂਬੇ ਅੰਦਰ ਝੋਨੇ ਦੀ ਖਰੀਦ ਅਤੇ ਡੀਏਪੀ ਖਾਦ ਦੀ ਸਮੱਸਿਆ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਅਸਲ ਵਿੱਚ ਇਹ ਸਾਰੀ ਸਮੱਸਿਆ ਕੇਂਦਰ ਦੀ ਮਾੜੀ ਨੀਅਤ ਕਾਰਨ ਪੈਦਾ ਕੀਤੀ ਹੋਈ ਹੈ ਅਤੇ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਖ਼ਿਲਾਫ ਬਦਲਾਲਊ ਭਾਵਨਾ ਤਹਿਤ ਕੰਮ ਕਰ ਰਹੀ ਹੈ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਕਿਸਾਨਾਂ ਨਾਲ ਡੱਟ ਕੇ ਖੜੀ ਹੈ ਅਤੇ ਕਿਸਾਨਾਂ ਦੇ ਹਿੱਤਾਂ ਲਈ ਹਰ ਲੜਾਈ ਲੜਨ ਨੂੰ ਤਿਆਰ ਹੈ।ਇਸ ਮੌਕੇ ਬਲਾਕ ਪ੍ਰਧਾਨ ਜਸਬੀਰ ਸਿੰਘ ਕਠਿਆਲੀ, ਬਲਾਕ ਪ੍ਰਧਾਨ ਰਣਜੀਤ ਸਿੰਘ ਜੀਵਨਚੱਕ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਬੁਗਨਾ, ਬਲਾਕ ਪ੍ਰਧਾਨ ਮਸਤਾਨ ਸਿੰਘ, ਬਲਾਕ ਪ੍ਰਧਾਨ ਕਾਜਲ ਪੱਖੋਵਾਲ, ਬਲਾਕ ਪ੍ਰਧਾਨ ਗੋਰਾ ਕੱਤੋਵਾਲ ਅਤੇ ਸੁਤੰਤਰ ਸਿੰਘ ਦੇ ਇਲਾਵਾ ਵੱਡੀ ਗਿਣਤੀ 'ਚ ਆਪ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਕੌਮੀ ਲੋਕ ਅਦਾਲਤ 14 ਦਸੰਬਰ ਨੂੰ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਮਾਨਯੋਗ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਜ਼ਿਲਾ ਅਤੇ ਸੈਸ਼ਨਜ਼ ਜੱਜ ਅਮਰਿੰਦਰ ਸਿੰਘ ਗਰੇਵਾਲ ਦੀਆਂ ਹਦਾਇਤਾਂ ਅਨੁਸਾਰ ਕਾਨੂੰਨੀ ਸਹਾਇਤਾ ਦਿਵਸ ਮਾਨਯੋਗ ਜੱਜ ਅਮਰਦੀਪ ਸਿੰਘ ਬੈਂਸ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ ਲਾਅ ਕਾਲਜ, ਵੱਖ-ਵੱਖ ਪਿੰਡਾਂ ਅਤੇ ਜ਼ਿਲਾ ਕਚਹਿਰੀ, ਅੰਮ੍ਰਿਤਸਰ ਵਿਖੇ ਕਾਨੂੰਨੀ ਸਹਾਇਤਾ ਦਿਵਸ ਮਨਾਇਆ ਗਿਆ ਅਤੇ ਨੈਸ਼ਨਲ ਸੈਮਨਾਰ ਯੂ ਟਿਊਬ ਚਲਾ ਕੇ ਵੀ ਮਨਾਇਆ ਗਿਆ।ਇਸ ਮੌਕੇ ਮਾਨਯੋਗ ਜੱਜ ਅਮਰਦੀਪ ਸਿੰਘ ਬੈਂਸ ਵੱਲੋਂ ਅੰਮ੍ਰਿਤਸਰ ਲਾਅ ਕਾਲਜ ਵਿੱਚ ਇਕੱਤਰ ਹੋਏ ਲਾਅ ਵਿਦਿਆਰਥੀਆਂ ਅਤੇ ਹੋਰ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਾਨੂੰਨੀ ਸਹਾਇਤਾ ਦਿਵਸ ਬਾਰੇ ਦੱਸਿਆ ਗਿਆ ਅਤੇ ਇਸ ਤੋਂ ਇਲਾਵਾ ਦੱਸਿਆ ਗਿਆ ਕਿ ਜਿਸ ਕਿਸੇ ਨੂੰ ਵੀ ਮੁਫਤ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ ਉਹ ਇਸ ਟੋਲ ਫਰੀ ਨੰਬਰ 15100 ਤੇ ਕਾਲ ਕਰਕੇ ਮੁਫਤ ਸਹਾਇਤਾ ਪ੍ਰਾਪਤ ਕਰ ਸਕਦਾ ਹੈ।ਇਸ ਦੌਰਾਨ ਜੱਜ ਸਾਹਿਬ ਵੱਲੋਂ ਕੌਣ ਕੌਣ ਮੁਫਤ ਕਾਨੂੰਨੀ ਸੇਵਾਵਾਂ ਦੇ ਹੱਕਦਾਰ ਹਨ, ਇਸ ਪ੍ਰਤੀ ਵੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਔਰਤਾਂ, ਬੱਚਿਆਂ, ਹਵਾਲਾਤੀਆਂ, ਕੈਦੀਆਂ ਅਤੇ ਹਰੇਕ ਉਹ ਵਿਅਕਤੀ ਜਿਸਦੀ ਸਾਲਾਨਾ ਆਮਦਨ 3 ਲੱਖ ਤੋਂ ਘੱਟ ਹੋਵੇ ਆਦਿ ਨੂੰ ਮੁਫਤ ਕਾਨੂੰਨੀ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।ਜੱਜ ਸਾਹਿਬ ਵੱਲੋਂ ਅੰਮ੍ਰਿਤਸਰ ਵਾਸੀਆਂ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਇਸ ਵਾਰ ਨੈਸ਼ਨਲ ਲੋਕ ਅਦਾਲਤ 14 ਦਸੰਬਰ ਦਿਨ ਸ਼ਨੀਵਾਰ ਨੂੰ ਲੱਗਣ ਜਾ ਰਹੀ ਹੈ।




# ਈਟੀਓ ਵੱਲੋਂ ਬਿਜਲੀ ਸਪਲਾਈ 'ਚ ਸੁਧਾਰ ਲਈ ਨਵੇਂ ਪਾਵਰ ਟਰਾਂਸਫਾਰਮਰ ਲਗਾਉਣ ਦੀ ਹਦਾਇਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਪੀ.ਐੱਸ.ਸੀ.ਐੱਲ. ਵਿਭਾਗ ਦੇ ਅੰਮ੍ਰਿਤਸਰ ਸ਼ਹਿਰ ਅਤੇ ਦਿਹਾਤੀ ਦਫ਼ਤਰ ਦੇ ਉਪ ਮੁੱਖ ਇੰਜੀਨੀਅਰ ਅਤੇ ਐਕਸੀਅਨਜ਼ ਨਾਲ ਕੀਤੀ ਮੀਟਿੰਗ ਵਿੱਚ ਖਪਤਕਾਰਾਂ ਨੂੰ ਸੁਚਾਰੂ ਅਤੇ ਨਿਰਵਿਘਨ ਸਪਲਾਈ ਦੇਣੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ।ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਅੰਮ੍ਰਿਤਸਰ ਸ਼ਹਿਰ ਅਤੇ ਦਿਹਾਤੀ ਦਫ਼ਤਰ ਦੇ ਲਈ ਜ਼ਰੂਰੀ ਪਾਵਰ ਟਰਾਂਸਫਾਰਮਾਂ ਦੀ ਲਿਸਟ (66 ਕੇ.ਵੀ. ਸ/ਸ ਇਸਲਾਮਾਬਾਦ, 66 ਕੇ.ਵੀ. ਸ/ਸ ਸੁਲਤਾਨਵਿੰਡ, 66 ਕੇ.ਵੀ. ਸ/ਸ ਨਾਗ ਕਲਾਂ, 66 ਕੇ.ਵੀ. ਸ/ਸ ਬੱਗਾ ਕਲਾਂ, 132 ਕੇ.ਵੀ. ਸ/ਸ ਪਾਵਰ ਕਾਲਨੀ, 132 ਕੇ.ਵੀ. ਸ/ਸ ਵੇਰਕਾ) ਲਈ ਗਈ ਅਤੇ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਲਗਾਉਣ ਦੇ ਲਈ ਪਟਿਆਲਾ ਦਫਤਰਾਂ ਦੇ ਸਬੰਧਤ ਅਧਿਕਾਰੀਆ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ।ਇਸ ਤੋਂ ਇਲਾਵਾ ਉਹਨਾਂ ਵੱਲੋਂ ਡਿਸਟ੍ਰਿਬਿਊਸ਼ਨ ਟਰਾਂਸਫਾਰਮਰਾਂ/ ਕੇਬਲਾਂ/ ਕੰਡਕਟਰ ਆਦਿ ਹੋਰ ਮੀਟੀਰੀਅਲ ਲਈ ਵੀ ਸਬੰਧਤ ਦਫਤਰਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਅਤੇ ਸਬੰਧਤ ਐਕਸੀਅਨਜ਼ ਨੂੰ ਹਦਾਇਤ ਕੀਤੀ ਗਈ ਕਿ ਪੰਜਾਬ ਸਰਕਾਰ ਦੇ ਮਿਸ਼ਨ ਤਹਿਤ ਪੀ.ਐੱਸ.ਪੀ.ਸੀ.ਐੱਲ. ਦੇ ਖਪਤਕਾਰਾਂ ਨੂੰ ਸੁਚਾਰੂ ਅਤੇ ਨਿਰਵਿਘਨ ਸਪਲਾਈ ਦੇਣ ਲਈ ਕੋਈ ਵੀ ਕਸਰ ਨਾ ਛੱਡੀ ਜਾਵੇ ।ਉਹਨਾਂ ਇਹ ਵੀ ਹਦਾਇਤ ਕੀਤੀ ਕਿ ਚੱਲ ਰਹੀ ਓ.ਟੀ.ਐਸ. ਸਕੀਮ ਵਿੱਚ ਅਪਲਾਈ ਕਰਨ ਸਬੰਧੀ ਕੈਂਪ/ਅਨਾਉਸਮੈਂਟ ਕਰਕੇ ਖਪਤਕਾਰਾਂ ਨੂੰ ਜਾਗਰੂਕ ਕੀਤਾ ਜਾਵੇ ।ਇਸ ਮੌਕੇ ਇੰਜ: ਰਾਜੀਵ ਪਰਾਸ਼ਰ ਉਪ ਮੁੱਖ ਇੰਜੀਨੀਅਰ ਸ਼ਹਿਰੀ ਹਲਕਾ ਅੰਮ੍ਰਿਤਸਰ, ਇੰਜ: ਬਲਕਾਰ ਸਿੰਘ ਉੱਪ ਮੁੱਖ ਇੰਜੀਨੀਅਰ/ਪੀ.ਐੱਸ.ਟੀ.ਸੀ.ਐੱਲ., ਇੰਜ: ਵਧੀਕ ਨਿਗਰਾਨ ਇੰਜੀਨੀਅਰਜ ਹਾਜ਼ਰ ਸਨ।



# ਆਰ ਐੱਮ ਪੀ ਆਈ ਵੱਲੋਂ ਬਾਠ ਕਲਾਂ 'ਚ ਰਾਜਨੀਤਕ ਕਾਨਫਰੰਸ 22 ਨੂੰ : ਪੰਡੋਰੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਨੂੰ ਸਮਰਪਿਤ 22 ਨਵੰਬਰ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਬਾਠ ਕਲਾਂ 'ਚ ਕੀਤੀ ਜਾਵੇਗੀ ਰਾਜਨੀਤਕ ਕਾਨਫਰੰਸ ।ਇਹ ਜਾਣਕਾਰੀ ਪਾਰਟੀ ਦੇ ਆਗੂ ਬਲਦੇਵ ਸਿੰਘ ਪੰਡੋਰੀ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਲੰਮੇ ਸਮੇ ਤੋਂ ਅਨਿਆਂ ਹੀ ਕਰਦੀ ਆ ਰਹੀ ਹੈ।ਜਿਵੇਂ ਪਾਣੀਆਂ ਦਾ ਸਵਾਲ, ਚੰਡੀਗੜ ਰਾਜਧਾਨੀ ਪੰਜਾਬ ਦੇ ਹਵਾਲੇ ਕਰਨ, ਡੈਮਾਂ ਦਾ ਪ੍ਰਬੰਧ, ਪੰਜਾਬ ਦੀ ਨੁਮਾਇੰਦਗੀ ਖਤਮ ਕਰਨ, ਮਜ਼ਦੂਰਾਂ ਦੇ 44 ਕਿਰਤ ਕਾਨੂੰਨਾਂ ਨੂੰ ਤੋੜ ਕੇ ਚਾਰ ਕੋਡਾਂ ਵਿੱਚ ਬਦਲਣ ਦਾ ਸਵਾਲ, ਮਜ਼ਦੂਰਾਂ ਦੀਆਂ ਉਜਰਤਾਂ ਨੂੰ ਕਾਨੂੰਨ ਮੁਤਾਬਕ ਲਾਗੂ ਨਾ ਕਰਨਾ, ਫਸਲਾਂ ਤੇ ਐੱਮਐੱਸਪੀ ਲਾਗੂ ਨਾ ਕਰਨਾ ਆਦਿ ਕਈ ਅਣਸੁਲਝੇ ਮਸਲੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਨੇ ਵੀ ਲੋਕਾਂ ਨਾਲ ਲਾਰੇ ਹੀ ਲਾਏ ਹਨ। ਪੰਜਾਬ ਦੀ ਹਾਲਤ ਦਿਨੋਂ ਦਿਨ ਵਿਗੜਦੀ ਜਾ ਰਹੀ ਹੈ। ਨਿੱਤ ਦਿਨ ਕਤਲੋਗਾਰਤ, ਲੁੱਟਾਂ-ਖੋਹਾਂ, ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਨਸ਼ੇ ਵੱਡੀ ਪੱਧਰ 'ਤੇ ਵਿਕ ਰਹੇ ਹਨ। ਮਾਨ ਸਰਕਾਰ ਨੂੰ ਕੋਈ ਚਿੰਤਾ ਨਹੀ।ਉਨ੍ਹਾਂ ਕਿਹਾ ਕਿ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਫੰਡ ਇਕੱਠਾ ਕਰਨ ਦਾ ਸਿਲਸਲਾ ਜਾਰੀ ਹੈ ।ਇਸ ਮੌਕੇ ਕਰਮ ਸਿੰਘ ਪੰਡੋਰੀ, ਬੁੱਧ ਸਿੰਘ ਪੱਖੋਕੇ, ਗੁਰਪ੍ਰਤਾਪ ਸਿੰਘ ਜਾਮਾਰਾਏ, ਗੁਰਭੇਜ ਸਿੰਘ ਭੱਟੀ, ਬਲਵਿੰਦਰ ਸਿੰਘ ਬਾਠ, ਚਰਨਜੀਤ ਸਿੰਘ ਆਦਿ ਸਾਥੀ ਹਾਜ਼ਰ ਸਨ ।

# ਈਟੀਓ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲ੍ਹੀਆਂ ਦਾ ਕੀਤਾ ਦੌਰਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਹਰ ਵਿਦਿਆਰਥੀ ਨੂੰ ਪੜ੍ਹਾਈ ਦੌਰਾਨ ਜੀਵਨ ਵਿੱਚ ਕੋਈ ਟੀਚਾ ਜਰੂਰ ਨਿਰਧਾਰਿਤ ਕਰਨਾ ਚਾਹੀਦਾ ਹੈ ਅਤੇ ਉਸ ਟੀਚੇ ਦੀ ਪ੍ਰਾਪਤੀ ਲਈ ਅਣਥੱਕ ਮਿਹਨਤ ਕਰਨੀ ਚਾਹੀਦੀ ਹੈ ਤਾਂ ਹੀ ਵਿਦਿਆਰਥੀ ਆਪਣੇ ਜੀਵਨ ਵਿਚ ਸਫ਼ਲ ਹੋ ਸਕਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਹਲਕੇ ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਮੱਲੀਆਂ ਦਾ ਦੌਰਾ ਕਰਨ ਉਪਰੰਤ ਕੀਤਾ।ਆਪਣੇ ਦੌਰੇ ਦੌਰਾਨ ਸਰਦਾਰ ਈਟੀਓ ਨੇ ਕਲਾਸਾਂ ਵਿੱਚ ਜਾ ਕੇ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਦੀ ਪੜ੍ਹਾਈ ਦਾ ਜਾਇਜ਼ਾ ਲਿਆ।ਉਨ੍ਹਾਂ ਨੇ ਕਿਹਾ ਕਿ ਅੱਜ ਦੇ ਬੱਚੇ ਸਾਡਾ ਭਵਿੱਖ ਹਨ ਅਤੇ ਅੱਗੇ ਚੱਲ ਕੇ ਇਨ੍ਹਾਂ ਵਿੱਚੋਂ ਕੁਝ ਬੱਚਿਆਂ ਨੇ ਸਿਆਸਤ, ਡਾਕਟਰ, ਇੰਜੀਨੀਅਰ ਅਤੇ ਵੱਡੇ ਅਧਿਕਾਰੀ ਬਨਣਾ ਹੈ। ਉਨ੍ਹਾਂ ਦੱਸਿਆ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀ 90 ਫੀਸਦ ਤੋਂ ਵੱਧ ਨੰਬਰ ਲੈਣ ਵਿੱਚ ਕਾਮਯਾਬ ਰਹੇ ਹਨ।ਉਨ੍ਹਾਂ ਕਿਹਾ ਕਿ ਤੁਸੀਂ ਹੀ ਦੇਸ਼ ਦਾ ਭਵਿੱਖ ਹੋ ਅਤੇ ਦੇਸ਼ ਨੂੰ ਤੁਹਾਡੇ ਤੇ ਬਹੁਤ ਉਮੀਦਾਂ ਹਨ।ਉਨ੍ਹਾਂ ਕਿਹਾ ਕਿ ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਹ ਅਵੱਲ ਆ ਕੇ ਆਪਣਾ, ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੋਸ਼ਨ ਕਰ ਸਕਣ।ਇਸ ਮੌਕੇ ਕੈਬਨਿਟ ਮੰਤਰੀ ਸਰਦਾਰ ਈਟੀਓ ਵੱਲੋਂ ਸਕੂਲੀ ਅਧਿਆਪਕਾਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਜਾਣਿਆ।ਉਨ੍ਹਾਂ ਕਿਹਾ ਕਿ ਅਧਿਆਪਕ ਹੀ ਬੱਚਿਆਂ ਨੂੰ ਸਹੀ ਦਿਸ਼ਾ ਅਤੇ ਗਿਆਨ ਦੇ ਸਕਦੇ ਹਨ ਅਤੇ ਸਾਡੀ ਪੂਰੀ ਕੋਸ਼ਿਸ਼ ਹੈ ਕਿ ਅਧਿਆਪਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਸ਼ੁਰੂ ਤੋਂ ਹੀ ਮੁੱਖ ਉਦੇਸ਼ ਸਿਹਤ ਅਤੇ ਚੰਗੀ ਸਿੱਖਿਆ ਪ੍ਰਧਾਨ ਕਰਨਾ ਰਿਹਾ ਹੈ ਅਤੇ ਇਸ ਕੰਮ ਵਿੱਚ ਅਸੀਂ ਲਗਾਤਾਰ ਯਤਨ ਕਰ ਰਹੇ ਹਾਂ।ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ ਚੰਗੀ ਸਿਹਤ ਪ੍ਰਦਾਨ ਕਰਨ ਲਈ ਆਮ ਆਦਮੀ ਕਲੀਨਿਕ ਖੋਲੇ ਗਏ ਹਨ ਜਿੱਥੇ ਜਿੱਥੇ ਲੋਕਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ ਅਤੇ ਉੱਥੇ ਹੀ ਚੰਗੀ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਆਫ ਐਮੀਨੈਂਸ ਬਣਾਏ ਗਏ ਹਨ ਜਿੱਥੇ ਸਕੂਲੀ ਵਿਦਿਆਰਥੀਆਂ ਨੂੰ ਪ੍ਰਾਈਵੇਟ ਸਕੂਲਾਂ ਨਾਲੋ ਵੱਧ ਮੁੱਢਲਾ ਢਾਂਚਾ ਮੁਹੱਈਆ ਕਰਵਾਇਆ ਗਿਆ ਹੈ।



# ਕਾਹਲੋਂ ਦੇ ਹੱਕ 'ਚ ਬੋਨੀ ਅਜਨਾਲਾ ਵੱਲੋਂ ਚੋਣ ਰੈਲੀਆਂ ਦਾ ਦੌਰ ਜਾਰੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਦੇ ਸੰਬੰਧ ਵਿੱਚ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਮੀਟਿੰਗ ਸੀਨੀਅਰ ਨੇਤਾਵਾਂ ਨਾਲ ਹੋਈ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੀ ਹੋਣ ਜਾ ਰਹੀ ਜ਼ਿਮਨੀ ਨੂੰ ਲੈ ਕੇ ਅਜਨਾਲੇ ਦੇ ਸਾਬਕਾ ਵਿਧਾਇਕ ਅਤੇ ਪੰਜਾਬ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਘਰ-ਘਰ ਨੁੱਕੜ ਮੀਟਿੰਗਾਂ ਕਰਕੇ ਡੇਰਾ ਬਾਬਾ ਨਾਨਕ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਦੇ ਹੱਕ ਵਿੱਚ ਚੋਣ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਸਬੰਧ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਭਾਜਪਾ ਪੰਜਾਬ ਦੇ ਪ੍ਰਭਾਰੀ ਵਿਜੇ ਰੁਪਾਨੀ, ਸੂਬਾ ਸੰਗਠਨ ਮੰਤਰੀ ਨਿਵਾਸ ਸੱਲੂ ਨਾਲ ਜ਼ਿਮਨੀ ਚੋਣ ਦੇ ਸੰਬੰਧ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਾਬਕਾ ਸੂਬਾ ਪ੍ਰਧਾਨ ਪਠਾਨਕੋਟ ਦੇ ਮੌਜੂਦਾ ਐੱਮਐੱਲਏ ਅਸ਼ਵਨੀ ਸ਼ਰਮਾ, ਸੂਬਾ ਮਹਾ ਮੰਤਰੀ ਰਕੇਸ਼ ਰਠੌਰ, ਅਨਿਲ ਸਰੀਨ ਹਾਜ਼ਰ ਸਨ। ਇਸ ਮੌਕੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਬੋਲਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਡੇਰਾ ਬਾਬਾ ਨਾਨਕ ਅਤੇ ਪੰਜਾਬ ਦੀਆਂ ਹੋਣ ਜਾ ਰਹੀਆਂ ਚਾਰ ਜ਼ਿਮਨੀ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਬਾਊ ਅਸ਼ੋਕ ਕੁਮਾਰ ਮੰਨਣ ਅਤੇ ਸੋਨੂੰ ਹਾਸ਼ਮਪੁਰਾ ਵੀ ਮੌਜੂਦ ਸਨ।



# ਖਾਦਾਂ ਤੇ ਹੋਰ ਖੇਤੀ ਇਨਪੁਟਸ ਦੀ ਵਿਕਰੀ ਸਮੇਂ ਟੈਗਿੰਗ ਨਾ ਕਰਨ ਦੀ ਹਦਾਇਤ



**ਗੁਰਦਾਸਪੁਰ, (ਜਨਕ ਮਹਾਜਨ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਿਸਾਨਾਂ ਨੂੰ ਡੀ. ਏ. ਪੀ. ਖਾਦ ਦੀ ਕੋਈ ਕਿੱਲਤ ਨਾ ਆਵੇ ਨੂੰ ਯਕੀਨੀ ਬਣਾਉਣ ਲਈ ਖੇਤੀਬਾੜੀ ਵਿਭਾਗ ਵਲੋਂ ਸੁਨਿਸਚਿਤ ਬਣਾਇਆ ਗਿਆ ਹੈ। ਮੁੱਖ ਖੇਤੀਬੜੀ ਅਫਸਰ ਡਾ. ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਕਣਕ ਦੀ ਬਿਜਾਈ ਦੌਰਾਨ ਖੇਤੀ ਇਨਪੁਟਸ ਦੀ ਵਿਕਰੀ ਸਮੇਂ ਟੈਗਿੰਗ ਨਾ ਕਰਨ ਸਬੰਧੀ ਗੁਰਦਾਸਪੁਰ ਜ਼ਿਲੇ ਦੇ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸਮੂਹ ਖਾਦ ਡੀਲਰਾਂ/ਡਿਸਟਰੀਬਿਊਟਰਾਂ, ਐਗਰੋਕੈਮੀਕਲ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਡੀਲਰ/ਕੰਪਨੀ ਕਿਸੇ ਵੀ ਕਿਸਾਨ ਨੂੰ ਖਾਦ ਜਾਂ ਹੋਰ ਖੇਤੀ ਇਨਪੁਟਸ ਦੀ ਵਿਕਰੀ ਸਮੇਂ ਕੋਈ ਵੀ ਟੈਗਿੰਗ ਭਾਵ ਬਿਨ੍ਹਾਂ ਲੋੜ ਤੋਂ ਕੋਈ ਹੋਰ ਵਸਤੂ ਅਟੈਚ ਨਹੀਂ ਕਰੇਗਾ। ਇਸ ਤੋਂ ਇਲਾਵਾ ਹਰੇਕ ਡੀਲਰ ਖਾਦ ਕੰਟਰੋਲ ਆਰਡਰ ਤਹਿਤ ਆਪਣੀ ਆਪਣੀ ਦੁਕਾਨ ਦੇ ਬਾਹਰ ਸਟਾਕ ਬੋਰਡ ਡਿਸਪਲੇਅ ਕਰੇਗਾ ਜਿਸ ਵਿੱਚ ਉਸ ਪਾਸ ਉਪਲਬਧ ਖੇਤੀ ਸਮੱਗਰੀ ਦਾ ਸਟਾਕ ਅਤੇ ਰੇਟ ਲਿਸਟ ਦਾ ਵੇਰਵਾ ਰੋਜ਼ਾਨਾ ਲਿਖਿਆ ਜਾਵੇ। ਮੁੱਖ ਖੇਤੀਬੜੀ ਅਫਸਰ ਵਲੋਂ ਇੰਨਪੁੱਟਸ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਜੇਕਰ ਕੋਈ ਡੀਲਰ ਨਿਰਧਾਰਤ ਰੇਟਾਂ ਤੋਂ ਵੱਧ ਅਤੇ ਬਿਨਾਂ ਬਿੱਲ ਦੇ ਕਿਸਾਨਾਂ ਨੂੰ ਇਨਪੁਟਸ ਵੇਚਦਾ ਜਾਂ ਟੈਗਿੰਗ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਹੁਕਮ 1985 ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਸਮੂਹ ਖੇਤੀਬਾੜੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਮੂਹ ਖਾਦ ਡੀਲਰਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਸੁਨਿਸ਼ਚਿਤ ਕੀਤਾ ਜਾਵੇ ਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ। ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਮੌਜੂਦਾ ਸਮੇਂ ਡੀ. ਏ. ਪੀ. ਖਾਦ ਦੇ ਕਈ ਬਦਲ ਹਨ ਜਿਨ੍ਹਾਂ ਨੂੰ ਫਾਸਫੋਰਸ ਤੱਤ ਦੇ ਬਦਲਵੇਂ ਸਰੋਤ ਵੱਜੋਂ ਵਰਤਿਆ ਜਾ ਸਕਦਾ।

# ਭਾਈ ਗੁਰਦਾਸ ਸਕੂਲ ਲੱਖਣ ਕਲਾਂ 'ਚ ਕਲਾ ਦੇ ਵੱਖ-ਵੱਖ ਮੁਕਾਬਲੇ ਕਰਵਾਏ

**ਕਲਾਨੌਰ, (ਮਨਦੀਪ ਕੋਹਲੀ)**

ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਬਾਲ ਦਿਵਸ ਤੱਕ ਵੱਖੋ-ਵੱਖ ਮੁਕਾਬਲੇ ਸਕੂਲ ਵਿੱਚ ਬੱਚਿਆਂ ਵੱਲੋਂ ਕਰਵਾਏ ਜਾ ਰਹੇ ਹਨ ਜਿਸ ਵਿੱਚ ਮਾਂਡਲਾ ਆਰਟ ਕੰਪੀਟੀਸ਼ਨ ਅਤੇ ਲਿਪੰਨ ਆਰਟ ਕੰਪੀਟੀਸ਼ਨ ਕਰਵਾਇਆ ਗਿਆ।ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਬੀਰ ਸਿੰਘ ਕਾਹਲੋਂ ਜੀ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋ ਜੀ ਦੇ ਦਰਸਾਏ ਮਾਰਗ ਤੇ ਚਲਦਿਆਂ ਬੱਚਿਆਂ ਵੱਲੋਂ ਬਹੁਤ ਹੀ ਸੁੰਦਰ ਤਰੀਕੇ ਨਾਲ ਮਾਂਡਲਾ ਆਰਟ ਅਤੇ ਲਿਪੰਨ ਆਰਟ ਮੁਕਾਬਲਿਆਂ ਵਿੱਚ ਹਿੱਸਾ ਲਿਆ ਗਿਆ । ਕਈ ਬੱਚਿਆਂ ਵੱਲੋਂ ਦੱਸਿਆ ਗਿਆ ਕਿ ਲਿਪੰਨ ਆਰਟ ਦਾ ਮੁਕਾਬਲਾ ਉਹਨਾਂ ਵੱਲੋਂ ਪਹਿਲੀ ਵਾਰ ਦੇਖਿਆ ਗਿਆ ਹੈ ਫਿਰ ਵੀ ਉਹਨਾਂ ਨੇ ਬੜੇ ਉਤਸ਼ਾਹ ਨਾਲ ਇਸ ਮੁਕਾਬਲੇ ਵਿੱਚ ਹਿੱਸਾ ਲਿਆ। ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਵੱਲੋਂ ਬੱਚਿਆਂ ਨੂੰ ਕੈਸ਼ ਪ੍ਰਾਈਜ਼ ਵੀ ਦਿੱਤੇ ਗਏ ਪ੍ਰਿੰਸੀਪਲ ਮੈਡਮ ਨੇ ਕਿਹਾ ਕਿ ਬੱਚਿਆਂ ਨੂੰ ਕੈਸ਼ ਪ੍ਰਾਈਜ਼ ਦੇਣ ਨਾਲ ਬੱਚਿਆਂ ਦਾ ਹੌਸਲਾ ਹੋਰ ਵੀ ਬੁਲੰਦ ਹੁੰਦਾ ਹੈ ਅਤੇ ਉਨਾਂ ਦਾ ਮੁਕਾਬਲਾ ਵਿੱਚ ਹਿੱਸਾ ਲੈਣ ਦਾ ਉਤਸ਼ਾਹ ਵੱਧਦਾ ਹੈ। ਜਿਨਾਂ ਬੱਚਿਆਂ ਨੂੰ ਕੈਸ਼ ਪ੍ਰਾਈਜ ਦਿੱਤੇ ਗਏ ਤੇ ਪੁਜੀਸ਼ਨ ਕੱਢੀਆਂ ਗਈਆਂ ਉਹਨਾਂ ਵਿੱਚੋਂ ਮਾਂਡਲਾ ਆਰਟ ਵਿੱਚੋਂ ਪਹਿਲੇ ਨੰਬਰ ਤੇ ਜਸ਼ਨਪ੍ਰੀਤ ਕੌਰ ਦੂਸਰੇ ਨੰਬਰ ਤੇ ਮੁਸਕਾਨ ਭੱਟੀ ਤੀਸਰੇ ਸਥਾਨ ਤੇ ਮੁਸਕਾਨ ਦੀਪ ਕੌਰ ਅਤੇ ਚੌਥੇ ਸਥਾਨ ਤੇ ਗੁਰਪ੍ਰੀਤ ਰਹੀ ਇਸੇ ਤਰ੍ਹਾਂ ਲਿਪੰਨ ਆਰਟ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਮੁਸਕਾਨ ਦੀਪ ਕੌਰ ਨੇ ਦੂਸਰੇ ਸਥਾਨ ਜਸ਼ਨਪ੍ਰੀਤ ਕੌਰ ਅਤੇ ਪ੍ਰਭਲੀਨ ਕੌਰ ਤੀਸਰੇ ਨੰਬਰ ਤੇ ਮੁਸਕਾਨ ਭੱਟੀ ਅਤੇ ਚੌਥੇ ਨੰਬਰ ਤੇ ਰਾਜਵੀਰ ਕੌਰ ਰਹੇ।



# ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ ਉੱਪਰ ਸੋਲਰ ਲਾਈਟਾਂ ਦੀ ਰੌਸ਼ਨੀ ਗੁੰਮ, ਸੰਬੰਧਿਤ ਵਿਭਾਗ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੀ ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ 'ਤੇ ਲੱਗੀਆਂ ਸੋਲਰ ਲਾਈਟਾਂ ਰਾਤ ਨੂੰ ਨਾ ਜਗਣ ਕਾਰਨ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਜਿਸ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਸੰਬੰਧਿਤ ਵਿਭਾਗ ਵਲੋਂ ਧਿਆਨ ਨਾ ਦੇਣ ਕਰਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰੋਂ ਵਗਦੀ ਨਹਿਰ ਅਪਰਬਾਰੀ ਦੁਆਬ 'ਤੇ ਕਰੀਬ 14 ਸਾਲ ਪਹਿਲਾਂ ਇਕ ਪੁਲ ਬਣਾਇਆ ਗਿਆ ਸੀ ਅਤੇ ਰਾਤ ਨੂੰ ਰੌਸ਼ਨੀ ਵਾਸਤੇ ਸੋਲਰ ਲਾਈਟਾਂ ਦੇ ਕਰੀਬ 18 ਪੋਲ ਲਗਾਏ ਗਏ ਸੀ ਜੋ ਕੁਝ ਸਮੇਂ ਬਾਅਦ ਹੀ ਜਗਣੋਂ ਬੰਦ ਹੋ ਗਈਆਂ ਅਤੇ ਖੰਭੇ ਵੀ ਟੁੱਟ-ਭੱਜ ਗਏ ਸਨ। ਹੁਣ ਇਹ ਪੋਲ ਟੁੱਟੇ ਭੱਜੇ ਜਿੱਥੇ ਨਜ਼ਰ ਆਉਂਦੇ ਹਨ ਉਥੇ ਹੀ ਇਨ੍ਹਾਂ ਪੁਲਾਂ 'ਤੇ ਲਗੀਆਂ ਬੈਟਰੀਆਂ ਵੀ ਚੋਰ ਚੋਰੀ ਕਰਕੇ ਲੈ ਚੁੱਕੇ ਹਨ। ਇਸ ਨਹਿਰ 'ਤੇ ਬਣੇ ਪੁਲ ਰਾਹੀਂ ਰੋਜ਼ਾਨਾਂ ਦਿਨ-ਰਾਤ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ-ਵੱਡੇ ਵਾਹਨ ਦਿਲੀ, ਜਲੰਧਰ, ਚੰਡੀਗੜ ਆਦਿ ਸ਼ਹਿਰਾਂ ਤੋਂ ਇਲਾਵਾ ਜੰਮੂ, ਸ੍ਰੀਨਗਰ ਨੂੰ ਵੀ ਆਉਂਦੇ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਪੁਲ 'ਤੇ ਰਾਤ ਸਮੇਂ ਹਨੇਰਾ ਹੋਣ ਕਾਰਨ ਕਈ ਵਾਰ ਦੋਪਹੀਆ ਵਾਹਨ ਆਪਸ ਵਿਚ ਟਕਰਾ ਕੇ ਹਾਦਸਾਗ੍ਰਸਤ ਹੋ ਚੁੱਕੇ ਹਨ ਅਤੇ ਵੱਡੇ ਵਾਹਨਾਂ ਦਾ ਵੀ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਅਗਾਂਹ ਤੋਂ ਗੰਨੇ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ ਅਤੇ ਵੱਡੀ ਗਿਣਤੀ ਵਿਚ ਕਿਸਾਨ ਆਪਣੀਆਂ ਗੰਨੇ ਨਾਲ ਭਰੀਆਂ ਟਰਾਲੀਆਂ ਲੈ ਕੇ ਖੰਡ ਮਿੱਲ ਮੁਕੇਰੀਆਂ ਤੋਂ ਇਲਾਵਾ ਹੋਰਨਾਂ ਮਿੱਲਾਂ ਨੂੰ ਇਸ ਪੁਲ ਰਾਹੀਂ ਆਉਂਦੇ-ਜਾਂਦੇ ਹਨ। ਇਲਾਕਾ ਵਾਸੀਆਂ ਨੇ ਗੁਰਦਾਸਪੁਰ ਪ੍ਰਸ਼ਾਸਨ ਅਤੇ ਇਲੈਕਟ੍ਰੀਕਲ ਵਿੰਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪੁਲ 'ਤੇ ਬੰਦ ਅਤੇ ਖ਼ਰਾਬ ਹੋਈਆਂ ਲਾਈਟਾਂ ਨੂੰ ਚਾਲੂ ਕਰਵਾਇਆ ਜਾਵੇ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਕਰਵਾਈ ਅਧਿਆਪਕ-ਮਾਪੇ ਮਿਲਣੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ ਜਿਸ ਵਿੱਚ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਵਿਦਿਆਰਥੀਆਂ ਦੇ ਸਿੱਖਆਤਮਕ ਅਤੇ ਵਿਵਹਾਰਕ ਵਿਕਾਸ ਲਈ ਵਾਰਤਾਲਾਪ ਕੀਤੀ ਗਈ।ਇਸ ਮੀਟਿੰਗ ਦੌਰਾਨ ਅਧਿਆਪਕਾ ਦੁਆਰਾ ਵਿਦਿਆਰਥੀਆਂ ਦੇ ਪੋਸਟ ਮਿਡ ਟਰਮ ਦੇ ਪੇਪਰਾਂ ਦੀ ਸਿਲੇਬਸ ਅਤੇ ਤਿਆਰੀ ਬਾਰੇ ਮਾਪਿਆਂ ਨਾਲ ਵਾਰਤਲਾਪ ਕੀਤੀ।ਇਸ ਮੀਟਿੰਗ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਹਿੱਸਾ ਲਿਆ ਅਤੇ ਅਧਿਆਪਕਾਂ ਦੁਆਰਾ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਸੁਣਦੇ ਹੋਏ ਵਿਦਿਆਰਥੀਆਂ ਦੇ ਵਿਕਾਸ ਵਿੱਚ ਦਿਲਚਸਪੀ ਦਿਖਾਈ ਅਤੇ ਵਧੀਆ ਮਾਤਾ ਪਿਤਾ ਹੋਣ ਦਾ ਸਬੂਤ ਦਿੱਤਾ।ਸਕੂਲ ਵਿੱਚ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਦੇ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਮਹੀਨੇ ਅਧਿਆਪਕ ਮਾਪੇ ਮਿਲਣੀ ਕੀਤੀ ਜਾਂਦੀ ਹੈ ਤਾਂ ਜੋ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਹਨਾਂ ਦੀ ਜਮਾਤ ਵਿੱਚ ਕਾਰਗੁਜ਼ਾਰੀ ਬਾਰੇ ਪਤਾ ਚੱਲਦਾ ਰਹੇ ਅਤੇ ਉਹ ਆਪਣੇ ਬੱਚਿਆਂ ਦੇ ਵਿਕਾਸ ਵਿੱਚ ਪੂਰਨ ਤੌਰ ਤੇ ਅਧਿਆਪਕਾਂ ਦੇ ਸਹਿਯੋਗੀ ਬਣ ਸਕਣ ਅਤੇ ਵਿਦਿਆਰਥੀਆਂ ਦੇ ਵਧੀਆ ਭਵਿੱਖ ਦੀ ਸਿਰਜਣਾ ਹੋ ਸਕੇ।ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਮਾਪਿਆਂ ਦਾ ਸਕੂਲ ਵਿੱਚ ਆਉਣ ਤੇ ਅਤੇ ਇਸ ਵਾਰਤਾਲਾਪ ਨੂੰ ਪੂਰਨ ਤੌਰ ਤੇ ਸਫਲ ਬਣਾਉਣ ਤੇ ਧੰਨਵਾਦ ਕੀਤਾ।



# ਘੱਟ ਗਿਣਤੀ ਲੋਕ ਭਲਾਈ ਸੰਸਥਾ ਦੀ ਟੀਮ ਨੇ ਫੜੀ ਪੀੜਤ ਪਰਿਵਾਰ ਦੀ ਬਾਂਹ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਛੁੱਟੀ 'ਤੇ ਆਏ ਫੌਜੀ ਵੱਲੋਂ ਇੱਕ ਬਜ਼ੁਰਗ ਔਰਤ ਦੀ ਅੰਨੇਵਾਹ ਕੁੱਟਮਾਰ ਕਰਕੇ ਬੁਰੀ ਤਰ੍ਹਾਂ ਜ਼ਖਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਭੇਜੀ ਸ਼ਿਕਾਇਤ ਦੇ ਹਵਾਲੇ ਨਾਲ ਸੀਨੀਅਰ ਸਿਟੀਜਨ ਅਤੇ ਪੀੜਤ ਬਜ਼ੁਰਗ ਔਰਤ ਪਰਮਜੀਤ ਕੌਰ ਪਤਨੀ ਗੁਰਦੀਪ ਸਿੰਘ ਵਾਸੀ ਪਿੰਡ ਦੁਲਚੀਪੁਰ ਜ਼ਿਲ੍ਹਾ ਤਰਨ ਤਾਰਨ ਨੇ ਦੱਸਿਆ ਕਿ ਦੀਵਾਲੀ ਵਾਲੇ ਦਿਨ ਫੌਜੀ ਨਿਸ਼ਾਨ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਦੁਲਚੀਪੁਰ ਨੇ ਮੇਰੀ ਨੂੰਹ ਨਾਲ ਬਦਤਮੀਜ਼ੀ ਕਰ ਰਿਹਾ ਸੀ।ਫੌਜੀ ਜੋ ਕਿ ਨਸ਼ੇ ਦੀ ਹਾਲਤ 'ਚ ਮੈਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੇਰੇ ਨਾਲ ਦੁਰਵਿਹਾਰ ਕੀਤਾ।ਇਸ ਦੌਰਾਨ ਮੇਰੀ ਤੇ ਉਸ 'ਚ ਤੂੰ ਤੂੰ ਮੈਂ ਮੈਂ ਹੋ ਗਈ।ਬੋਲ ਬੁਲਾਰਾ ਕਰਦੇ ਮੈਂ ਘਰ ਪਹੁੰਚੀ ਆਪਣੀ ਨੂੰਹ ਨਾਲ। ਇੰਨੇ ਨੂੰ ਫੌਜੀ ਨਿਸ਼ਾਨ ਸਿੰਘ ਆਪਣੇ ਸਾਥੀਆਂ ਨਾਲ ਹਥਿਆਂਰਾਂ ਨਾਲ ਲੈਸ ਹੋ ਕੇ ਮੇਰੀ ਘਰ ਜਬਰੀ ਦਾਖਲ ਹੋਇਆ। ਜਦੋਂ ਮੈਂ ਵਿਰੋਧ ਕੀਤਾ ਤਾਂ ਫੌਜੀ ਨਿਸ਼ਾਨ ਸਿੰਘ ਨੇ ਡਾਂਗ ਨਾਲ ਮੇਰੇ ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ ਜਿਸ ਦੌਰਾਨ ਮੇਰਾ ਮੋਢਾ ਟੁੱਟ ਗਿਆ, ਖੱਬਾ ਹੱਥ ਨੁਕਸਾਨਿਆ ਗਿਆ ਅਤੇ ਸੱਜੇ ਹੱਥ 'ਤੇ ਵੀ ਗੰਭੀਰ ਸੱਟਾਂ ਲੱਗੀਆਂ ਹਨ।ਪੀੜਤਾ ਨੇ ਦੱਸਿਆ ਕਿ ਮੈਂ ਪੁਲਸ ਥਾਣਾ ਗੋਇੰਦਵਾਲ ਨੂੰ ਮੌਕੇ 'ਤੇ ਹਮਲੇ ਸਬੰਧੀ ਸੂਚਿਤ ਕੀਤਾ ਸੀ,ਪਰ ਪੁਲਸ ਨੇ ਅਜੇ ਤੱਕ ਹਲਾਵਰ ਧਿਰ ਨੂੰ ਨਾ ਹੀ ਹਿਰਾਸਤ 'ਚ ਲਿਆ ਹੈ ਨਾ ਹੀ ਅਜੇ ਤੱਕ ਫੌਜੀ ਨਿਸ਼ਾਨ ਸਿੰਘ ਤੇ ਉਸ ਦੇ ਸਾਥੀਆਂ ਖਿਲਾਫ਼ ਮੁਕੱਦਮਾ ਦਰਜ ਕੀਤਾ ਹੈ।ਉਸਨੇ ਦੱਸਿਆ ਕਿ ਮੇਰੀ ਨੂੰਹ ਨਾਲ ਹੋਈ ਵਧੀਕੀ ਸਬੰਧੀ ਉਸ ਨੇ ਐੱਸਐੱਸਪੀ ਤਰਨ ਤਾਰਨ ਦੇ ਪੇਸ਼ ਹੋ ਕੇ ਪੁਲਸ ਤੋਂ ਮਦਦ ਮੰਗੀ ਹੈ।ਉਨ੍ਹਾਂ ਨੇ ਡੀਐੱਸਪੀ (ਅਪਰਾਧ ਸ਼ਾਖਾ) ਤਰਨ ਤਾਰਨ ਨੂੰ ਅਗਲੇਰੀ ਕਾਰਵਾਈ ਲਈ ਦਰਖਾਸਤ ਸੌਂਪ ਦਿੱਤੀ ਹੈ ਪਰ ਅਜੇ ਤੱਕ ਡੀਐੱਸਪੀ ਕ੍ਰਾਈਮ ਬ੍ਰਾਂਚ ਨੇ ਸਾਡੇ ਨਾਲ ਕੋਈ ਸੰਪਰਕ ਨਹੀਂ ਕੀਤਾ ਹੈ।ਇਸ ਮੌਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਮੀਡੀਆ ਰਾਹੀਂ ਅਪੀਲ ਕੀਤੀ ਹੈ ਕਿ ਸਬੰਧਿਤ ਮਾਮਲੇ 'ਚ ਸੂ ਮੋਟੋ ਲੈਂਦਿਆਂ ਐੱਸਐੱਸਪੀ ਤਰਨ ਤਾਰਨ ਨੂੰ ਪੀੜਤ ਪ੍ਰੀਵਾਰ ਦੀ ਸੁਣਵਾਈ ਕਰਨ ਲਈ ਹਦਾਇਤ ਕੀਤੀ ਜਾਵੇ।

# ਖਾਦ ਡੀਲਰਾਂ ਦੀ ਉਡਣ ਦਸਤੇ ਵੱਲੋਂ ਅਚਨਚੇਤ ਚੈਕਿੰਗ

**ਗੁਰਦਾਸਪੁਰ, (ਜਨਕ ਮਹਾਜਨ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਖੇਤੀਬਾੜੀ ਵਿਭਾਗ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆਂ ਦੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਦੁਕਾਨਾਂ ਵਿੱਚ ਪਿਆ ਖਾਦ, ਬੀਜ ਅਤੇ ਕੀਟਨਾਸ਼ਕ ਦਵਾਈਆ ਦਾ ਸਟਾਕ ਅਤੇ ਰਿਕਾਰਡ ਚੈਕ ਕੀਤਾ। ਇਸ ਮੌਕੇ ਡਾ. ਸੁਰਿੰਦਰਪਾਲ ਪਾਲ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਸਖਤ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਖਾਦਾਂ ਦੇ ਨਾਲ ਕਿਸੇ ਵੀ ਕਿਸਮ ਦੀ ਟੈਗਿੰਗ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਸਮੂਹ ਡੀਲਰਾਂ ਨੂੰ ਸਖਤ ਹਦਾਇਤ ਕਰਦਿਆਂ ਕਿਹਾ ਕਿ ਖਾਦਾਂ ਦੇ ਸਟਾਕ ਅਤੇ ਰੇਟ ਨੂੰ ਦਰਸਾਉਂਦਾ ਸਟਾਕ ਬਰੋਡ ਲਗਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਅੰਦਰ ਡੀਏਪੀ ਖਾਦ ਦੇ ਨਾਲ ਬਦਲਵੀਆਂ ਫਾਸਫੇਟਿਕ ਖਾਦਾਂ ਜਿਵੇਂ ਕਿ ਸਿੰਗਲ ਸੁਪਰ ਫਾਸਫੇਟ, 12:32:16 ਅਤੇ ਟ੍ਰਿਪਲ ਸੁਪਰ ਫਾਸਫੇਟ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਕਿਸਾਨਾਂ ਨੂੰ ਕਣਕ ਦੀ ਬਿਜਾਈ ਸਮੇਂ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਵੀ ਅਪੀਲ ਕਰਦੇ ਹੋਏ ਕਿਹਾ ਕਿ ਖਾਦ ਨਾਲ ਕੋਈ ਵੀ ਵਸਤੂ ਟੈਗ ਕਰਨ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਉਸ ਦੀ ਸ਼ਿਕਾਇਤ ਮੁੱਖ ਖੇਤੀਬਾੜੀ ਅਫ਼ਸਰ ਦੇ ਦਫ਼ਤਰ ਕੀਤੀ ਜਾਵੇ ਤਾਂ ਜੋ ਐਕਟ ਅਨੁਸਾਰ ਬਣਦੀ ਸਖਤ ਕਾਰਵਾਈ ਕੀਤੀ ਜਾ ਸਕੇ।



# ਪਿਛਲੇ ਦਿਨੀਂ ਬੈਂਕਾਂ ਨੇੜਿਓਂ ਮਿਲੀਆਂ ਤਿੰਨ ਲਾਸ਼ਾਂ ਦਾ ਬਿਨਾਂ ਸ਼ਨਾਖਤ ਅੰਤਿਮ ਸੰਸਕਾਰ




**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਪਿਛਲੇ ਦਿਨੀਂ ਸਬ ਡਵੀਜ਼ਨ ਭਿੱਖੀਵਿੰਡ ਅਧੀਨ ਆਉਂਦੇ ਪਿੰਡ ਬੈਂਕਾਂ ਨੇੜਿਓਂ ਲੰਘਦੀ ਡਰੇਨ ਵਿੱਚੋਂ ਮਿਲੀਆਂ ਤਿੰਨ ਲਾਸ਼ਾਂ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ ਹੈ ਜਿਸ ਲਈ ਪੰਜਾਬ ਪੁਲਸ ਵੱਲੋਂ ਭਾਵੇਂ ਲੱਖ ਕੋਸ਼ਿਸ਼ਾਂ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ, ਪਰ ਅਜੇ ਤੱਕ ਅਸਫਲਤਾ ਹੀ ਹੱਥ ਲੱਗੀ ਹੈ ।ਇੱਕੋ ਜਗ੍ਹਾ 'ਤੇ ਤਿੰਨ ਲਾਸ਼ਾਂ ਦਾ ਮਿਲਣਾ ਜੋ ਕਿ ਲਗਭਗ ਇੱਕੋ ਜਿਹੇ ਕੱਪੜਿਆਂ ਵਿੱਚ ਸਨ, ਇੱਕ ਵੱਡਾ ਸਵਾਲ ਖੜ੍ਹਾ ਕਰਦੇ ਹਨ ਕਿ ਇਹ ਲੋਕ ਕਿਸੇ ਖ਼ਾਸ ਵਰਗ ਨਾਲ ਸਬੰਧਤ ਸਨ ਜਿਨ੍ਹਾਂ ਵੱਲੋਂ ਕਾਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ, ਜੇਕਰ ਇਹ ਦੂਜੇ ਰਾਜ ਦੇ ਸਨ ਤਾਂ ਇਹ ਵਾਪਰੀ ਘਟਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਪੈਦਾ ਕਰਦੀ ਹੈ ਕਿਉਂਕਿ ਦੂਜੇ ਰਾਜ ਦੇ ਵਸਨੀਕਾਂ ਦੀਆਂ ਲਾਸ਼ਾਂ ਇੱਥੋਂ ਤੱਕ ਕਿਵੇਂ ਪਹੁੰਚ ਗਈਆਂ। ਜਿਸ ਢਿੱਲੀ ਰਫਤਾਰ ਨਾਲ ਸੂਚਨਾਵਾਂ ਪ੍ਰਾਪਤ ਹੋ ਰਹੀਆਂ ਹਨ, ਉਥੋਂ ਇੰਜ ਲੱਗਦਾ ਹੈ ਕਿ ਇਨ੍ਹਾਂ ਲਾਸ਼ਾਂ ਦੀ ਸ਼ਨਾਖਤ ਲਾਅ ਇਨਫੋਰਸਮੈਂਟ ਏਜੰਸੀਆਂ ਲਈ ਦੂਰ ਦੀ ਕੌਡੀ ਸਾਬਤ ਹੋਣ ਵਾਲੀ ਹੈ।ਇਸ ਕਰਕੇ ਜਿੰਨੀ ਦੇਰ ਇਸ ਕੰਮ ਲਈ ਸੁਰੱਖਿਆ ਏਜੰਸੀਆਂ ਪੂਰੀ ਮਸ਼ੱਕਤ ਨਹੀਂ ਕਰਦੀਆਂ ਉਨੀ ਦੇਰ ਇਨ੍ਹਾਂ ਲਾਸ਼ਾਂ ਦੇ ਪਰਿਵਾਰਾਂ ਤੱਕ ਪਹੁੰਚਣਾ ਤੇ ਕਾਤਲਾਂ ਦੀ ਭਾਲ ਕਰਨੀ ਲੰਮਾ ਕੰਮ ਹੁੰਦਾ ਜਾਵੇਗਾ। ਭਾਵੇਂ ਕਿ ਇਨ੍ਹਾਂ ਲਾਸ਼ਾਂ ਦਾ ਪੋਸਟਮਾਰਟਮ ਕਰਵਾਉਣ ਤੋਂ ਇਲਾਵਾ ਲੋੜੀਂਦਾ ਸਮਾਂ ਮੁਰਦਾ ਘਰ ਵਿੱਚ ਰੱਖ ਕੇ ਕਾਨੂੰਨੀ ਤੌਰ ਤੇ ਫਰਜ਼ ਪੂਰਾ ਕਰ ਦਿੱਤਾ ਗਿਆ ਹੈ ਪਰ ਜਿੰਨੀ ਦੇਰ ਤੱਕ ਗਵਾਂਢੀ ਰਾਜਾਂ ਅਤੇ ਪੰਜਾਬ ਦੇ ਥਾਣਿਆਂ ਵਿੱਚੋਂ ਇਸ਼ਤਿਹਾਰ ਜਾਂ ਹੋਰ ਸਾਧਨਾਂ ਰਾਹੀਂ ਉਪਰਾਲੇ ਨਹੀਂ ਕੀਤੇ ਜਾਂਦੇ ਉਨੀ ਦੇਰ ਤੱਕ ਇਨ੍ਹਾਂ ਲਾਸ਼ਾਂ ਨੂੰ ਸ਼ਨਾਖਤ ਵਿੱਚ ਲਿਆਉਣਾ ਇੱਕ ਮੁਸ਼ੱਕਤ ਵਾਲਾ ਕੰਮ ਹੋਵੇਗਾ ।ਭਾਵੇਂ ਕਿ ਪੁਲਸ ਵੱਲੋਂ ਇਨ੍ਹਾਂ ਲਾਸ਼ਾਂ ਦਾ ਸ਼ਨੀਵਾਰ ਨੂੰ ਪੋਸਟਮਾਰਟਮ ਕਰਵਾਉਣ ਉਪਰੰਤ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ ਤੇ ਇਨ੍ਹਾਂ ਨਾਲ ਸੰਬੰਧਿਤ ਇਸ਼ਤਿਹਾਰ ਜਾਰੀ ਕਰਨ ਦੀ ਗੱਲ ਕਹੀ ਜਾ ਰਹੀ ਹੈ ਪਰ ਜਿੰਨੀ ਦੇਰ ਸ਼ਨਾਖਤ ਨਹੀਂ ਹੁੰਦੀ ਉਨੀ ਦੇਰ ਇਲਾਕੇ ਦੇ ਲੋਕਾਂ ਅੰਦਰ ਇੱਕ ਡਰ ਤੇ ਸਹਿਮ ਵਾਲਾ ਮਾਹੌਲ ਰਹੇਗਾ ਕਿਉਂਕਿ ਇੱਕੋ ਜਗ੍ਹਾ ਦੇ ਉਤੇ ਤਿੰਨ ਲਾਸ਼ਾਂ ਦਾ ਮਿਲਣ ਕਾਰਨ ਡਰ ਦਾ ਮਾਹੌਲ ਪੈਦਾ ਹੋਣਾ ਸੁਭਾਵਿਕ ਹੈ ।ਹੁਣ ਵੇਖਣਾ ਇਹ ਹੋਵੇਗਾ ਕਿ ਸਥਾਨਕ ਪੁਲਸ ਦੇ ਨਾਲ ਨਾਲ ਖੁਫੀਆ ਏਜੰਸੀਆਂ ਇਨ੍ਹਾਂ ਲਾਸ਼ਾਂ ਦੇ ਪਰਿਵਾਰਕ ਮੈਂਬਰਾਂ ਤੱਕ ਕਦੋਂ ਪਹੁੰਚ ਕਰਨ ਵਿੱਚ ਸਫਲ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਕਤਲ ਲਈ ਜ਼ਿੰਮੇਵਾਰ ਲੋਕਾਂ ਨੂੰ ਫੜ ਕੇ ਕਦੋਂ ਸਲਾਖਾਂ ਦੇ ਪਿੱਛੇ ਕੀਤਾ ਜਾਂਦਾ ਹੈ ।

# ਉਤਕਰਸ਼ ਸਮਾਲ ਫਾਈਨਾਂਸ ਦੀ ਸਥਿਰਤਾ ਰਿਪੋਰਟ ਗ੍ਰੀਨ ਬੈਂਕਿੰਗ ਪ੍ਰਤੀ ਵਚਨਬੱਧਤਾ ਦੀ ਝਲਕ

**ਲੁਧਿਆਣਾ** : ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਟਿਡ ਨੇ ਵਿੱਤੀ ਸਾਲ 2023-24 ਲਈ ਆਪਣੀ ਪਹਿਲੀ ਸਥਿਰਤਾ ਰਿਪੋਰਟ ਜਾਰੀ ਕਰਨ ਦਾ ਐਲਾਨ ਕੀਤਾ, ਜੋ ਕਿ ਇਸਦੇ ਮੁੱਖ ਕਾਰਜਾਂ ਵਿੱਚ ਵਾਤਾਵਰਣ, ਸਮਾਜਿਕ ਅਤੇ ਪ੍ਰਸ਼ਾਸਨ ਸਿਧਾਂਤਾਂ ਨੂੰ ਜੋੜਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਯੂ-ਸਸਟੇਨ ਸਿਰਲੇਖ ਵਾਲੀ ਇਹ ਵਿਆਪਕ ਰਿਪੋਰਟ, ਟਿਕਾਊ ਵਿਕਾਸ ਅਤੇ ਜ਼ਿੰਮੇਵਾਰ ਬੈਂਕਿੰਗ ਨੂੰ ਉਤਸ਼ਾਹਿਤ ਕਰਨ ਵਿੱਚ ਬੈਂਕ ਦੀਆਂ ਰਣਨੀਤਕ ਪਹਿਲਕਦਮੀਆਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕਰਦੀ ਹੈ। ਸਸਟੇਨੇਬਿਲਟੀ ਰਿਪੋਰਟ ਤੇ ਟਿੱਪਣੀ ਕਰਦੇ ਹੋਏ, ਗੋਵਿੰਦ ਸਿੰਘ, ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਟਿਡ ਨੇ ਕਿਹਾ ਕਿ ਸਾਨੂੰ ਆਪਣੀ ਪਹਿਲੀ ਸਸਟੇਨੇਬਿਲਟੀ ਰਿਪੋਰਟ ਪੇਸ਼ ਕਰਨ ਵਿੱਚ ਖੁਸ਼ੀ ਹੋ ਰਹੀ ਹੈ, ਜੋ ਸਿਧਾਂਤਾਂ ਪ੍ਰਤੀ ਸਾਡੀ ਅਟੁੱਟ ਵਚਨਬੱਧਤਾ ਨੂੰ ਰੇਖਾਂਕਿਤ ਕਰਦੀ ਹੈ।ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਿਟਡ ਵਿਖੇ ਸਾਡਾ ਮੰਨਣਾ ਹੈ ਕਿ ਟਿਕਾਊ ਬੈਂਕਿੰਗ ਸਿਰਫ਼ ਇੱਕ ਜ਼ਿੰਮੇਵਾਰੀ ਨਹੀਂ ਹੈ, ਸਗੋਂ ਸਾਡੇ ਹਿੱਸੇਦਾਰਾਂ ਲਈ ਲੰਬੇ ਸਮੇਂ ਲਈ ਮੁੱਲ ਬਣਾਉਣ ਦਾ ਇੱਕ ਮਾਰਗ ਹੈ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਗਿ. ਰਘਬੀਰ ਸਿੰਘ, ਗਿ. ਸੁਲਤਾਨ ਸਿੰਘ ਤੇ ਬਾਬਾ ਬਲਬੀਰ ਸਿੰਘ ਸਨਮਾਨਿਤ

**ਸ੍ਰੀ ਹਜ਼ੂਰ ਸਾਹਿਬ/ਸ੍ਰੀ ਅੰਮ੍ਰਿਤਸਰ ਸਾਹਿਬ (ਜਸਬੀਰ ਸਿੰਘ ਪੱਟੀ)**

ਬੁੱਢਾ ਦਲ ਦੇ 316ਵਾਂ ਸਥਾਪਨਾ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ ਵਿਖੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਸੰਗਤਾਂ, ਸੰਤ ਮਹਾਂਪੁਰਸ਼ਾਂ, ਸੰਪਰਦਾਵਾਂ, ਨਿਹੰਗ ਸਿੰਘ ਦਲਾਂ, ਗੁ: ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਮਨਾਏ ਗਏ ਹਨ। ਇਹ ਜਾਣਕਾਰੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਦਿੱਤੀ।ਉਨ੍ਹਾਂ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਦੇ ਜਥੇਦਾਰ ਸਿੰਘ ਸਾਹਿਬ ਗਿ. ਕੁਲਵੰਤ ਸਿੰਘ, ਮੀਤ ਜਥੇਦਾਰ ਗਿ. ਰਾਮ ਸਿੰਘ, ਗਿ. ਬਾਬਾ ਜੋਤਇੰਦਰ ਸਿੰਘ ਅਤੇ ਬਾਕੀ ਹਜ਼ੂਰੀ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਰਘੁਬੀਰ ਸਿੰਘ, ਸਿੰਘ ਸਾਹਿਬ ਗਿ. ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਹਜ਼ੂਰ ਸਾਹਿਬ ਦੀ ਪੁਰਾਤਨ ਧਾਰਮਿਕ ਰਵਾਇਤ ਮੁਤਾਬਕ ਦਸਤਾਰਾ, ਗਾਤਰਾ, ਚੋਲਾ, ਕਮਰਕਸਾ, ਸ੍ਰੀ ਸਾਹਿਬ, ਦੋਸ਼ਾਲਾ, ਸਿਰੋਪਾਓ ਤੇ ਫੁੱਲਾਂ ਦੀ ਮਾਲਾ ਨਾਲ ਸਨਮਾਨਿਤ ਕੀਤਾ। ਇਸ ਸਮੇਂ ਬੁੱਢਾ ਦਲ ਪਾਸ ਗੁਰੂ ਸਾਹਿਬਾਨ ਦੇ ਮਹਾਨ ਜਰਨੈਲਾਂ ਦੇ ਸ਼ਸਤਰਾਂ, ਅਸਤਰਾਂ ਦੇ ਧਾਰਮਿਕ ਰਹੁਰੀਤਾਂ ਅਨੁਸਾਰ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ।ਬਾਬਾ ਬਲਬੀਰ ਸਿੰਘ ਅਕਾਲੀ ਨੇ ਸਾਰੇ ਸ਼ਸਤਰਾਂ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ ਅਤੇ ਭਾਈ ਪਰਮਜੀਤ ਸਿੰਘ ਕਥਾਵਾਚਕ ਨੇ ਸ਼ਸਤਰ ਦੇ ਦਰਸ਼ਨ ਕਰਵਾਏ।ਇਸ ਸਮੇਂ ਤਰਨਾ ਦਲ ਹਰੀਆਂ ਵੇਲਾਂ ਤੋਂ ਬਾਬਾ ਨਾਗਰ ਸਿੰਘ, ਦਮਦਮੀ ਟਕਸਾਲ ਤੋਂ ਬਾਬਾ ਸੁਖਦੇਵ ਸਿੰਘ ਨੂੰ ਵੀ ਤਖ਼ਤ ਸਾਹਿਬ ਵੱਲੋਂ ਸਨਮਾਨ ਦਿਤਾ ਗਿਆ। ਬਰਮਿੰਘਮ ਤੋਂ ਪੁੱਜੇ ਇੰਜਿਨੀਅਰ ਬਾਬਾ ਮਹਿੰਦਰ ਸਿੰਘ ਤੇ ਉਨ੍ਹਾਂ ਨਾਲ ਇੰਦਰਜੀਤ ਸਿੰਘ ਨੂੰ ਬੁੱਢਾ ਦਲ ਵੱਲੋਂ ਸਨਮਾਨਿਤ ਕੀਤਾ ਗਿਆ। ਏਵੇਂ ਹੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੇ ਪ੍ਰਬੰਧਕ ਜਿਨ੍ਹਾਂ ਵਿੱਚ ਭਾਈ ਜਤਿੰਦਰ ਸਿੰਘ ਕਥਾਵਾਚਕ, ਭਾਈ ਰਵਿੰਦਰ ਸਿੰਘ ਬੁੰਗਈ ਸਾਬਕਾ ਸਕੱਤਰ, ਗਿ. ਸੁਖਵਿੰਦਰ ਸਿੰਘ ਕਥਾਵਾਚਕ, ਸਰਬਜੀਤ ਸਿੰਘ ਸੋਢੀ, ਇੰਦਰਪਾਲ ਸਿੰਘ ਫੌਜੀ, ਰਣਬੀਰ ਸਿੰਘ ਰਾਣਾ, ਜੈਮਲ ਸਿੰਘ, ਰਵਿੰਦਰ ਸਿੰਘ ਕਪੂਰ ਆਦਿ ਨੂੰ ਬੁੱਢਾ ਦਲ ਵੱਲੋਂ ਸਨਮਾਨ ਦਿੱਤਾ ਗਿਆ।



# ਸ਼ੋਭਾ ਯਾਤਰਾ ਦਾ ਡੇਰਾ ਸੰਤ ਟਹਿਲ ਦਾਸ ਸਲੇਮ ਟਾਬਰੀ ਵੱਲੋਂ ਨਿੱਘਾ ਸਵਾਗਤ



ਹੁਸ਼ਿਆਰਪੁਰ (ਓ ਪੀ ਰਾਣਾ)

ਸ੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਦਿਵਸ ਨੂੰ ਸਮਰਪਤ ਸ਼ੋਭਾ ਯਾਤਰਾ ਦਾ ਉਦਾਸੀਨ ਡੇਰਾ 108 ਸੰਤ ਬਾਬਾ ਟਹਿਲ ਦਾਸ ਸਲੇਮਟਾਬਰੀ ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਰਵਿਦਾਸ ਪਾਰਕ ਸਲੇਮਟਾਬਰੀ (ਲੁਧਿਆਣਾ) ਵਿਖੇ ਸਵਾਗਤ ਕੀਤਾ ਗਿਆ। ਆਦਿ ਧਰਮ ਗੁਰੂ ਸੰਤ ਸਰਵਣ ਦਾਸ ਗੱਦੀਨਸ਼ੀਨ ਡੇਰਾ ਸੰਤ ਟਹਿਲ ਦਾਸ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੀ ਅਗਵਾਈ ਹੇਠ ਭਾਰੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਤ ਸਰਵਣ ਦਾਸ ਵੱਲੋਂ ਸੰਤਾਂ, ਧਾਰਮਿਕ, ਸਮਾਜਿਕ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਸ਼ੋਭਾ ਯਾਤਰਾ ਦਾ ਸਵਾਗਤ ਕਰਦੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਬਹੁਤ ਇਤਿਹਾਸਕ ਸਮਾਂ ਸੀ ਜਿਸ ਨਾਲ ਸੰਗਤਾਂ ਨੂੰ ਸ਼੍ਰੀ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਮਿਲਦਾ ਹੈ। ਉਨ੍ਹਾਂ ਕਿਹਾ ਸਤਿਗੁਰਾਂ ਦੀ ਬਾਣੀ ਵੀ ਸਾਨੂੰ ਇਹੋ ਸੰਦੇਸ਼ ਦਿੰਦੀ ਹੈ, ਸਭੈ ਸਾਂਝੀਵਾਲ ਸਦਾਇਨ ਤੂ ਕਿਸੈ ਨ ਦਿਸੈ ਬਾਹਰਾ ਜੀਓ। ਉਨ੍ਹਾਂ ਸਮੁੱਚੀ ਸੰਗਤ ਨੂੰ ਬਾਣੀ ਦੇ ਲੜ ਲੱਗਣ ਦੀ ਅਪੀਲ ਕੀਤੀ। ਇਸ ਮੌਕੇ ਬਲਵੀਰ ਮਹੇ ਪ੍ਰਧਾਨ ਲੁਧਿਆਣਾ ਯੂਨਿਟ, ਪ੍ਰੀਤਮ ਦਾਸ ਮੱਲ ਕੌਮੀ ਪ੍ਰਧਾਨ ਸੇਵਾ ਦਲ, ਨਿਰਪਿੰਦਰ ਕੁਮਾਰ ਅਤੇ ਸੰਗਤਾਂ ਹਾਜ਼ਰ ਸਨ।

# ਖੇਤੀਬਾੜੀ ਮਹਿਕਮੇ ਵੱਲੋਂ ਕਿਸਾਨਾਂ ਨੂੰ ਡੀ ਏ ਪੀ ਦੀ ਥਾਂ ਸਿੰਗਲ ਸੁਪਰ ਫਾਸਫੇਟ ਵਰਤਣ ਦੀ ਅਪੀਲ

ਮੋਹਾਲੀ, (ਗੁਰਜੀਤ ਬਿੱਲਾ)

ਜ਼ਿਲ੍ਹੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਾਜ਼ਾਰ ਵਿੱਚ ਡੀ ਏ ਪੀ ਸੌਖਾ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਹੋਰ ਖਾਦਾਂ ਦੀ ਵਰਤੋਂ ਕਣਕ, ਸਰ੍ਹੋਂ ਅਤੇ ਆਲੂ ਦੀ ਬਿਜਾਈ ਲਈ ਕਰ ਸਕਦੇ ਹਨ।ਮੁੱਖ ਖੇਤੀਬਾੜੀ ਅਫਸਰ ਡਾ. ਗੁਰਮੇਲ ਸਿੰਘ ਅਨੁਸਾਰ ਜ਼ਿਲ੍ਹੇ ਵਿੱਚ ਡੀ ਏ ਪੀ ਦੀ ਥਾਂ ਫਾਸਫੋਰਸ ਤੱਤ ਨਾਲ ਭਰਪੂਰ ਹੋਰ ਬਦਲਵੀਆਂ ਖਾਦਾਂ ਦੀ ਕੋਈ ਥੋੜ ਨਹੀਂ ਹੈ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਾਸਫੋਰਸ ਤੱਤ ਪੂਰਤੀ ਲਈ ਬਾਜ਼ਾਰ 'ਚ ਉਪਲਬਧ ਦੂਸਰੀਆਂ ਖਾਦਾਂ ਜਿਵੇਂ ਨਾਈਟ੍ਰੋਜਨ ਫਾਸਫੋਰਸ ਅਤੇ ਪੋਟਾਸ਼ੀਅਮ ਮਿਸ਼ਰਣ, ਸਿੰਗਲ ਸੁਪਰ ਫ਼ਾਸਫੇਟ, ਟਰਿਪਲ ਸੁਪਰ ਫ਼ਾਸਫੇਟ ਦੀ ਵਰਤੋਂ ਬਦਲਵੇਂ ਰੂਪ ਵਿੱਚ ਕਰ ਸਕਦੇ ਹਨ। ਉਨਾਂ ਨੇ ਤੇਲ ਬੀਜ ਅਧਾਰਤ ਫਸਲਾਂ ਖਾਸ ਤੌਰ 'ਤੇ ਸਰ੍ਹੋਂ ਦੀ ਬਿਜਾਈ ਲਈ ਸਿੰਗਲ ਸੁਪਰ ਫ਼ਾਸਫੇਟ ਨੂੰ ਡੀ ਏ ਪੀ ਦਾ ਸਭ ਤੋਂ ਕਾਰਗਰ ਬਦਲ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਤੇਲ ਬੀਜ ਅਧਾਰਤ ਫਸਲਾਂ ਨੂੰ ਲੋੜੀਂਦੀ ਸਲਫਰ ਤੱਤ ਦੀ ਮਾਤਰਾ ਵੀ ਪ੍ਰਾਪਤ ਹੁੰਦੀ ਹੈ। ਮੁੱਖ ਖੇਤੀਬਾੜੀ ਅਫਸਰ ਅਨੁਸਾਰ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਡੀ ਏ ਪੀ ਦੇ ਬਦਲ ਲਈ ਜਾਗਰੂਕ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਆਰੰਭੀ ਹੋਈ ਹੈ, ਜਿਸ ਤਹਿਤ ਪੈਂਫਲੇਟ, ਕਿਸਾਨ ਮਿਲਣੀਆਂ ਅਤੇ ਜਨਤਕ ਥਾਵਾਂ ਤੇ ਧਾਰਮਿਕ ਸਥਾਨਾਂ ਤੋਂ ਅਨਾਊਂਸਮੈਂਟ ਰਾਹੀਂ ਕਿਸਾਨਾਂ ਨੂੰ ਡੀ ਏ ਪੀ ਦੇ ਬਦਲ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮਾਰਕੀਟ ਵਿੱਚੋਂ ਜਿਹੜੀ ਵੀ ਖਾਦ ਖਰੀਦਦੇ ਹਨ ਜਾਂ ਕੋਈ ਬੀਜ ਖਰੀਦਦੇ ਹਨ ਜਾਂ ਕੋਈ ਕੀਟਨਾਸ਼ਕ ਰਸਾਇਣ ਖਰੀਦਦੇ ਹਨ, ਉਸ ਦਾ ਬਿੱਲ ਲਾਜ਼ਮੀ ਪ੍ਰਾਪਤ ਕਰਨ ਤਾਂ ਜੋ ਉਨਾਂ ਨੂੰ ਉੱਚ ਗੁਣਵੱਤਾ ਦੀ ਵਸਤ ਉਪਲਬਧ ਹੋ ਸਕੇ ਅਤੇ ਜੇਕਰ ਉਹਨਾਂ ਨੂੰ ਕਿਸੇ ਕਿਸਮ ਦਾ ਗੁਣਵੱਤਾ ਦਾ ਸ਼ੰਕਾ ਹੋਵੇ ਤਾਂ ਉਹ ਤੁਰੰਤ ਉਸ ਬਾਰੇ ਆਪਣੇ ਬਲਾਕ ਦੇ ਖੇਤੀਬਾੜੀ ਅਫਸਰ ਨਾਲ ਸੰਪਰਕ ਕਰਨ ਅਤੇ ਉਸ ਨੂੰ ਸਾਰੀ ਜਾਣਕਾਰੀ ਦੇਣ।

## ਤੈਰਾਕੀ ਮੁਕਾਬਲੇ ਭਲਕ ਤੋਂ

ਮੋਹਾਲੀ- (ਗੁਰਜੀਤ ਬਿੱਲਾ)-68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦੇ ਰਾਜ ਪੱਧਰੀ ਤੈਰਾਕੀ ਮੁਕਾਬਲੇ 11 ਨਵੰਬਰ ਤੋਂ 14 ਨਵੰਬਰ ਤੱਕ ਮਲਟੀਪਰਪਜ਼ ਸਟੇਡੀਅਮ, ਸੈਕਟਰ 63, ਮੋਹਾਲੀ ਵਿਖੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਡਾ. ਗਿੰਨੀ ਦੁੱਗਲ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਲੜਕੇ ਅਤੇ ਲੜਕੀਆਂ ਦੇ 14, 17 ਅਤੇ 19 ਸਾਲ ਉਮਰ ਵਰਗ ਦੇ ਮੁਕਾਬਲੇ ਕਰਵਾਏ ਜਾਣਗੇ ਜਿਨ੍ਹਾਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਤੋਂ 600 ਦੇ ਕਰੀਬ ਖਿਡਾਰੀ ਹਿੱਸਾ ਲੈ ਰਹੇ ਹਨ। ਉਹਨਾਂ ਦੱਸਿਆ ਕਿ ਇਹ ਖਿਡਾਰੀ 10 ਨਵੰਬਰ ਨੂੰ ਜ਼ਿਲ੍ਹੇ ਵਿੱਚ ਪੁੱਜ ਜਾਣਗੇ ਅਤੇ ਇਹਨਾਂ ਦੀ ਰਿਹਾਇਸ਼ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ।

# ਮਾਊਂਟ ਵਿਊ ਕਨਸੈਂਟ ਸਕੂਲ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਮਾਊਂਟ ਵਿਊ ਕਨਸੈਂਟ ਸਕੂਲ [illegible] ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਭਾਈ ਮਨਪ੍ਰੀਤ ਸਿੰਘ ਸ਼ੇਰਪੁਰ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਭਾਈ ਨਛੱਤਰ ਸਿੰਘ ਬ੍ਰਹਮਜੀਤ ਨੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਸੰਬੰਧੀ ਇਤਿਹਾਸ ਦੀ ਸਾਂਝ ਪਾਈ। ਉਪਰੰਤ ਸਕੂਲ ਦੇ ਬੱਚਿਆਂ ਨੇ ਕੀਰਤਨ ਤੇ ਧਾਰਮਿਕ ਕਵਿਤਾਵਾਂ ਪੜ੍ਹ ਕੇ ਸੰਗਤ ਦਾ ਮਨ ਮੋਹਿਆ। ਇਸ ਮੌਕੇ ਬਾਬਾ ਬਲਵੀਰ ਸਿੰਘ ਮੁਖੀ ਵਿਰਧ ਆਸ਼ਰਮ ਹਰਿਆਣਾ, ਬਾਬਾ ਓਂਕਾਰ ਸਿੰਘ ਧਾਮੀ, ਬਾਬਾ ਪਰਮਿੰਦਰ ਸਿੰਘ ਧਾਲੀਵਾਲ, ਬਾਬਾ ਕੁਲਦੀਪ ਸਿੰਘ ਬਸੀ ਮਰੂਫ, ਸੰਦੀਪ ਸੈਣੀ ਚੇਅਰਮੈਨ ਬੈਕਫਿੰਕੋ ਪੰਜਾਬ, ਡਾ. ਜਤਿੰਦਰ ਸਿੰਘ ਸਟੇਟ ਪ੍ਰਧਾਨ ਮਾਂਝੀ ਡਾ. ਰਾਜ ਕੁਮਾਰ ਮੈਂਬਰ ਪਾਰਲੀਮੈਂਟ ਸਮੇਤ ਵੱਡੀ ਤਾਦਾਦ 'ਚ ਸੰਗਤ ਸ਼ਾਮਲ ਹੋਈਆਂ। ਇਸ ਮੌਕੇ 6 ਨਵੀਆਂ ਚੁਣੀਆਂ ਪੰਚਾਇਤਾਂ ਨੂੰ ਸਨਮਾਨ ਕਰਨ ਦੇ ਨਾਲ ਨਾਲ ਸਕੂਲ ਦੇ ਬੱਚਿਆਂ ਨੂੰ ਵਧੀਆ ਕਾਰਗੁਜ਼ਾਰੀ ਤੇ ਐਪਰੀਸੀਏਸ਼ਨ ਸਰਟੀਫਿਕੇਟ ਦਿੱਤੇ ਗਏ। ਬੱਚਿਆਂ ਦੇ ਮਾਤਾ ਪਿਤਾ ਤੇ ਸਕੂਲ ਸਟਾਫ ਦੇ ਮੈਂਬਰਾਂ ਨੂੰ ਵੀ ਸਨਮਾਨਤ ਕੀਤਾ।

# ਬੈਂਕ 'ਚੋਂ ਗੰਨਮੈਨ ਦੀ ਬੰਦੂਕ ਤੇ ਕਾਰਤੂਸ ਚੋਰੀ

ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)- ਬੀਤੀ ਰਾਤ ਚੋਰ ਨਡਾਲੇ ਦੀ ਪੰਜਾਬ ਐਂਡ ਸਿੰਧ ਬੈਂਕ, ਜੋ ਕਿ ਢਿਲਵਾ ਰੋਡ ਚੌਂਕ ਦੇ ਬਿਲਕੁਲ ਨੇੜੇ ਹੈ, ਦੀ ਖਿੜਕੀ ਦੀ ਗਰਿੱਲ ਕੱਟ ਕੇ ਅੰਦਰ ਦਾਖਲ ਹੋ ਗਏ ਤੇ ਅੰਦਰ ਪਈ ਬੈਂਕ ਦੇ ਸਕਿਉਰਟੀ ਗਾਰਡ ਦੀ ਬੰਦੂਕ ਤੇ ਕਾਰਤੂਸ ਚੋਰੀ ਕਰਕੇ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆ ਬੈਂਕ ਦੇ ਮੈਨੇਜਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ 9:30 ਕੁ ਵਜੇ ਸਫਾਈ ਕਰਮਚਾਰੀ ਨੇ ਫੋਨ ਕਰਕੇ ਦੱਸਿਆ ਕਿ ਬੈਂਕ ਦੇ ਨਾਲ ਲੱਗਦੇ ਖਾਲੀ ਪਲਾਟ ਵਾਲੇ ਤੰਦਰੇ ਦੀ ਗਰਿੱਲ ਤੇ ਖਿੜਕੀ ਟੁੱਟੀ ਹੋਈ ਹੈ। ਇਸ ਦੌਰਾਨ ਅਸੀਂ ਤੁਰੰਤ ਬੈਂਕ ਪੁੱਜੇ ਤੇ ਚੈੱਕ ਕਰਨ 'ਤੇ ਪਤਾ ਲੱਗਾ ਕਿ ਬੈਂਕ ਦੇ ਸਕਿਉਰਟੀ ਗਾਰਡ ਮਨਜੀਤ ਸਿੰਘ ਦੀ ਡਬਲ ਬੈਰਲ ਬੰਦੂਕ ਤੇ 14 ਕਾਰਤੂਸ ਗਾਇਬ ਹਨ, ਜੋ ਚੋਰ ਜਾਣ ਲੱਗੇ ਆਪਣੇ ਨਾਲ ਲੈ ਗਏ ਅਤੇ ਬਾਕੀ ਕੈਸ਼ ਤੇ ਹੋਰ ਸਮਾਨ ਸੁਰੱਖਿਅਤ ਹਨ।ਸੂਚਨਾ ਮਿਲਣ 'ਤੇ ਡੀਐਸਪੀ ਭੁਲੱਥ ਕਰਨੈਲ ਸਿੰਘ, ਥਾਣਾ ਮੁੱਖੀ ਸੁਭਾਨਪੁਰ ਕੰਵਰਜੀਤ ਸਿੰਘ ,ਚੋਕੀ ਇੰਚਾਰਜ ਨਡਾਲਾ ਕਮਲਜੀਤ ਸਿੰਘ ਪੁਲਸ ਪਾਰਟੀ ਸਣੇ ਮੌਕੇ 'ਤੇ ਪੁੱਜੇ ਤੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਰਿਆਤ ਬਾਹਰਾ ਇੰਸਟੀਚਿਊਟ ਆਫ਼ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਵੈਬੀਨਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਰਿਆਤ ਬਾਹਰਾ ਇੰਸਟੀਚਿਊਟ ਆਫ਼ ਫਾਰਮੇਸੀ ਹੁਸ਼ਿਆਰਪੁਰ ਵੱਲੋਂ ਐਮ ਆਰ ਐਨ ਏ ਲਿਪਿਡ ਨੈਨੋਪਾਰਟਿਕਲਜ਼ (ਐਲ ਐਨ ਪੀ) ਥੈਰੇਪੀ ਦੇ ਪ੍ਰੀ-ਕਲੀਨਿਕਲ ਵਿਕਾਸ ਬਾਰੇ ਅੰਤਰਰਾਸ਼ਟਰੀ





ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵੈਬੀਨਾਰ ਵਿੱਚ ਮੁੱਖ ਬੁਲਾਰੇ ਡਾ. ਰਾਜਿੰਦਰ ਖਨਾਲ (ਪੋਸਟ-ਡਾਕਟੋਰਲ ਐਲ ਐਨ ਪੀ ਫਾਰਮੂਲੇਸ਼ਨ ਸਾਇੰਟਿਸਟ, ਮਰਕ ਜਰਮਨੀ) ਸਨ ਜਿਨ੍ਹਾਂ ਨੇ ਐਮ ਆਰ ਐਨ ਏ-ਐਲ ਐਨ ਪੀ ਤਕਨਾਲੋਜੀ ਵਿੱਚ ਨਵੀਨਤਮ ਤਰੱਕੀ ਅਤੇ ਖੋਜ ਬਾਰੇ ਆਪਣੇ ਡੂੰਘੇ ਤਜਰਬੇ ਸਾਂਝੇ ਕੀਤੇ। ਸੈਸ਼ਨ ਦਾ ਸੰਚਾਲਨ ਡਾ. ਅਮਿਤ ਸ਼ਰਮਾ, ਹੈੱਡ ਫਾਰਮੇਸੀ ਦੁਆਰਾ ਕੀਤਾ ਗਿਆ ਅਤੇ ਪ੍ਰੋ: ਦਵਿੰਦਰ ਸਿੰਘ, ਹੈੱਡ ਡੀ. ਫਾਰਮੇਸੀ ਦੁਆਰਾ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਗਈ।ਡਾ. ਖਨਾਲ ਨੇ ਇਸ ਖੇਤਰ ਵਿੱਚ ਹਾਲ ਹੀ ਦੀਆਂ ਚੁਣੌਤੀਆਂ, ਪ੍ਰੀ-ਕਲੀਨਿਕਲ ਖੋਜ ਵਿਧੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਉਨ੍ਹਾਂ ਨੇ ਰਿਆਤ ਬਾਹਰਾ ਦੇ ਨੌਜਵਾਨ ਖੋਜਕਾਰਾਂ ਨੂੰ ਇਸ ਵਿੱਚ ਸਹਿਯੋਗ ਵਧਾਉਣ ਲਈ ਪ੍ਰੇਰਿਤ ਕੀਤਾ। ਡਾ. ਅਮਿਤ ਸ਼ਰਮਾ ਨੇ ਲਿਪਿਡ ਨੈਨੋਪਾਰਟਿਕਲਜ਼ ਦੇ ਅਨੁਕੂਲਨ ਅਤੇ ਨਿਰਮਾਣ ਦੀਆਂ ਰਣਨੀਤੀਆਂ ਬਾਰੇ ਚਰਚਾ ਕੀਤੀ ਅਤੇ ਪ੍ਰੀ-ਕਲੀਨਿਕਲ ਟੈਸਟਿੰਗ ਲਈ ਢੁਕਵੇਂ ਜਾਨਵਰਾਂ ਦੇ ਮਾਡਲਾਂ ਦੀ ਚੋਣ ਅਤੇ ਪ੍ਰਮਾਣਿਤ ਪ੍ਰੋਟੋਕੋਲ ਦੀ ਲੋੜ ਨੂੰ ਰੇਖਾਂਕਿਤ ਕੀਤਾ।ਇਹ ਵੈਬੀਨਾਰ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਦੀ ਅਗਵਾਈ ਅਤੇ ਡਾ. ਮਨਿੰਦਰ ਪਾਲ ਸਿੰਘ, ਡਾਇਰੈਕਟਰ ਪ੍ਰਿੰਸੀਪਲ ਦੇ ਸਹਿਯੋਗ ਹੇਠ ਕਰਵਾਇਆ ਗਿਆ। ਡਾ. ਮਨਿੰਦਰ ਪਾਲ ਨੇ ਕਿਹਾ ਕਿ ਭਵਿੱਖ ਵਿੱਚ ਐਮ ਆਰ ਐਨ ਏ-ਐਲ ਐਨ ਪੀ ਤਕਨਾਲੋਜੀ ਬਾਰੇ ਡੂੰਘਾਈ ਵਿੱਚ ਚਰਚਾ ਕਰਨ ਲਈ ਵਰਕਸ਼ਾਪਾਂ ਅਤੇ ਸਹਿਯੋਗੀ ਸੈਸ਼ਨ ਆਯੋਜਿਤ ਕੀਤੇ ਜਾਣਗੇ।ਇਸ ਵੈਬੀਨਾਰ ਵਿੱਚ ਵੱਖ-ਵੱਖ ਸੰਸਥਾਵਾਂ ਦੇ 250 ਤੋਂ ਵੱਧ ਨੁਮਾਇੰਦਿਆਂ ਨੇ ਭਾਗ ਲਿਆ।ਇਸ ਮੌਕੇ ਰਿਆਤ ਬਾਹਰਾ ਇੰਸਟੀਚਿਊਟ ਆਫ ਫਾਰਮੇਸੀ ਦੇ ਵਿਦਿਆਰਥੀ ਅਤੇ ਅਧਿਆਪਕ ਵੀ ਹਾਜ਼ਰ ਸਨ।

# ਰਿਆਤ ਬਾਹਰਾ 'ਵਰਸਿਟੀ ਨੇ ਇੰਟਰ-ਗਰੁੱਪ ਖੇਡ ਚੈਂਪੀਅਨਸ਼ਿਪ 'ਚ ਓਵਰਆਲ ਟਰਾਫੀ ਜਿੱਤੀ

ਚੰਡੀਗੜ੍ਹ/ਕੁਰਾਲੀ (ਗੁਰਜੀਤ ਬਿੱਲਾ/ਮੋਹਨ ਅੱਗਰਵਾਲ)

ਰਿਆਤ ਬਾਹਰਾ ਯੂਨੀਵਰਸਿਟੀ ਕੈਂਪਸ ਵਿਖੇ ਦੋ ਰੋਜ਼ਾ ਇੰਟਰ -ਬਾਹਰਾ ਗਰੁੱਪ ਸਪੋਰਟਸ ਚੈਂਪੀਅਨਸ਼ਿਪ-2024 ਕਰਵਾਈ ਗਈ, ਜਿਸ ਵਿੱਚ ਆਰਬੀਯੂ ਮੋਹਾਲੀ, ਹੁਸ਼ਿਆਰਪੁਰ ਕੈਂਪਸ ਅਤੇ ਬਾਹਰਾ ਯੂਨੀਵਰਸਿਟੀ ਵਕਨਾਘਾਟ (ਸ਼ਿਮਲਾ) ਦੇ ਵਿਦਿਆਰਥੀਆਂ ਨੇ ਭਾਗ ਲਿਆ।ਪੁਰਸ਼ਾਂ ਅਤੇ ਔਰਤਾਂ ਦੇ ਵਰਗਾਂ ਵਿੱਚ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਲੜਕਿਆਂ ਅਤੇ ਲੜਕੀਆਂ ਨੂੰ ਆਪਣੇ ਵਿਰੋਧੀਆਂ ਨਾਲ ਮੁਕਾਬਲਾ ਕਰਦੇ ਦੇਖਣਾ ਇੱਕ ਸ਼ਾਨਦਾਰ ਅਨੁਭਵ ਸੀ।ਓਵਰਆਲ ਟਰਾਫੀ ਬਾਹਰਾ ਯੂਨੀਵਰਸਿਟੀ ਨੇ ਜਿੱਤੀ ਅਤੇ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਜੇਤੂਆਂ ਨੂੰ ਇਨਾਮ ਵੰਡੇ।ਇਸ ਚੈਂਪੀਅਨਸ਼ਿਪ ਦਾ ਉਦਘਾਟਨ ਆਰਬੀਯੂ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕੀਤਾ।ਖੇਡਾਂ ਦੇ ਡਾਇਰੈਕਟਰ ਡਾ: ਮਹੇਸ਼ ਜੇਟਲੀ ਨੇ ਦੱਸਿਆ ਕਿ ਟੇਬਲ ਟੈਨਿਸ (ਪੁਰਸ਼) ਮੁਕਾਬਲਿਆਂ ਵਿੱਚ ਆਰਬੀਯੂ, ਮੋਹਾਲੀ ਦੀ ਟੀਮ ਨੇ ਸੋਨੇ ਦਾ ਤਮਗਾ ਅਤੇ ਬਾਹਰਾ ਯੂਨੀਵਰਸਿਟੀ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਸ਼ਤਰੰਜ (ਪੁਰਸ਼)ਮੁਕਾਬਲਿਆਂ ਵਿੱਚ ਆਰਬੀਜੀਆਈ, ਹੁਸ਼ਿਆਰਪੁਰ ਨੇ ਸੋਨੇ ਦਾ ਅਤੇ ਆਰਬੀਯੂ, ਮੁਹਾਲੀ ਨੇ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ।ਮਹਿਲਾ ਵਰਗ ਵਿੱਚ ਆਰਬੀਯੂ, ਮੋਹਾਲੀ ਨੇ ਸੋਨੇ ਦਾ ਤਮਗਾ ਜਿੱਤਿਆ। ਜਦਕਿ ਬਾਹਰਾ ਯੂਨੀਵਰਸਿਟੀ ਨੂੰ ਚਾਂਦੀ ਦੇ ਤਮਗੇ ਨਾਲ ਸਬਰ ਕਰਨਾ ਪਿਆ।ਰੱਸਾਕਸ਼ੀ (ਪੁਰਸ਼ ਟੀਮ) ਵਿੱਚ ਆਰਬੀਜੀਆਈ ਹੁਸ਼ਿਆਰਪੁਰ ਨੇ ਸੋਨੇ ਦਾ ਤੇ ਆਰਬੀਯੂ, ਮੁਹਾਲੀ ਨੇ ਚਾਂਦੀ ਦਾ ਤਮਗਾ ਜਿੱਤਿਆ।ਮਹਿਲਾ ਵਰਗ ਵਿੱਚ ਆਰਬੀਯੂ ਮੋਹਾਲੀ ਨੇ ਸੋਨੇ ਅਤੇ ਬਾਹਰਾ ਯੂਨੀਵਰਸਿਟੀ ਨੇ ਚਾਂਦੀ ਦਾ ਤਮਗਾ ਜਿੱਤਿਆ।ਬਾਸਕਟਬਾਲ (ਪੁਰਸ਼) ਵਿੱਚ ਆਰਬੀਯੂ, ਮੋਹਾਲੀ ਨੇ ਸੋਨੇ ਅਤੇ ਬਾਹਰਾ ਯੂਨੀਵਰਸਿਟੀ ਨੇ ਚਾਂਦੀ ਦਾ ਤਮਗਾ ਜਿੱਤਿਆ।ਮਹਿਲਾ ਵਰਗ ਵਿੱਚ ਬਾਹਰਾ ਯੂਨੀਵਰਸਿਟੀ ਨੇ ਸੋਨੇ ਅਤੇ ਆਰਬੀਯੂ, ਮੋਹਾਲੀ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ।ਵਾਲੀਬਾਲ ਪੁਰਸ਼ਾਂ ਵਿੱਚ ਆਰਬੀਜੀਆਈ, ਹੁਸ਼ਿਆਰਪੁਰ ਨੇ ਸੋਨੇ ਦਾ ਤਮਗਾ ਅਤੇ ਆਰਬੀਯੂ, ਮੁਹਾਲੀ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਜਦਕਿ ਬਾਹਰਾ ਯੂਨੀਵਰਸਿਟੀ ਦੀ ਮਹਿਲਾ ਟੀਮ ਨੇ ਸੋਨੇ ਅਤੇ ਆਰਬੀਯੂ ਮੋਹਾਲੀ ਨੇ ਚਾਂਦੀ ਦਾ ਤਮਗਾ ਜਿੱਤਿਆ।ਫੁੱਟਬਾਲ ਟੀਮ (ਪੁਰਸ਼) ਮੁਕਾਬਲਿਆਂ ਵਿੱਚ ਬਾਹਰਾ ਯੂਨੀਵਰਸਿਟੀ ਨੇ ਸੋਨੇ ਅਤੇ ਆਰਬੀਜੀਆਈ, ਹੁਸ਼ਿਆਰਪੁਰ ਨੇ ਚਾਂਦੀ ਦਾ ਤਮਗਾ ਜਿੱਤਿਆ।ਚੈਂਪੀਅਨਸ਼ਿਪ ਵਿੱਚ ਡਾ. ਮਨੋਜ ਬਾਲੀ ਡੀਨ ,ਕੁਲਬੀਰ ਸਿੰਘ ਸਪੋਰਟਸ ਅਫਸਰ ਅਤੇ ਹੋਰ ਫੈਕਲਟੀ ਮੈਂਬਰ ਵਲੋਂ ਅਹਿਮ ਭੂਮਿਕਾ ਨਿਭਾਈ ਗਈ।




# ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਵੱਲੋਂ 'ਪਰਾਲੀ ਸਾੜਨਾ ਬੰਦ ਕਰੋ' ਬਾਰੇ ਜਾਗਰੂਕਤਾ ਮੁਹਿੰਮ



ਜਲੰਧਰ (ਸ਼ੈਲੀ ਐਲਬਰਟ)

ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੀ ਐੱਨ ਐੱਸ ਐੱਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ ਗੋਦ ਲਏ ਪਿੰਡ ਲੋਹਾਰਾਂ ਵਿੱਚ ਉੱਨਤ ਭਾਰਤ ਅਭਿਆਨ ਤਹਿਤ ਪਰਾਲੀ ਸਾੜਨ ਨਾਲ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਹ ਜਾਗਰੂਕਤਾ ਮੁਹਿੰਮ ਦਿਸ਼ਾ - ਸੰਯੁਕਤ ਰਾਸ਼ਟਰ ਸਸਟੇਨੇਬਲ ਡਿਵੈਲਪਮੈਂਟ ਟੀਚਾ ਨੰ. 13 - ਜਲਵਾਯੂ ਤਬਦੀਲੀ ਅਤੇ ਇਸ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਤੁਰੰਤ ਕਾਰਵਾਈ ਕਰੋ।ਐੱਨ.ਐੱਸ.ਐੱਸ. ਵਾਲੰਟੀਅਰਾਂ ਅਤੇ ਰੈੱਡ ਰਿਬਨ ਕਲੱਬ ਦੇ ਮੈਂਬਰਾਂ ਨੇ ਪਰਾਲੀ ਸਾੜਨ ਨਾਲ ਹੋਣ ਵਾਲੇ ਪ੍ਰਦੂਸ਼ਣ ਅਤੇ ਇਸ ਨਾਲ ਸਬੰਧਿਤ ਕਾਨੂੰਨੀ ਵਿਚਾਰਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡ ਲੁਹਾਰਾਂ ਦੇ ਬਾਹਰਵਾਰ ਖੇਤਾਂ ਅਤੇ ਫਾਰਮ ਹਾਊਸਾਂ ਦਾ ਦੌਰਾ ਕੀਤਾ।ਰੈੱਡ ਰਿਬਨ ਕਲੱਬ ਦੇ ਮੈਂਬਰਾਂ ਬਿਊਟੀ, ਗੋਲਡਾ, ਗੁਰਪ੍ਰੀਤ, ਕੰਦਲਾ, ਕੋਮਲ, ਮਨਮੀਤ, ਨੇਹਾ, ਪਰਮਪ੍ਰੀਤ, ਪਾਰੁਲ, ਪੂਜਾ, ਪੂਨਮ, ਸੰਗੀਤਾ, ਤਮੰਨਾ ਅਤੇ ਤਰੁਣ ਨੇ ਕਿਸਾਨਾਂ ਨੂੰ ਜ਼ਹਿਰਾਂ ਬਾਰੇ ਜਾਗਰੂਕ ਕਰਨ ਲਈ ਆਪਣੇ ਵਧੀਆ ਢੰਗ ਨਾਲ ਤਿਆਰ ਕੀਤੇ ਵਿਆਖਿਆਤਮਿਕ ਪੋਸਟਰ ਅਤੇ ਜਾਣਕਾਰੀ ਭਰਪੂਰ ਸਲੋਗਨ ਲਿਖਤਾਂ ਰੱਖੀਆਂ। ਐਨ ਐਸ ਐਸ ਵਲੰਟੀਅਰ ਯਾਸਮੀਨ ਨੇ ਪਰਾਲੀ ਸਾੜਨ ਦੀ ਬਜਾਏ ਕਿਸਾਨਾਂ ਦੁਆਰਾ ਵਰਤੇ ਜਾਣ ਵਾਲੇ ਵਿਕਲਪਿਕ ਤਰੀਕਿਆਂ ਬਾਰੇ ਦੱਸਿਆ।ਐਨ ਐਸ ਐਸ ਪ੍ਰੋਗਰਾਮ ਅਫ਼ਸਰ ਤਰੁਣਜਯੋਤੀ ਕੌਰ ਨੇ ਕਿਸਾਨਾਂ ਲਈ ਕੁਇਜ਼ ਦਾ ਆਯੋਜਨ ਕੀਤਾ ਅਤੇ ਜੇਤੂਆਂ ਨੂੰ ਪ੍ਰਸੰਸਾ ਦੇ ਚਿੰਨ੍ਹ ਵਜੋਂ ਖੇਤੀਬਾੜੀ ਦੇ ਸੰਦ ਦਿੱਤੇ ਗਏ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਕਾਲਜ ਦੀ ਆਰ.ਆਰ.ਸੀ ਅਤੇ ਐਨ.ਐਸ.ਐਸ ਯੂਨਿਟ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

# ਕਲੋਏ 'ਚ 8ਵਾਂ ਮਹਾਨ ਚੇਤਨਾ ਸੰਤ ਸੰਮੇਲਨ



ਅੱਡਾ ਸਰਾਂ (ਜਸਵੀਰ ਕਾਜਲ)

ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਕਲੋਏ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਵਿਚਾਰਧਾਰਾ ਨੂੰ ਸਮਰਪਤ 8ਵਾਂ ਮਹਾਨ ਚੇਤਨਾ ਸੰਤ ਸੰਮੇਲਨ ਕਰਵਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਸਮਾਗਮ ਵਿੱਚ ਹਾਜ਼ਰੀ ਲਗਵਾਈ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਜੀ ਦੀ ਸ੍ਰਪਰਸਤੀ ਹੇਠ ਤੇ ਪ੍ਰਬੰਧਕ ਮੁੱਖ ਸੇਵਾਦਾਰ ਕਸ਼ਮੀਰ ਸਿੰਘ, ਮੁੱਖ ਸੇਵਾਦਾਰ ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਚ ਦਲਵੀਰ ਸਿੰਘ, ਨੰਬਰਦਾਰ ਦਲਜੀਤ ਸਿੰਘ, ਪੰਚ ਜੱਸਾ ਸਿੰਘ ਦੀ ਦੇਖ ਰੇਖ-ਹੇਠ ਹੇਠ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਜਾਏ ਗਏ ਮਹਾਨ ਸੰਤ ਸਮਾਗਮ ਵਿੱਚ 108 ਸੰਤ ਨਿਰੰਜਨ ਦਾਸ ਜੀ ਮੌਜੂਦਾ ਗੱਦੀਨਸ਼ੀਨ ਡੇਰਾ ਸੱਚਖੰਡ ਵੱਲਾ, ਸੰਤ ਨਰੇਸ਼ ਗਿਰ ਮਹਾਰਾਜ ਨੰਗਲ ਖੂੰਗਾਂ ਵਾਲੇ, ਸੰਤ ਸੁਖਵਿੰਦਰ ਦਾਸ ਢੱਡੇ ਵਾਲੇ, ਸੰਤ ਬਾਬਾ ਰਾਮ ਗਿਰੀ ਰਾਜਪੁਰ ਕੰਡੀ ਵਾਲੇ, ਸੰਤ ਪ੍ਰੀਤਮ ਦਾਸ ਸੰਗਤਪੁਰ ਵਾਲੇ, ਸੰਤ ਲੇਖ ਰਾਜ ਨੂਰਪੁਰ ਵਾਲੇ, ਸੰਤ ਪ੍ਰੇਮ ਦਾਸ ਰਜਪਾਲਵਾਂ ਵਾਲੇ, ਸੰਤ ਸੋਢੀ ਸ਼ਾਹ ਚੋਲੀਪੁਰ ਵਾਲਿਆਂ ਨੇ ਸੰਗਤ ਨੂੰ ਅਸ਼ੀਰਵਾਦ ਦਿੰਦੇ ਹੋਏ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਾਨ ਰੂਹਾਨੀਅਤ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਅਤੇ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਸੇਵਾ ਸਿਮਰਨ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮਾਗਮ ਵਿੱਚ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੰਤ ਬਾਬਾ ਨਿਰੰਜਨ ਦਾਸ ਨੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ। ਸਮਾਗਮ ਦੀ ਸੰਪੂਰਨਤਾਈ 'ਤੇ ਮੁੱਖ ਸੇਵਾਦਾਰ ਕਸ਼ਮੀਰ ਸਿੰਘ, ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਚ ਦਲਵੀਰ ਸਿੰਘ ਨੇ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ ਨੂੰ ਜੀ ਆਇਆਂ ਕਿਹਾ ਅਤੇ ਇਲਾਕੇ ਦੇ ਵੱਖ-ਵੱਖ ਪਿੰਡਾਂ ਚੋਂ ਪਹੁੰਚੀ ਹੋਈ ਵੱਡੀ ਗਿਣਤੀ ਵਿੱਚ ਸੰਗਤ ਦਾ ਧੰਨਵਾਦ ਕੀਤਾ। ਸਮੁੱਚੀ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਮਾਸਟਰ ਸੋਮਨਾਥ ਫਗਵਾੜਾ ਨੇ ਨਿਭਾਈ।

# ਲਾਇਲਪੁਰ ਖ਼ਾਲਸਾ ਕਾਲਜ ਦੀ ਭੰਗੜਾ ਟੀਮ ਨੂੰ ਯੂਥ ਫੈਸਟੀਵਲ 'ਚ ਪਹਿਲਾ ਸਥਾਨ ਹਾਸਲ

ਜਲੰਧਰ (ਸ਼ੈਲੀ ਐਲਬਰਟ)

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੀ ਭੰਗੜਾ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਚੱਲ ਰਹੇ ਅੰਤਰ ਜ਼ੋਨਲ ਯੂਥ ਫੈਸਟੀਵਲ ਦੌਰਾਨ ਪਹਿਲਾ ਸਥਾਨ ਹਾਸਲ ਕੀਤਾ। ਕਾਲਜ ਦੀ ਇਸ ਭੰਗੜਾ ਟੀਮ ਨੇ 24 ਭੰਗੜਾ ਟੀਮਾਂ ਵਿੱਚੋਂ ਇਹ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਭੰਗੜਾ ਟੀਮ 2023 ਵਿੱਚ ਹੋਏ ਜ਼ੋਨਲ ਅਤੇ ਅੰਤਰ ਜ਼ੋਨਲ ਯੁਵਕ ਮੇਲਿਆਂ ਵਿਚ ਵੀ ਜੇਤੂ ਰਹੀ ਸੀ। ਹੁਣ ਇਹ ਟੀਮ ਅੰਤਰ ਯੂਨੀਵਰਸਿਟੀ ਯੁਵਕ ਮੇਲਿਆਂ ਲਈ ਕੁਆਲੀਫਾਈ ਕਰ ਗਈ ਹੈ। ਡਾ. ਪਲਵਿੰਦਰ ਸਿੰਘ ਡੀਨ ਕਲਚਰਲ ਅਫੇਅਰਜ਼ ਨੇ ਦੱਸਿਆ ਕਿ ਭੰਗੜੇ ਤੋਂ ਇਲਾਵਾ ਅੱਜ ਦੇ ਅੰਤਰ ਜ਼ੋਨਲ ਯੂਥ ਫੈਸਟੀਵਲ ਦੇ ਪਹਿਲੇ ਦਿਨ ਹੋਏ ਮੁਕਾਬਲਿਆਂ ਵਿਚ ਹੁਣ ਤੱਕ ਘੋਸ਼ਿਤ ਹੋਏ ਮੁਕਬਾਲਿਆਂ ਵਿਚ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਵਿਦਿਆਰਥੀਆਂ ਨੇ ਗਰੁੱਪ ਸਾਂਗ ਇੰਡੀਅਨ ਵਿਚੋਂ ਦੂਜਾ, ਗਰੁੱਪ ਸ਼ਬਦ ਵਿਚੋਂ ਤੀਜਾ ਅਤੇ ਕੁਇਜ਼ ਵਿਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤਰ੍ਹਾਂ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਵਿਦਿਆਰਥੀਆਂ ਦਾ ਯੂਥ ਫੈਸਟੀਵਲ ਵਿਚ ਪਿਛਲੇ ਸਾਲਾਂ ਵਾਂਗ ਪੂਰਾ ਦਬਦਬਾ ਕਾਇਮ ਹੈ। ਗਵਰਨਿੰਗ ਕੌਂਸਲ ਦੀ ਪ੍ਰਧਾਨ ਬਲਬੀਰ ਕੌਰ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਜੇਤੂ ਵਿਦਿਆਰਥੀਆਂ ਅਤੇ ਵੱਖ-ਵੱਖ ਟੀਮਾਂ ਇੰਚਾਰਜ ਸਾਹਿਬਾਨ ਨੂੰ ਵਧਾਈ ਦਿੰਦਿਆਂ ਅਗਲੇ ਮੁਕਾਬਲਿਆਂ ਲਈ ਸ਼ੁੱਭ ਇਛਾਵਾਂ ਵੀ ਦਿੱਤੀਆਂ।



# 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਘਰ-ਘਰ ਕੀਤੀ ਜਾਂਚ

ਮੋਹਾਲੀ, (ਗੁਰਜੀਤ ਬਿੱਲਾ)- 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸਿਹਤ ਟੀਮਾਂ ਵੱਲੋਂ ਜ਼ਿਲ੍ਹੇ ਦੇ ਸਾਰੇ ਸਿਹਤ ਬਲਾਕਾਂ ਵਿਚਲੇ ਵੱਖ-ਵੱਖ ਖੇਤਰਾਂ ਵਿਚ ਘਰੋਂ-ਘਰੀਂ ਕੰਟੇਨਰ ਜਾਂਚ ਕੀਤੀ ਗਈ ਅਤੇ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ ਅਤੇ ਬਚਾਅ ਬਾਰੇ ਵੀ ਜਾਣਕਾਰੀ ਦਿਤੀ ਗਈ। ਕਾਰਜਕਾਰੀ ਸਿਵਲ ਸਰਜਨ ਡਾ. ਰੇਨੂੰ ਸਿੰਘ ਨੇ ਖ਼ੁਦ ਚੱਲ ਰਹੀ ਮੁਹਿੰਮ ਦਾ ਨਿਰੀਖਣ ਕੀਤਾ। ਸਿਹਤ ਟੀਮਾਂ ਨੇ ਉਨ੍ਹਾਂ ਸਾਰੀਆਂ ਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਜਾਂਚਿਆ ਜਿਥੇ ਡੇਂਗੂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਟੀਮਾਂ ਨੇ ਘਰ-ਘਰ ਜਾ ਕੇ ਮੱਛਰ ਦੇ ਲਾਰਵੇ ਦੀ ਪੈਦਾਇਸ਼ ਵਾਲੀਆਂ ਸੰਭਾਵੀ ਥਾਵਾਂ ਨੂੰ ਜਾਂਚਿਆ। ਡਾ. ਰੇਨੂੰ ਸਿੰਘ ਨੇ ਗੱਲਬਾਤ ਕਰਦਿਆਂ ਦਸਿਆ ਕਿ ਡੇਂਗੂ ਬੁਖ਼ਾਰ ਦੀ ਰੋਕਥਾਮ ਲਈ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਪੰਜਾਬ ਭਰ ਵਿਚ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਹਰ ਸ਼ੁੱਕਰਵਾਰ ਨੂੰ ਸਾਰੇ ਸੀਨੀਅਰ ਸਿਹਤ ਅਧਿਕਾਰੀ ਸਵੇਰੇ ਵੱਖ-ਵੱਖ ਥਾਈਂ ਜਾਂਚ, ਸਪਰੇਅ ਅਤੇ ਜਾਗਰੂਕਤਾ ਮੁਹਿੰਮ ਦਾ ਨਿਰੀਖਣ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨੇ ਡੇਂਗੂ ਫੈਲਾਉਣ ਵਾਲੇ ਮੱਛਰ 'ਤੇ ਜ਼ੋਰਦਾਰ ਹੱਲਾ ਬੋਲਿਆ ਹੋਇਆ ਹੈ ਤੇ ਇਸ ਦੇ ਖ਼ਾਤਮੇ ਲਈ ਲੋਕਾਂ ਦਾ ਸਹਿਯੋਗ ਵੀ ਅਤਿ ਲੋੜੀਂਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਂਅ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।

# ਸਿਲਵਰ ਓਕ ਸਕੂਲ ਸ਼ਹਿਬਾਜ਼ਪੁਰ ਵਿਖੇ ਸਾਇੰਸ ਮੇਲਾ ਆਯੋਜਿਤ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)

ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਖੇਡਾਂ ਦੇ ਨਾਲ ਨਾਲ ਪੜ੍ਹਾਈ ਵਿਚ ਵੀ ਵਿਦਿਆਰਥੀਆਂ ਦਾ ਚੰਗੇ ਢੰਗ ਨਾਲ ਮਾਰਗ ਦਰਸ਼ਨ ਕਰਦਾ ਰਹਿੰਦਾ ਹੈ। ਇਸ ਦੇ ਅਧੀਨ ਸਕੂਲ ਵਿੱਚ ਸਾਇੰਸ ਮੇਲੇ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਚੈਅਰਮੈਨ ਸ. ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਘਰਸ਼ ਦੀ ਅਗਵਾਈ ਵਿੱਚ ਸਾਇੰਸ ਮੇਲੇ ਦਾ ਸਮੁੱਚਾ ਪ੍ਰੋਗਰਾਮ ਉਲੀਕਿਆ ਗਿਆ। ਬੱਚਿਆਂ ਨੇ ਸਕੂਲ ਦੇ ਸਾਇੰਸ ਵਿਭਾਗ ਦੇ ਅਧਿਆਪਕਾਂ ਨਾਲ ਮਿਲਕੇ ਕੁਦਰਤੀ ਸੋਮੇ ਬਚਾਉਣ, ਸੌਰ ਊਰਜਾ ਦੀ ਵਰਤੋਂ, ਪਾਣੀ ਬਚਾਉਣ ਅਤੇ ਸਾਇੰਸ ਤਕਨੀਕ ਵਰਤ ਕੇ ਕੰਮਾਂ ਨੂੰ ਸੁਖਾਲੇ ਢੰਗ ਨਾਲ ਕਰਨ ਸਬੰਧੀ ਵਧੀਆ ਤੋਂ ਵਧੀਆ ਪ੍ਰੋਜੈਕਟ ਅਤੇ ਵਰਕਿੰਗ ਮਾਡਲ ਤਿਆਰ ਕਰਕੇ ਪ੍ਰਦਰਸ਼ਨੀ ਲਗਾਈ। ਮੁੱਖ ਮਹਿਮਾਨਾਂ ਦੇ ਤੌਰ 'ਤੇ ਹਾਜ਼ਰ ਚੇਅਰਮੈਨ ਸ. ਤਰਲੋਚਨ ਸਿੰਘ ਅਤੇ ਵਾਈਸ ਚੇਅਰਪਰਸਨ ਮੈਡਮ ਕਮਲੇਸ਼ ਕੌਰ ਨੇ ਇਨ੍ਹਾਂ ਪ੍ਰਾਜੈਕਟਾਂ ਦਾ ਅਧਿਅਨ ਕੀਤਾ। ਸੰਸਥਾ ਦੇ ਚੇਅਰਮੈਨ ਸ ਤਰਲੋਚਨ ਸਿੰਘ ਨੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਚੌਥੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੇ ਬੱਚਿਆਂ ਲਈ ਅਲੱਗ-ਅਲੱਗ ਵਿਸ਼ਿਆਂ ਦੇ ਉੱਤੇ ਇਹ ਮਾਡਲ ਤਿਆਰ ਕੀਤੇ ਹਨ। ਇਹਨਾਂ ਮਾਡਲਾਂ ਨੂੰ ਬਣਾਉਣ ਦੇ ਪਿੱਛੇ ਬੱਚਿਆਂ ਤੇ ਅਧਿਆਪਕਾਂ ਦੀ ਕਰੜੀ ਮਿਹਨਤ ਛੁਪੀ ਹੋਈ।ਇਸ ਮੌਕੇਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਰਾਜਵਿੰਦਰ ਕੌਰ, ਰਾਜਵੀਰ ਕੌਰ, ਅਮਰਜੀਤ ਕੌਰ ਸੈਣੀ, ਕੰਚਨ, ਸੁਮਿਤ , ਬਲਜੀਤ , ਗਰਿੰਦਰ, ਹਰਜਿੰਦਰ, ਗੁਰਪ੍ਰੀਤ, ਰੋਹਿਤ, ਸੋਨੂ, ਵਿਨੇ, ਨੇਹਾ, ਨੀਤੂ, ਪਰਮਜੀਤ, ਪ੍ਰਿਯਾ, ਰੁਪਿੰਦਰ ਅਤੇ ਹੋਰ ਸਟਾਫ ਮੌਜੂਦ ਸੀ।

# ਫਾਊਂਡਰ ਚੇਅਰਮੈਨ ਸੁਰੇਸ਼ ਮੱਲ੍ਹਣ ਯੂ ਐੱਸ ਏ ਨੇ ਕੀਤੀ ਸਰਬ ਨੌਜਵਾਨ ਸਭਾ ਦੇ ਕਾਰਜਾਂ ਦੀ ਸਮੀਖਿਆ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )- ਸਮਾਜ ਸੇਵਾ ਦੇ ਖੇਤਰ 'ਚ ਪਿਛਲੇ ਕਰੀਬ 35 ਸਾਲਾਂ ਤੋਂ ਸਰਗਰਮ ਜੱਥੇਬੰਦੀ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਦੇ ਫਾਊਂਡਰ ਚੇਅਰਮੈਨ ਅਤੇ ਐਨ.ਆਰ.ਆਈ. ਸੁਰੇਸ਼ ਮੱਲ੍ਹਣ ਯੂ.ਐਸ.ਏ. ਦਾ ਵਤਨ ਫੇਰੀ ਮੌਕੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਹੋਟਲ ਰੀਜੈਂਟਾ ਵਿਖੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਮੁੱਖ ਸਰਪ੍ਰਸਤ ਸਤਪਾਲ ਲਾਂਬਾ ਨੇ ਕੀਤੀ। ਸਭਾ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਅਤੇ ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਪ੍ਰਧਾਨ ਐੱਸ.ਸੀ.ਵਿੰਗ ਆਮ ਆਦਮੀ ਪਾਰਟੀ ਵਲੋਂ ਫਾਊਂਡਰ ਚੇਅਰਮੈਨ ਸੁਰੇਸ਼ ਮੱਲ੍ਹਣ ਨੂੰ ਸਭਾ ਦੀਆਂ ਗਤੀਵਿਧੀਆਂ ਨਾਲ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਅਕਤੂਬਰ ਮਹੀਨੇ ਵਿਚ 9 ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦਾ ਸਮੂਹਿਕ ਵਿਆਹ ਸਮਾਗਮ ਸੰਪਨ ਹੋਇਆ। ਜਿਸ ਵਿਚ ਪੰਜਾਬ ਭਰ ਤੋਂ ਸਿਆਸੀ ਆਗੂਆਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਮਾਜਿਕ ਤੇ ਧਾਰਮਿਕ ਖੇਤਰ ਦੇ ਮੋਹਤਬਰ ਵਿਅਕਤੀਆਂ ਨੇ ਨਵਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਤੋਂ ਇਲਾਵਾ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ, ਵਾਤਾਵਰਣ ਸੁਰੱਖਿਆ ਨੂੰ ਸਮਰਪਿਤ ਪ੍ਰੋਗਰਾਮ ਤੇ ਹੋਰ ਵੀ ਬਹੁਤ ਸਾਰੇ ਸਮਾਜ ਸੇਵੀ ਕਾਰਜ ਲਗਾਤਾਰ ਜਾਰੀ ਹਨ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸੁਰੇਸ਼ ਮੱਲ੍ਹਣ ਨੂੰ ਦੱਸਿਆ ਕਿ ਸਭਾ ਵਲੋਂ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨ ਸੈਂਟਰ ਵਿਚ ਲੜਕੀਆਂ ਨੂੰ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਿਲਾਈ, ਕਟਾਈ, ਬਿਊਟੀਸ਼ੀਅਨ ਅਤੇ ਕੰਪਿਊਟਰ ਕੋਰਸ ਕਰਵਾਏ ਜਾ ਰਹੇ ਹਨ। ਸੈਂਕੜੇ ਲੜਕੀਆਂ ਨੇ ਸਫਲਤਾ ਨਾਲ ਕੋਰਸ ਪੂਰਾ ਕੀਤਾ ਹੈ ਅਤੇ ਕੋਰਸ ਪੂਰਾ ਕਰਨ ਤੋਂ ਬਾਅਦ ਲੜਕੀਆਂ ਨੂੰ ਰੁਜ਼ਗਾਰ ਦੇ ਸਾਧਨ ਵੀ ਸਭਾ ਵਲੋਂ ਮੁਹੱਈਆ ਕਰਵਾਏ ਜਾਂਦੇ ਹਨ। ਆਉਂਦੇ ਦਿਨਾਂ ਵਿਚ ਜਲਦੀ ਹੀ ਹੈਲਥ ਕੇਅਰ ਦਾ ਨਵਾਂ ਕੋਰਸ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਸੁਰੇਸ਼ ਮੱਲ੍ਹਣ ਨੇ ਸਭਾ ਦੀਆਂ ਸਮਾਜ ਸੇਵੀ ਕਾਰਗੁਜ਼ਾਰੀਆਂ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਬ ਨੌਜਵਾਨ ਸਭਾ ਦਾ ਗਠਨ ਕਰੀਬ 35 ਸਾਲ ਪਹਿਲਾਂ ਜਿਸ ਉਮੀਦ ਦੇ ਨਾਲ ਕੀਤਾ ਸੀ, ਇਹ ਉਸ ਉਮੀਦ ਤੋਂ ਵੀ ਵੱਧ ਕਾਮਯਾਬੀ ਨਾਲ ਕੰਮ ਕਰ ਰਹੀ ਹੈ। ਜਿਸ ਦੇ ਲਈ ਸਭਾ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਵਧਾਈ ਦੇ ਪਾਤਰ ਹਨ। ਉਹਨਾਂ ਭਰੋਸਾ ਦਿੱਤਾ ਕਿ ਸਭਾ ਦੀ ਬਿਹਤਰੀ ਅਤੇ ਸਮਾਜ ਸੇਵੀ ਪ੍ਰੋਜੈਕਟਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਉਹ ਹਮੇਸ਼ਾ ਸਹਿਯੋਗ ਦਿੰਦੇ ਰਹਿਣਗੇ। ਸਭਾ ਵਲੋਂ ਚੇਅਰਮੈਨ ਸੁਰੇਸ਼ ਮੱਲ੍ਹਣ ਦੀ ਆਮਦ ਦੀ ਖੁਸ਼ੀ ਵਿਚ ਕੇਕ ਕੱਟਿਆ ਗਿਆ। ਉਹਨਾਂ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਪਰਮਜੀਤ ਸਿੰਘ ਖੁਰਾਣਾ ਸਾਬਕਾ ਕੌਂਸਲਰ, ਰਣਜੀਤ ਮੱਲ੍ਹਣ ਕਨੇਡਾ, ਇੰਦਰਜੀਤ ਕਾਲੜਾ, ਐਚ.ਐਸ.ਰਾਜਾ, ਰਾਜਕੁਮਾਰ ਕਨੌਜੀਆ ਸੀਨੀਅਰ ਉਪ ਪ੍ਰਧਾਨ, ਰਵਿੰਦਰ ਸਿੰਘ ਰਾਏ ਉਪ ਪ੍ਰਧਾਨ, ਡਾ. ਵਿਜੇ ਕੁਮਾਰ ਜਨਰਲ ਸਕੱਤਰ, ਰਾਮ ਸਕੂਜਾ ਮੋਹਨ ਸਵੀਟਸ, ਜੁਨੇਸ਼ ਜੈਨ, ਜੋਗਿੰਦਰ ਕੁਮਾਰ ਜੇ.ਕੇ ਢਾਬਾ, ਪਰਮਜੀਤ ਰਾਏ, ਆਰ.ਪੀ. ਸ਼ਰਮਾ, ਜਗਜੀਤ ਸੇਠ ਮੈਨੇਜਰ, ਨਰਿੰਦਰ ਸੈਣੀ, ਸਾਹਿਬਜੀਤ ਸਾਬੀ, ਅਸ਼ੋਕ ਕੁਮਾਰ ਡੀ. ਪੀ., ਜਸ਼ਨ ਮਹਿਰਾ, ਮਨਦੀਪ ਬਾਸੀ, ਵਿੱਕੀ ਸਿੰਘ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈਲ ਆਪ ਫਗਵਾੜਾ, ਅਸ਼ੋਕ ਸ਼ਰਮਾ ਤੋਂ ਇਲਾਵਾ ਸੀਨੀਅਰ ਮਹਿਲਾ ਆਪ ਆਗੂ ਪ੍ਰਿਤਪਾਲ ਕੌਰ ਤੁਲੀ, ਰਾਕੇਸ਼ ਕੋਛੜ ਆਦਿ ਹਾਜ਼ਰ ਸਨ।



# ਰੋਟਰੀ ਕਲੱਬ 14 ਨੂੰ ਮਨਾਏਗਾ ਚਿਲਡਰਨ ਡੇ : ਸਨੇਹ ਜੈਨ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸਨੇਹ ਜੈਨ ਦੀ ਅਗਵਾਈ ਵਿੱਚ ਰੋਟਰੀ ਭਵਨ ਭਾਗਿਆ ਤਾਰਾ ਥੈਰੇਪੀ ਸੈਂਟਰ ਹੁਸ਼ਿਆਰਪੁਰ ਵਿਖੇ ਇੱਕ ਬੈਠਕ ਕੀਤੀ ਗਈ, ਜਿਸ ਵਿੱਚ ਰੋਟਰੀ ਕਲੱਬ ਦੇ ਪੂਰਵ ਜ਼ਿਲ੍ਹਾ ਗਵਰਨਰ ਜੀ ਐਸ ਬਾਵਾ ਅਤੇ ਅਰੁਣ ਜੈਨ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਇਸ ਮੌਕੇ ਸਭ ਤੋਂ ਪਹਿਲਾ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਕਲੱਬ ਸਕੱਤਰ ਪ੍ਰਿ. ਟਿਮਾਟਨੀ ਆਹਲੂਵਾਲੀਆ ਨੇ ਕਲੱਬ ਵੱਲੋਂ ਕੀਤੇ ਹੋਏ ਪ੍ਰਾਜੈਕਟਾਂ ਦੀ ਜਾਣਕਾਰੀ ਦਿੱਤੀ ਅਤੇ ਕਲੱਬ ਵੱਲੋਂ 14 ਨਵੰਬਰ, 2024 ਨੂੰ ਚਿਲਡਰਨ ਡੇ ਮਨਾਉਣ ਬਾਰੇ ਜਾਣਕਾਰੀ ਦਿੱਤੀ ਜਿਸ ਵਿੱਚ 9 ਤੋਂ 10 ਸਾਲ, 10 ਤੋਂ 12 ਅਤੇ 12 ਤੋਂ 15 ਦੇ ਬੱਚਿਆਂ ਲਈ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਤਿੰਨ ਸ਼੍ਰੇਣੀਆਂ ਹੋਣਗੀਆਂ ਜਿਸ ਵਿੱਚ ਸ਼ਹਿਰ ਦੇ ਅਲੱਗ-ਅਲੱਗ ਸਕੂਲਾਂ ਦੇ ਬੱਚੇ ਭਾਗ ਲੈਣਗੇ।ਇਸ ਤੋਂ ਇਲਾਵਾ ਰੋਟਰੀ ਕਲੱਬ ਵੱਲੋਂ ਮੁਫ਼ਤ ਲੀਵਰ ਚੈੱਕਅਪ ਕੈਂਪ ਲਗਾਇਆ ਜਾਵੇਗਾ।ਇਸ ਤੋਂ ਬਾਅਦ ਕਲੱਬ ਦੇ ਸੀਨੀਅਰ ਮੈਂਬਰ ਅਸ਼ੋਕ ਜੈਨ ਜਿਹਨਾ ਦਾ 75ਵਾਂ ਜਨਮ ਦਿਨ ਸੀ ਕਲੱਬ ਮੈਂਬਰਾਂ ਵੱਲੋਂ ਕੇਕ ਕੱਟ ਕੇ ਉਹਨਾ ਨੂੰ ਵਧਾਈ ਦਿੱਤੀ ਗਈ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਗਈ। ਇਸ ਬੈਠਕ ਵਿੱਚ ਰੋਟਰੀ ਕਲੱਬ ਵੱਲੋਂ ਰੋਟੇਰੀਅਨ ਟਿਮਾਟਨੀ ਆਹਲੂਵਾਲੀਆਂ, ਰਾਜਿੰਦਰ ਮੋਦਗਿਲ, ਯੋਗੇਸ਼ ਚੰਦਰ, ਰਵੀ ਜੈਨ, ਅਸ਼ੋਕ ਜੈਨ, ਸੁਮਨ ਨੈਯਰ, ਲੈਂਪੀ ਆਹਲੂਵਾਲੀਆਂ, ਚੰਦਨ ਸ਼ਰੀਨ, ਪ੍ਰਦੀਪ ਪਰਾਸ਼ਰ ਆਦਿ ਸ਼ਾਮਲ ਹੋਏ।

# ਏ ਐੱਸ ਆਈ ਮੱਖਣ ਸਿੰਘ ਨੂੰ ਗਮਗੀਨ ਮਾਹੌਲ ਅੰਦਰ ਦਿੱਤੀ ਅੰਤਮ ਵਿਦਾਇਗੀ

ਬਲਾਚੌਰ, (ਜਸਵਿੰਦਰ ਬੈਂਸ)-ਸਦਰ ਥਾਣਾ ਰੋਪੜ ਵਿਖੇ ਸੇਵਾਵਾਂ ਨਿਭਾਅ ਰਹੇ ਮੱਖਣ ਸਿੰਘ ਏਐਸੱਆਈ ਪੁੱਤਰ ਸਵ. ਨਾਜਰ ਸਿੰਘ ਪਿੰਡ ਸੁੱਜੋਵਾਲ, ਜੋ ਕਿ ਸੰਖੇਪ ਬਿਮਾਰੀ ਕਾਰਨ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇਹਨ, ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਸੁੱਜੋਵਾਲ (ਬਲਾਚੌਰ) ਦੇ ਸ਼ਮਸ਼ਾਨਘਾਟ ਵਿਖੇ ਬਹੁਤ ਹੀ ਗਮਗੀਨ ਮਾਹੌਲ ਅੰਦਰ ਕੀਤਾ ਗਿਆ। ਚਿਖਾ ਨੂੰ ਅਗਨੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਵੱਲੋਂ ਵਿਖਾਈ ਗਈ।ਪੰਜਾਬ ਪੁਲਸ ਦੀ ਵਿਸ਼ੇਸ਼ ਟੁਕੜੀ ਵੱਲੋਂ ਅਫਸਰ ਸਾਹਿਬਾਨਾਂ ਦੀ ਹਾਜ਼ਰੀ ਦੌਰਾਨ ਏਐਸੱਆਈ ਮੱਖਣ ਸਿੰਘ ਦੀ ਮ੍ਰਿਤਕ ਦੇਹ ਨੂੰ ਸਲਾਮੀ ਵੀ ਦਿੱਤੀ ਗਈ। ਮ੍ਰਿਤਕ ਆਪਣੇ ਪਿੱਛੇ ਕੁੱਝ ਸਮਾਂ ਪਹਿਲਾਂ ਵਿਦੇਸ਼ ਗਏ ਸਪੁੱਤਰ ਅਤੇ ਇੱਕ ਪਿੰਡ ਰਹਿੰਦੇ ਅਪਾਹਜ ਸਪੁੱਤਰ ਸਮੇਤ ਵਿਧਵਾ ਪਤਨੀ ਛੱਡ ਗਿਆ ਹੈ।ਇਸ ਮੌਕੇ ਮਲਕੀਤ ਸਿੰਘ, ਸਰਪੰਚ ਜਸਵਿੰਦਰ ਸਿੰਘ, ਸ਼ਿੰਗਾਰਾ ਸਿੰਘ, ਬੂਝਾ ਸਿੰਘ, ਪਰਮਜੀਤ ਸਿੰਘ, ਰਣਵੀਰ ਸਿੰਘ ਸੈਕਟਰੀ, ਨੰਬਰਦਾਰ ਜੋਗਿੰਦਰ ਸਿੰਘ, ਪਰਵਿੰਦਰ ਕੁਮਾਰ, ਸੁਖਵਿੰਦਰ ਸਿੰਘ, ਜੀਤ ਰਾਮ, ਜੱਸੀ, ਸਾਬਕਾ ਸਰਪੰਚ ਅਮਰ ਨਾਥ, ਗਿਆਨ ਸਿੰਘ, ਪ੍ਰਗਟ ਸਿੰਘ ਨੰਬਰਦਾਰ, ਸਮੂਹ ਰਿਸ਼ਤੇਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ।



# ਦੂਜਾ 'ਹਰਾ ਨਗਰ ਕੀਰਤਨ' ਮੰਡ ਤੋਂ ਚੱਲ ਕੇ ਗੁਰਦੁਆਰਾ ਗੁਰਪ੍ਰਕਾਸ਼ ਸਾਹਿਬ ਪੁੱਜਾ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)

ਸ੍ਰੀ ਗੁਰੂ ਨਾਨਕ ਦੇਵ ਜੀ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਜਾ 'ਹਰਾ ਨਗਰ ਕੀਰਤਨ' ਆਹਲੀ ਕਲਾਂ ਤੋਂ ਚੱਲ ਕੇ ਸੁਲਤਾਨਪੁਰ ਲੋਧੀ ਪਹੁੰਚਿਆ। ਇਸ ਨਗਰ ਕੀਰਤਨ ਦੌਰਾਨ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਪਿੰਡਾਂ ਨੂੰ ਹਰਿਆ ਭਰਿਆ ਬਣਾਉਣ 'ਤੇ ਜ਼ੋਰ ਦਿੱਤਾ। ਸੰਤ ਸੀਚੇਵਾਲ ਨੇ ਇਸ ਨਗਰ ਕੀਰਤਨ ਦੌਰਾਨ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਜੀਵਨਸ਼ੈਲੀ ਦੇ ਹਵਾਲੇ ਦੇ ਕੇ ਸੰਗਤਾਂ ਨੂੰ ਦੱਸਿਆ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਕੁਦਰਤ ਨਾਲ ਪਿਆਰ ਕਰਦੇ ਸਨ ਤੇ ਸਾਦਾ ਜੀਵਨ ਬਤੀਤ ਕਰਦਿਆਂ ਉਹਨਾਂ ਕੁੱਲ ਲੋਕਾਈ ਨੂੰ ਹਵਾ, ਪਾਣੀ ਤੇ ਧਰਤੀ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ। ਪਰ ਅੱਜ ਦਾ ਮਨੁੱਖ ਇਸਦੇ ਉਲਟ ਕੁਦਰਤ ਦਾ ਵਿਨਾਸ਼ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਸ ਵੇਲੇ ਪੰਜਾਬ ਧੂੰਏ ਦੀ ਮਾਰ ਹੇਠ ਆਇਆ ਹੋਇਆ ਹੈ ਤੇ ਸਾਹ ਲੈਣਾ ਵੀ ਔਖਾ ਹੋਇਆ ਹੈ। ਉਹਨਾਂ ਕਿਹਾ ਕਿ ਦਿਨ ਵਿੱਚ ਵੀ ਜੋ ਹਨੇਰ ਚੜ੍ਹਿਆ ਹੈ ਉਹ ਮਨੁੱਖ ਦੀਆਂ ਕੀਤੀਆਂ ਹੋਈਆਂ ਹੀ ਗਲਤੀਆਂ ਹਨ।ਇਸ ਸੰਕਟ ਦੇ ਸਥਾਈ ਹੱਲ ਲਈ ਬੂਟੇ ਲਾਉਣੇ ਬੇਹੱਦ ਜ਼ਰੂਰੀ ਹਨ। ਉਹਨਾਂ ਉਮੀਦ ਜ਼ਾਹਿਰ ਕੀਤੀ ਕਿ ਹਰੇ ਨਗਰ ਕੀਰਤਨ ਪੰਜਾਬ ਦੀ ਤਸਵੀਰ ਤੇ ਤਕਦੀਰ ਬਦਲਣ ਵਿੱਚ ਸਹਾਈ ਹੋਣਗੇ। ਪੰਜਾਬ ਤਦ ਹੀ ਖੁਸ਼ਹਾਲ ਹੋਵੇਗਾ ਜਦੋਂ ਇਹ ਹਰਿਆ ਭਰਿਆ ਬਣੇਗਾ। ਸੰਤ ਸੀਚੇਵਾਲ ਨੇ ਕਿਹਾ ਕਿ ਧੂੰਏ ਨਾਲ ਧੁਆਂਖੇ ਜਾ ਰਹੇ ਪੰਜਾਬ ਨੂੰ ਬੂਟਿਆਂ ਨਾਲ ਹੀ ਸਾਫ਼-ਸੁਥਰਾ ਕੀਤਾ ਜਾ ਸਕਦਾ ਹੈ।ਦੋਵਾਂ ਨਗਰ ਕੀਰਤਨਾਂ ਵਿੱਚ 10 ਹਜ਼ਾਰ ਦੇ ਕਰੀਬ ਬੂਟਿਆਂ ਦਾ ਪ੍ਰਸ਼ਾਦ ਵੰਡਿਆ ਜਾ ਚੁੱਕਾ ਹੈ।ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸ਼ਹੀਦ ਬਾਜ਼ ਸਿੰਘ ਜੀ ਪਿੰਡ ਆਹਲੀ ਖੁਰਦ ਤੋਂ ਚੱਲ ਕੇ ਪਿੰਡ ਆਹਲੀ ਕਲਾਂ, ਬੂਲੇ, ਹਜ਼ਾਰਾ, ਭੀਮਾਂ, ਚੱਕ, ਹਾਜ਼ੀਪੁਰ, ਕਬੀਰਪੁਰ, ਲੋਧੀਵਾਲ, ਭਾਗੋ ਬੁੱਢਾ, ਬੂਸੋਵਾਲ, ਤਰਫਹਾਜ਼ੀ ਅਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਹੁੰਦੇ ਹੋਏ ਪਵਿੱਤਰ ਵੇਈਂ ਦੇ ਕੰਢੇ-ਕੰਢੇ ਗੁਰਦੁਆਰਾ ਗੁਰਪ੍ਰਕਾਸ਼ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਆ ਕੇ ਸੰਪੂਰਨ ਹੋਇਆ। ਇਸ ਨਗਰ ਕੀਰਤਨ ਦੌਰਾਨ ਸੰਤ ਸੀਚੇਵਾਲ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਹੋਇਆ ਸੀ। ਪੂਰੇ ਨਗਰ ਕੀਰਤਨ ਦੌਰਾਨ ਮੰਡ ਦਾ ਇਲਾਕਾ ਬਾਬੇ ਨਾਨਕ ਦੇ ਰੰਗਾਂ ਵਿੱਚ ਰੰਗਾਂ ਹੋਇਆ ਸੀ। ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਤੇ ਕਾਲਜ ਦੇ ਬੱਚਿਆਂ ਵੱਲੋਂ ਨਗਰ ਕੀਰਤਨ ਦੇ ਅੱਗੇ-ਅੱਗੇ ਤਖਤੀਆਂ ਰਾਹੀਂ ਵਾਤਾਵਰਣ ਬਚਾਉਣ ਦਾ ਸੁਨੇਹਾ ਦਿੱਤਾ ਜਾ ਰਿਹਾ ਸੀ।ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਸਾਹਿਬ ਵੱਲੋਂ ਵੀ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਗਿਆ।ਨਗਰ ਕੀਰਤਨ ਦੌਰਾਨ ਸੰਤ ਸੁਖਜੀਤ ਸਿੰਘ, ਸੰਤ ਗੁਰਮੇਜ ਸਿੰਘ ਸੈਦਰਾਨਾ ਸਾਹਿਬ, ਸੁਰਜੀਤ ਸਿੰਘ ਸ਼ੰਟੀ, ਅਮਰੀਕ ਸਿੰਘ, ਗੁਰਦੀਪ ਸਿੰਘ, ਸਪਰੰਚ ਤਜਿੰਦਰ ਸਿੰਘ, ਤੀਰਥ ਸਿੰਘ, ਸਰਪੰਚ ਜੋਗਾ ਸਿੰਘ, ਸਤਨਾਮ ਸਿੰਘ ਅਤੇ ਇਲਾਕੇ ਭਰ ਦੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

